# 1998 ਦੀ ਵਿਦੇਸ਼ ਯਾਤਾਰ ਸਮੇਂ ਦੇ ਗ੍ਯਾਨੀ ਪ੍ਰਵਚਨ



ਵਿਦੇਸ਼ ਪ੍ਰਚਾਰ ਫੇਰੀ ਸਮੇਂ ਦੇ

# ਰੂਹਾਨੀ ਪ੍ਰਵਚਨ


-: ਕਰਤਾ :-

ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਰਤਵਾੜਾ ਸਾਹਿਬ


ਭੇਟਾ - ਪ੍ਰਤੀ ਕਾਪੀ - 120/-


ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।



- ਪ੍ਰਕਾਸ਼ਕ -

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ (ਨੇੜੇ ਚੰਡੀਗੜ੍ਹ)

ਸੰਪਰਕ ਨੰ: 98146-12900, ਦਫਤਰ-94172-14391, 79

# ਪ੍ਰਾਕਥਨ

ਸੰਸਾਰ ਦੇ ਭਲੇ ਵਾਸਤੇ ਮਹਾਂਪੁਰਸ਼ ਜੰਗਮ ਤੀਰਥ ਵਾਗੂੰ ਭਰਮਣ ਕਰਦੇ ਹੋਏ ਜੀਵਾਂ ਨੂੰ ਨਾਮ ਮਾਰਗ ਉਪਰ ਚਲਾਉਂਦੇ ਹਨ। ਪ੍ਰਚੀਨ ਕਾਲ ਤੋਂ ਹੀ ਮੰਡਲੀਆਂ ਜਥਿਆਂ ਦੇ ਰੂਪ ਵਿਚ ਨਿਰਮਲੇ, ਉਦਾਸੀਨ ਟਕਸਾਲੀ ਮਹਾਤਮਾ ਜੀਵਨ ਦਾਨ ਦੇ ਕੇ ਜੀਵਾਂ ਨੂੰ ਪ੍ਰਭੂ ਭਗਤੀ ਕਰਨ ਲਾਉਂਦੇ ਹਨ। ਇਸੇ ਹੀ ਤਰ੍ਹਾਂ ਇਸ ਪੁਸਤਕ ਦੇ ਕਰਤਾ ਮਹਾਨ ਕਰਮਯੋਗੀ ਬਹੁ ਪੱਖੀ ਸ਼ਖਸ਼ੀਅਤ ਦੇ ਮਾਲਕ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਅਤੇ ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ ਦੇ ਬਾਨੀ ਸੰਤ ਮਹਾਰਾਜ ਜੀ ਨੇ ਵੀ ਆਪਣੀ ਵਿਦੇਸ਼ ਫੇਰੀ ਬਾਰੇ ਇਸ ਪੁਸਤਕ ਨੂੰ ਆਪ ਲਿਖਿਆ ਹੈ। ਮਹਾਂਪੁਰਸ਼ਾਂ ਦੀ ਇਹ ਬਚਿੱਤਰ ਸਾਹਿਤਕ ਰਚਨਾਂ ਤੋਂ ਸਾਨੂੰ ਜੀਵਨ ਜਾਚ ਪ੍ਰਾਪਤ ਹੁੰਦੀ ਹੈ। ਇਹ ਬਚਨ ਭਾਵੇਂ ਕਿਸੇ ਵੀ ਜਗ੍ਹਾ ਕਿਸੇ ਪ੍ਰਥਾਇ ਹਨ ਪਰ ਇਹ ਸਾਰਿਆਂ ਵਾਸਤੇ ਹੀ ਪਥ ਪ੍ਰਦਰਸ਼ਕ ਦਾ ਕੰਮ ਕਰਦੇ ਹਨ। ਇਸ ਪੁਸਤਕ ਅੰਦਰ ਮਹਾਂਪੁਰਸ਼ਾਂ ਦੇ ਉਨ੍ਹਾਂ ਪ੍ਰੇਮੀਆਂ ਦੇ ਨਾਮ ਵੀ ਅੰਕਿਤ ਕੀਤੇ ਹਨ ਜਿਨ੍ਹਾਂ ਨੇ ਜਿੰਦਗੀ ਦੇ ਹਰ ਖੇਤਰ ਵਿਚ ਆਪਣਾ ਅਹਿਮਯੋਗਦਾਨ ਪਾਇਆ ਹੈ। 20ਵੀਂ ਸਦੀ ਦੇ ਅਰੰਭ ਵਿਚ ਜੋ ਪੰਜਾਬੀ ਯੂਰਪੀਨ ਦੇਸ਼ਾਂ ਵਿਚ ਗਏ ਸਨ। ਹੁਣ ਉਨ੍ਹਾਂ ਦੀ ਦੂਜੀ ਤੀਜੀ ਪੀੜ੍ਹੀ ਬਹੁਤ ਹੀ ਆਰਥਿਕ ਪੱਖੋਂ ਖੁਸ਼ਹਾਲ ਜੀਵਨ ਬਤੀਤ ਕਰ ਰਹੇ ਹਨ।

ਇਸ ਵਰਤਮਾਨ ਯੁੱਗ ਵਿਚ ਭਾਵੇਂ ਆਰਥਿਕ ਪੱਖੋਂ ਬਹੁਤ ਹੀ ਤਰੱਕੀ ਕਰ ਚੁਕੇ ਹਨ, ਪ੍ਰੰਤੂ ਧਾਰਮਿਕ ਪੱਖ ਤੋਂ ਬਹੁਤ ਪਛੜੇ ਹੋਏ ਹਨ। ਨਵੀਂ ਪੀੜ੍ਹੀ ਦੇ ਬੱਚੇ ਗੁਰਦੁਆਰਿਆਂ ਅੰਦਰ ਜਾਂਦੇ ਤਾਂ ਜਰੂਰ ਹਨ ਪ੍ਰੰਤੂ ਉਥੇ ਬੈਠ ਕੇ ਸੱਤਸੰਗ ਕੀਰਤਨ ਦਾ ਲਾਹਾ ਨਹੀਂ ਪ੍ਰਾਪਤ ਕਰਦੇ ਹਨ। ਮਹਾਂਪੁਰਸ਼ਾਂ ਦੇ ਪੁਛਣ ਤੇ ਇਹ ਬੱਚੇ ਦਸਦੇ ਹੁੰਦੇ ਸਨ ਕਿ ਸਾਨੂੰ ਪੰਜਾਬੀ ਸਮਝਣੀ ਮੁਸ਼ਕਲ ਲਗਦੀ ਹੈ। ਇਸੇ ਲੋੜ ਨੂੰ ਅਨੁਭਵ ਕਰਕੇ ਸੰਤ ਮਹਾਰਾਜ ਜੀ ਨੇ ਆਤਮ ਮਾਰਗ ਮਾਸਿਕ ਪਤ੍ਰਿਕਾ ਅਤੇ ਅਨੇਕਾਂ ਹੀ ਪੁਸਤਕਾਂ ਇਸ ਰੂਹਾਨੀ ਮਿਸ਼ਨ ਵੱਲੋਂ ਅੰਗਰੇਜ਼ੀ ਵਿਚ ਵੀ ਪ੍ਰਕਾਸ਼ਿਤ ਕੀਤੀਆਂ ਜਾ ਰਹੀਆਂ ਹਨ।

ਮਹਾਂਪੁਰਸ਼ਾਂ ਦੀ ਵਿਦੇਸ਼ ਪ੍ਰਚਾਰਫੇਰੀ ਤੋਂ ਸਾਨੂੰ ਜਿੰਦਗੀ ਦੇ ਹਰ ਪੱਖ ਨੂੰ ਸਮਝਣ ਵਿਚ ਸਹਾਇਤਾ ਪ੍ਰਾਪਤ ਹੋਵੇਗੀ। ਸਹਾਤਿਕ ਖੇਤਰ ਅੰਦਰ ਮਹਾਂਪੁਰਸ਼ਾਂ ਦੇ ਜੀਵਨ ਸਾਥੀ ਪਰਮ ਸਤਿਕਾਰਯਗ ਬੀਜੀ ਵੱਲੋਂ ਆਪਣੇ ਪਿਆਰੇ ਮਹਾਂਪੁਰਸ਼ਾਂ ਦੀ ਪੰਜਵੀਂ ਬਰਸੀ ਸਮਾਗਮ ਰਤਵਾੜਾ ਸਾਹਿਬ 31 ਅਕਤੂਬਰ ਨੂੰ ਰਿਲੀਜ਼ ਕਰਕੇ ਮਹਾਨ ਦੇਣ ਦਿਤੀ ਜਾ ਰਹੀ ਹੈ।

ਦਾਸਨ ਦਾਸ

ਹਰਪਾਲ ਸਿੰਘ ਰਤਵਾੜਾ ਸਾਹਿਬ

# ਵਿਦੇਸ਼ ਪ੍ਰਚਾਰ ਫੇਰੀ

1 ਮਾਰਚ ਨੂੰ ਐਤਵਾਰ ਦਾ ਦੀਵਾਨ ਹਮੇਸ਼ਾ ਦੀ ਤਰ੍ਹਾਂ ਘਰ ਦੇ ਅੱਗੇ ਖੁਲ੍ਹੇ ਮੈਦਾਨ ਵਿਚ ਲੱਗਿਆ। ਅੱਜ ਸੰਗਤ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਆਈ ਹੋਈ ਸੀ ਕਿਉਂਕਿ ਦੂਸਰੇ ਦਿਨ ਜਥੇ ਸਮੇਤ ਅਮਰੀਕਾ ਜਾਣਾ ਸੀ ਤੁਹਾਡੇ ਬੀਜੀ ਬਹੁਤ ਬੀਮਾਰ ਸਨ ਪਰ ਉਨ੍ਹਾਂ ਬੀਮਾਰੀ ਦੀ ਹਾਲਤ ਵਿਚ ਵੀ ਸੰਗਤਾਂ ਦੀ ਹਾਲਤ ਦੇਖ ਕੇ ਇੰਗਲੈਂਡ ਤਕ ਜਾਣਾ ਮੰਨ ਲਿਆ। ਉਹ ਬਹੁਤ ਹੀ ਬਿਮਾਰ ਸਨ। ਦੀਵਾਨ ਦੀ ਸਮਾਪਤੀ ਪਿਛੋਂ ਐਉਂ ਲਗਿਆ ਜਿਵੇਂ ਸੰਗਤ ਦਰਿਆ ਦੇ ਹੜ੍ਹ ਵਾਂਗੂੰ ਮੇਰੇ ਨਾਲ ਮਿਲਣ ਵਾਸਤੇ ਇਛੁਕ ਸੀ। ਗੁਰੂ ਮਹਾਰਾਜ ਜੀ ਦੀ ਸਵਾਰੀ ਦੀਵਾਨ ਅਸਥਾਨ ਤੋਂ ਜਾਣ ਪਿਛੋਂ, ਉਥੇ ਹੀ ਕੁਰਸੀ ਡਾਹੀ ਗਈ ਤਾਂ ਕਿ ਸਾਰੀ ਸੰਗਤ ਨੂੰ ਸੁਖਾਲੇ ਮਿਲ ਲਿਆ ਜਾਵੇ। ਮੈਂ ਤਖਤਪੋਸ਼ ਉਪਰ ਖੜ੍ਹਾ ਹੋ ਗਿਆ ਅਤੇ ਦਸ-ਦਸ ਪ੍ਰੇਮੀਆਂ ਦੀਆਂ ਕਤਾਰਾਂ ਅੱਗੇ ਵਧਣ ਲੱਗੀਆਂ ਬਾਵਜੂਦ ਬਹੁਤ ਸਾਰੇ ਸੇਵਾਦਾਰ ਹੋਣ ਦੇ ਵੀ ਇਕੱਠ ਐਨਾ ਸੀ ਕਿ ਕੰਟਰੋਲ ਕਰਨਾ ਔਖਾ ਸੀ ਫੇਰ ਵੀ 20-25 ਸਿੰਘ ਇਸ ਪ੍ਰਬੰਧ ਵਿਚ ਲਗ ਗਏ ਅਤੇ ਪੂਰੇ ਡੇਢ ਘੰਟੇ ਤਕ ਮੈਂ ਸੰਗਤਾਂ ਨੂੰ ਮਿਲਦਾ ਰਿਹਾ। ਉਹ ਮੈਨੂੰ ਵਿਦਾ ਕਰਨ ਲਈ ਆਏ ਹੋਏ ਸਨ ਕਿਉਂਕਿ ਦੂਸਰੇ ਦਿਨ ਮੈਂ ਵਰਜ ਦਿਤੇ ਸਨ ਕਿ ਅਸੀਂ ਆਪਣੀ ਪੈਕਿੰਗ ਕਰਨੀ ਹੈ। ਉਹ ਅੱਜ ਹੀ ਮਿਲਣਾ ਚਾਹੁੰਦੇ ਸਨ। ਹਿਰਦੇ ਵਿਚ ਬਿਰਹੋਂ ਦੀ ਪੀੜ ਛੁਪਾਈ ਮੈਨੂੰ ਮਿਲ ਰਹੇ ਸਨ ਅਤੇ ਬਹੁਤ ਸਾਰੇ ਪ੍ਰੇਮੀਆਂ, ਬੀਬੀਆਂ, ਬੱਚਿਆਂ ਦੇ ਅੱਖਾਂ ਵਿਚ ਅਥਰੂ ਵਗ ਰਹੇ ਸਨ।

ਅਮਰੀਕਾ, ਕਨੇਡਾ ਅਤੇ ਇੰਗਲੈਂਡ ਦੀਆਂ ਸੰਗਤਾਂ ਤਿੰਨ ਸਾਲ ਤੋਂ ਮੈਨੂੰ ਉਡੀਕ ਰਹੀਆਂ ਸਨ। ਤੁਹਾਡੇ ਬੀਜੀ ਦੀ ਸਿਹਤ ਠੀਕ ਨਾ ਹੋਣ ਕਰਕੇ ਮੈਂ ਜਾ ਨਹੀਂ ਸਕਿਆ ਸੀ। ਹੁਣ ਉਨ੍ਹਾਂ ਨੇ ਬਹੁਤ ਹੀ ਪਿਆਰ ਨਾਲ ਤਾਕੀਦ ਕੀਤੀ ਕਿ ਮੈਂ ਜ਼ਰੂਰ ਆਵਾਂ। ਇਧਰ ਇਸ ਪਿਆਰ ਦੇ ਵਗਦੇ ਦਰਿਆ ਵਿਚੋਂ ਪਿਆਰ ਦੀਆਂ ਠਾਠਾਂ ਮਾਰਦੀਆਂ ਲਹਿਰਾਂ ਪ੍ਰਤੱਖ ਦਿਸ ਰਹੀਆਂ ਸਨ ਜਿਨ੍ਹਾਂ ਤੋਂ ਵਿਛੜਨਾ ਬਹੁਤ ਔਖਾ ਸੀ। ਮੇਰਾ ਦਿਲ ਪ੍ਰਮੇਸ਼ਰ ਨੇ ਪੱਥਰ ਦਾ ਤਾਂ ਨਹੀਂ ਲਾਇਆ, ਕੁਝ ਅਜਿਹੇ ਕਿਸਮ ਦਾ ਹੈ ਕਿ ਮੈਨੂੰ ਦੂਸਰੇ ਦੀ ਪੀੜਾ ਅਨੁਭਵ ਹੋਣ ਕਰਕੇ ਮੇਰੇ ਮਨ ਵਿਚ ਵੀ ਬਹੁਤ ਉਦਾਸੀ ਆ ਜਾਇਆ ਕਰਦੀ ਹੈ

ਪਰ ਹੁਕਮ ਦੀ ਖੇਡ ਕਰਕੇ ਜਾਣਾ ਜ਼ਰੂਰ ਬਣਦਾ ਸੀ।

ਦੂਸਰੇ ਦਿਨ 2 ਮਾਰਚ 98 ਦੀ ਤਰੀਕ ਆਈ, ਜਥੇ ਨੂੰ ਦਿਨੇ ਪਹਿਲਾਂ ਹੀ ਭੇਜ ਦਿਤਾ ਸੀ ਜਿਨ੍ਹਾਂ ਵਿਚ ਭਾਈ ਗੁਰਪਾਲ ਸਿੰਘ, ਭਾਈ ਕੁਲਬੀਰ ਸਿੰਘ, ਭਾਈ ਪਰਮਿੰਦਰ ਸਿੰਘ ਤੇ ਬਾਬਾ ਹਰਪਾਲ ਸਿੰਘ ਜੀ ਸਨ। ਇਹ ਡੇਰੇ ਦੀ ਬੱਸ ਲੈ ਕੇ ਸਿੱਧੇ ਹਵਾਈ ਅੱਡੇ ਉਪਰ ਪਹੁੰਚੇ ਜਿਥੇ ਪੁੱਜ ਕੇ ਇਨ੍ਹਾਂ ਨੇ ਸਾਰਾ ਸਮਾਨ ਬੁਕ ਕਰਾਉਣਾ ਸੀ। ਸ਼ਾਮ ਨੂੰ ਮੈਂ ਹਿਮਾਲੀਅਨ ਕੁਈਨ ਰਾਹੀਂ ਦਿੱਲੀ ਰਵਾਨਾ ਹੋਇਆ ਬਹੁਤ ਸੰਗਤਾਂ ਤਾਂ ਕੋਠੀ ਫੇਰ ਪਹੁੰਚ ਗਈਆਂ ਸਨ, ਸਭਨਾਂ ਦੀਆਂ ਅੱਖਾਂ ਵਿਚ ਹੰਝੂ ਸਨ, ਪਿਆਰ ਦਾ ਸਾਗਰ ਠਾਠਾਂ ਮਾਰ ਰਿਹਾ ਸੀ। ਜਦੋਂ ਮੈਂ ਚੰਡੀਗੜ੍ਹ ਸਟੇਸ਼ਨ ਤੇ ਪਹੁੰਚਿਆ ਉਥੇ ਬਹੁਤ ਸੰਗਤਾਂ ਪਹਿਲਾਂ ਹੀ ਪਹੁੰਚੀਆਂ ਹੋਈਆਂ ਸੀ ਭੀੜ ਬਹੁਤੀ ਹੋਣ ਕਰਕੇ ਧੱਕਾ ਬਹੁਤ ਪੈ ਰਿਹਾ ਸੀ ਉਥੇ ਮੈਂ ਪਲੇਟਫਾਰਮ ਤੇ ਹੀ ਬੈਠ ਗਿਆ। ਉਥੋਂ ਮੈਂ ਤੇ ਤੁਹਾਡੇ ਬੀਜੀ ਫਸਟ ਕਲਾਸ ਵਿਚ ਬੈਠੇ, ਸ੍ਰੀ ਰਛਪਾਲ ਮਲਹੋਤਰਾ, ਡਾ. ਤੇਜਿੰਦਰ ਮਲਹੋਤਰਾ ਉਸੇ ਕੈਬਿਨ ਵਿਚ ਸਨ। ਇਸ ਸਾਰੇ ਸਫਰ ਦਾ ਇੰਤਜ਼ਾਮ ਮਲਹੋਤਰਾ ਜੀ ਨੇ ਕੀਤਾ ਸੀ।

ਜਦੋਂ ਮੈਂ ਦਿੱਲੀ ਉਤਰਿਆ ਉਥੇ ਬੇਅੰਤ ਸੰਗਤਾਂ ਰੇਲਵੇ ਸਟੇਸ਼ਨ ਦੇ ਬਾਹਰ ਮਿਲਣ ਲਈ ਉਤਾਵਲੀਆਂ ਸਨ। ਉਥੇ ਥੋੜ੍ਹੀ ਦੇਰ ਸਾਰੀਆਂ ਸੰਗਤਾਂ ਨੂੰ ਮਿਲਿਆ ਉਹ ਇਕੋ ਗੱਲ ਆਖ ਰਹੇ ਸਨ ਕਿ ਸਾਨੂੰ ਵਾਪਸ ਮੁੜਨ ਦੀ ਤਰੀਕ ਦੱਸ ਕੇ ਜਾਣਾ। ਮੈਨੂੰ ਇਸ ਗੱਲ ਦਾ ਕੋਈ ਗਿਆਨ ਨਹੀਂ ਸੀ। ਸਾਰਿਆਂ ਨੂੰ ਮਿਲ ਕੇ ਜਦੋਂ ਮੈਂ ਏਅਰਪੋਰਟ ਤੇ ਪਹੁੰਚਿਆ ਤਾਂ ਮੇਰੀ ਹੈਰਾਨੀ ਦੀ ਹੱਦ ਨਾ ਰਹੀ ਕਿ ਇਥੇ ਤਾਂ ਰੇਲਵੇ ਸਟੇਸ਼ਨ ਤੋਂ ਵੀ ਜ਼ਿਆਦਾ ਸੰਗਤ ਇਕੱਠੀ ਹੋਈ ਹੋਈ ਸੀ ਇਥੋਂ ਮੈਂ ਸੰਗਤਾਂ ਨੂੰ ਦੂਰੋਂ ਹੀ ਮਿਲ ਕੇ British Airways ਦੇ ਜਹਾਜ਼ ਵਿਚ ਬੈਠ ਗਿਆ। ਭਾਈ ਗੁਰਦੀਪ ਸਿੰਘ ਵੀ ਹਿਮਾਲੀਅਨ ਕੁਈਨ ਵਿਚ ਸਾਡੇ ਨਾਲ ਗਿਆ ਸੀ। ਉਥੋਂ ਖੂਬੀਆਂ ਨੰਗਲ ਵਾਲੇ ਭਾਈ ਗੁਰਦੀਪ ਸਿੰਘ ਭੀ ਯੂ.ਪੀ. ਦੀਆਂ ਸੰਗਤਾਂ ਨਾਲ ਦਿੱਲੀ ਪਹੁੰਚੇ ਹੋਏ ਸਨ। ਚੰਡੀਗੜ੍ਹ ਤੋਂ ਵੀ ਬਹੁਤ ਪ੍ਰੇਮੀ ਉਥੇ ਪਹੁੰਚੇ ਸਨ। ਸਾਡੀਆਂ ਸੀਟਾਂ ਬਹੁਤ ਸੋਹਣੀਆਂ ਸਨ ਅਤੇ British airways ਵਿਚ ਫਸਟ ਕਲਾਸ ਦੀਆਂ ਸੀਟਾਂ ਖੁਲ੍ਹ ਕੇ ਸੋਫੇ ਵਾਂਗੂੰ ਬਣ ਜਾਂਦੀਆਂ ਹਨ। ਲੰਡਨ ਪਹੁੰਚਣ ਤਕ ਕੋਈ ਤਕਲੀਫ ਨਾ ਹੋਈ, ਜਥਾ ਅਸੀਂ ਸਾਰਾ ਅਮਰੀਕਾ ਨੂੰ ਤੋਰ ਦਿਤਾ। ਮੈਂ ਅਤੇ ਮਲਹੋਤਰਾ

ਸਾਹਿਬ ਲੰਡਨ ਉਤਰ ਗਏ, ਜਦੋਂ ਤੁਹਾਡੇ ਬੀਜੀ ਸਮੇਤ ਮੈਂ ਜਹਾਜ਼ ਵਿਚੋਂ ਉਤਰਨ ਲੱਗਿਆ ਤਾਂ ਉਸ ਥਾਂ ਸਰਦਾਰ ਪ੍ਰੀਤਮ ਸਿੰਘ ਨਾਗਪਾਲ ਅਤੇ ਵਾਲੀਆ ਜੀ ਸਾਨੂੰ ਲੈਣ ਲਈ ਖੜ੍ਹੇ ਸਨ ਅਤੇ ਦੋਨੋਂ ਪ੍ਰੇਮੀ ਬ੍ਰਿਟਿਸ਼ ਹਾਈ ਕਮੀਸ਼ਨਰ ਦੇ ਦਫਤਰ ਵਲੋਂ ਆਏ ਸਨ। ਇਨ੍ਹਾਂ ਦੇ ਗਲਾਂ ਵਿਚ ਫੋਟੋਆਂ ਲਟਕ ਰਹੀਆਂ ਸਨ ਜਿਸ ਵਿਚ ਅਬੈਂਸੀ ਦੇ ਬੰਦੇ (protocole) ਲਿਖਿਆ ਹੋਇਆ ਸੀ ਉਨ੍ਹਾਂ ਨੇ ਬੀਜੀ ਦੀ ਬਿਮਾਰ ਹਾਲਤ ਦੇਖ ਕੇ ਬਹੁਤ ਸ਼ੀਘਰਤਾ ਨਾਲ wheel chair ਲਿਆਂਦੀ। ਬੀਜੀ ਬੈਠਣਾ ਨਹੀਂ ਸੀ ਚਾਹੁੰਦੇ ਪਰ ਸਾਡੇ ਕਹਿਣ ਤੇ ਬੈਠ ਗਏ ਅਤੇ custom ਵਿਚ ਸਾਡੇ ਤੋਂ ਪਹਿਲਾਂ ਹੀ ਪਹੁੰਚ ਗਏ ਉਥੇ ਮੇਰੇ ਨਾਲ ਰਛਪਾਲ ਮਲਹੋਤਰਾ ਜੀ ਸਨ, ਇਨ੍ਹਾਂ ਪ੍ਰੇਮੀਆਂ ਨੇ ਦਸਿਆ ਕਿ ਏਅਰਪੋਰਟ ਦੇ ਬਾਹਰ ਬਹੁਤ ਸੰਗਤ ਆਈ ਹੋਈ ਹੈ ਜੋ ਤੁਹਾਡਾ ਇੰਤਜ਼ਾਰ ਕਰ ਰਹੀ ਹੈ। ਜਦੋਂ ਅਸੀਂ custom ਤੋਂ ਬਾਹਰ ਆਏ ਤਾਂ ਕੀ ਦੇਖਦੇ ਹਾਂ ਕਿ ਬਹੁਤ ਸੰਗਤ ਖੜ੍ਹੀ ਇੰਤਜ਼ਾਰ ਕਰ ਰਹੀ ਹੈ। ਵੱਡੇ ਫੁਲਾਂ ਦੇ ਹਾਰ ਤੇ ਬੁਕੇ ਹੱਥਾਂ ਵਿਚ ਲਏ ਹੋਏ ਸਨ। ਬੀਬੀਆਂ, ਬੱਚੇ, ਭਾਈ ਸਭ ਇਕ ਤੋਂ ਇਕ ਅੱਗੇ ਆਉਣ ਲਈ ਕਾਹਲੇ ਸਨ। ਮੌਸਮ ਪੂਰੀ ਤਰ੍ਹਾਂ ਬਦਲ ਚੁਕਿਆ ਸੀ। ਇਥੇ ਭਾਰਤ ਵਿਚ ਮਾਰਚ ਵਿਚ ਠੰਢ ਘੱਟ ਹੁੰਦੀ ਹੈ ਪਰ ਉਥੇ ਠੰਢ ਪੈ ਰਹੀ ਸੀ, ਕਣੀਆਂ ਪੈ ਰਹੀਆਂ ਸੀ। ਪਤਾ ਲਗਦਾ ਹੈ ਕਿ ਠੰਢ ਕੀ ਹੁੰਦੀ ਹੈ।

ਸੰਗਤਾਂ ਤੋਂ ਵਿਦਾ ਹੋ ਕੇ ਅਸੀਂ ਵਾਲਸਲ ਜਾਣ ਲਈ ਸੁਖਜਿੰਦਰ ਸਿੰਘ ਖੇੜਾ ਜੀ ਦੀ ਕਾਰ ਵਿਚ ਬੈਠ ਗਏ। ਮਲਹੋਤਰਾ ਜੀ ਦੂਸਰੀ ਕਾਰ ਵਿਚ ਬੈਠ ਗਏ। ਸੜਕ ਦੇਖ ਕੇ ਮਨ ਪ੍ਰਸੰਨ ਹੋ ਗਿਆ ਕਿ ਕਿੰਨਾ ਸਵੈ ਸੰਜਮ ਹੈ ਇਨ੍ਹਾਂ ਲੋਕਾਂ ਵਿਚ। ਪੂਰੇ ਅਸੂਲਾਂ ਦੇ ਨਾਲ ਟਰੈਫਿਕ ਚਲਦਾ ਸੀ ਕੋਈ ਹਾਰਨ ਨਹੀਂ ਸੀ ਵਜਾਉਂਦਾ। ਦੂਸਰੇ ਦੀ ਭਾਵਨਾ ਨੂੰ ਦੇਖ ਕੇ ਕਾਰ ਦਾ ਚਾਲਕ ਭਾਂਪ ਜਾਂਦਾ ਸੀ ਕਿ ਇਹ ਅੱਗੇ ਲੰਘਣਾ ਚਾਹੁੰਦਾ ਹੈ ਅਤੇ ਰਸਤਾ ਦੇਣ ਲਈ lane (ਕਤਾਰ) ਬਦਲ ਲੈਂਦਾ ਸੀ। ਹਾਈ ਵੇ ਤੇ 8 lane ਦੀ ਲਾਈਨ ਸੀ ਸਭ ਆਪਣੀ-ਆਪਣੀ lane ਤੇ ਜਾ ਰਹੇ ਸਨ। ਉਥੇ ਅਸੀਂ ਆਪਣੇ ਦੇਸ਼ ਨਾਲ ਇੰਗਲੈਂਡ ਦੇ ਸੰਜਮ ਭਰੇ ਜੀਵਨ ਨੂੰ ਨਾਪਦੇ ਤੋਲਦੇ ਰਹੇ। ਬਹੁਤ ਵਾਰੀ ਆਇਆ ਕਿ ਅਸੀਂ ਸੰਜਮ ਨੂੰ ਕਿਉਂ ਨਹੀਂ ਅਪਣਾਉਂਦੇ। ਸੜਕਾਂ ਉਪਰ ਸਾਡੇ ਤਾਂ ਟਰੈਫਿਕ ਇਕ ਤਰ੍ਹਾਂ ਨਾਲ ਮੌਤ ਨੂੰ ਹੀ ਅਵਾਜ਼ਾਂ ਮਾਰਦਾ ਹੈ ਕੋਈ ਅਸੂਲ ਨਹੀਂ ਵਰਤਿਆ

ਜਾਂਦਾ। ਪਰ ਇਨ੍ਹਾਂ ਦੇਸਾਂ ਦੇ ਅਸੂਲ ਦੇਖ ਕੇ ਅਫਸੋਸ ਜ਼ਰੂਰ ਹੁੰਦਾ ਹੈ ਕਿ ਸਾਡੀ ਸਭਿਆਚਾਰ, ਕਲਚਰ, ਰੂਹਾਨੀਅਤ ਸਾਰੇ ਸੰਸਾਰ ਤੋਂ ਉਚੀ ਹੈ ਪਰ ਸਾਡਾ ਅਮਲ ਸਭ ਤੋਂ ਮਾੜਾ ਹੈ। ਉਨ੍ਹਾਂ ਦੇਸ਼ਾਂ ਵਿਚ ਕਿਤੇ ਵੀ ਮਿਲਾਵਟ ਨਾਮ ਦੀ ਕੋਈ ਚੀਜ਼ ਨਹੀਂ ਹੈ। ਸਾਡੇ ਦੇਸ਼ ਵਿਚ ਤਾਂ ਦੁੱਧ ਵੀ Chemical ਨਾਲ ਬਣਾਇਆ ਮਿਲਦਾ ਹੈ ਜੋ ਇਕ ਤਰ੍ਹਾਂ ਦੀ ਜ਼ਹਿਰ ਹੈ। ਸਾਡੇ ਸ਼ਾਸ਼ਕ ਭਲੀਭਾਂਤ ਇਨ੍ਹਾਂ ਗੱਲਾਂ ਨੂੰ ਜਾਣਦੇ ਹਨ ਪਰ ਕਾਨੂੰਨ ਹੁੰਦਿਆਂ ਹੋਇਆਂ ਵੀ ਮਿਲਾਵਟਾਂ ਵਾਲਿਆਂ ਦੇ ਖਿਲਾਫ ਕੋਈ ਵੀ action ਨਹੀਂ ਲੈਂਦੇ। ਮੈਂ ਖੇਤਾਂ ਵਲ ਵੀ ਦੇਖ ਰਿਹਾ ਸੀ ਜਿਨ੍ਹਾਂ ਵਿਚ ਅਜੇ ਫਸਲ ਛੋਟੀ-ਛੋਟੀ ਹੀ ਸੀ ਸੈਂਕੜੇ ਏਕੜਾਂ ਦੇ ਸਰ੍ਹੋਂ ਦੇ ਤੇ ਕਣਕ ਦੇ ਖੇਤ ਨਜ਼ਰੀਂ ਪੈ ਰਹੇ ਸਨ। ਕਾਫੀ ਦੂਰ ਜਾ ਕੇ ਸੁਖਜਿੰਦਰ ਸਿੰਘ ਜੀ ਨੇ ਕਿਹਾ rest area ਆਉਣ ਵਾਲਾ ਹੈ। ਜੇ ਕੁਝ ਛਕਣਾ ਛਕਾਉਣਾ ਜਾਂ ਬਾਥਰੂਮ ਜਾਣਾ ਹੈ ਤਾਂ ਤੁਹਾਡੀ ਮਰਜ਼ੀ ਹੋਈ ਤਾਂ ਚਲਾਂਗੇ ਪਰ ਅਸਾਨੂੰ ਵਾਲਸਲ ਪਹੁੰਚਣ ਦੀ ਕਾਹਲੀ ਸੀ ਕਿ ਕਦ ਪਹੁੰਚ ਕੇ ਥਕੇਵੇਂ ਦੂਰ ਕਰੀਏ। ਕਾਰਾਂ ਸੌ ਮੀਲ ਦੀ ਰਫਤਾਰ ਤੇ ਚਲ ਰਹੀਆਂ ਸਨ। ਸਾਡੇ 160 ਕਿਲੋਮੀਟਰ ਹੋ ਜਾਂਦੇ ਹਨ, ਵਿਚ ਬੈਠਿਆਂ ਨੂੰ ਪਤਾ ਹੀ ਨਹੀਂ ਸੀ ਲਗਦਾ ਕਿ ਕਾਰ ਐਨੀ ਤੇਜ਼ ਚਲ ਰਹੀ ਹੈ, ਕਦੇ-ਕਦੇ ਜਦੋਂ ਮੀਟਰ ਉਪਰ ਨਿਗ੍ਹਾ ਜਾਂਦੀ ਸੀ ਤਾਂ ਪਤਾ ਲਗਦਾ ਸੀ। ਕਾਰਾਂ ਭਾਰੀਆਂ ਹੋਣ ਕਰਕੇ ਹਲੋਰਾ ਲਗਦਾ ਹੀ ਨਹੀਂ ਸੀ, ਇਨ੍ਹਾਂ ਵਿਚ ਸਫਰ ਐਉਂ ਲਗਦਾ ਸੀ ਜਿਵੇਂ ਘਰ ਵਿਚ ਸੋਫੇ ਤੇ ਬੈਠੇ ਹੋਈਏ। ਅਖੀਰ ਵਾਲਸਲ ਸ. ਜਰਨੈਲ ਸਿੰਘ ਜੀ ਖੇੜਾ ਦੇ ਘਰ ਪਹੁੰਚ ਗਏ ਉਥੇ ਪਿਆਰ ਵਾਲੀ ਸੰਗਤ ਇੰਤਜ਼ਾਰ ਕਰ ਰਹੀ ਸੀ। ਥੋੜ੍ਹੇ ਸਮੇਂ ਪਿਛੋਂ ਦੁਪਹਿਰ ਦਾ ਪ੍ਰਸ਼ਾਦਾ ਛਕ ਕੇ ਬੀਜੀ ਨੂੰ ਉਨ੍ਹਾਂ ਦੀ ਲੜਕੀ ਬਲਦੇਵ ਗਿੱਲ ਦੇ ਘਰ ਛੱਡ ਆਏ। ਦੂਸਰੇ ਦਿਨ ਸਾਡੇ ਆਰਾਮ ਦਾ ਦਿਨ ਸੀ ਪਰ ਮੇਰੇ ਮਨ ਵਿਚ ਖਿਆਲ ਆਇਆ ਕਿ ਜਿਸ ਫੈਕਟਰੀ ਦੀ ਬੁਨਿਆਦ ਪਿਛਲੇ ਸਾਲ 1997 ਵਿਚ ਰੱਖੀ ਸੀ ਉਹ ਦੇਖੀਏ ਕਿ ਕਿੰਨੀ ਕੁ ਬਣ ਚੁਕੀ ਹੈ। 9 ਏਕੜ ਦੇ ਵਿਚ ਉਹ ਫੈਕਟਰੀ ਬਣ ਰਹੀ ਸੀ ਅਤੇ ਉਨ੍ਹਾਂ ਨੇ ਤਿੰਨ-ਤਿੰਨ ਮੰਜ਼ਲਾਂ ਤਕ ਬਣਾ ਲਿਆ ਸੀ। ਮੈਂ ਹੈਰਾਨ ਸੀ ਕਿ ਐਨੀ ਛੇਤੀ ਐਡਾ ਵੱਡਾ ਕੰਮ ਕਿਵੇਂ ਕਰ ਲੈਂਦੇ ਹਨ। ਉਥੇ ਜਦੋਂ ਅਸੀਂ ਪਹੁੰਚੇ ਤਾਂ ਕਈ ਕੰਪਨੀਆਂ ਦੀਆਂ ਕਾਰਾਂ ਜੋ ਗਿਣਤੀ ਵਿਚ 40-50 ਸਨ, ਖੜ੍ਹੀਆਂ ਸਨ ਜਿਨ੍ਹਾਂ ਦੇ ਵਿਚ expert ਬੰਦੇ ਆਪਣੇ-ਆਪਣੇ ਕੰਮ ਕਰ ਰਹੇ ਸਨ। ਨੌਂ ਏਕੜ ਵਿਚ ਛੇ-ਛੇ ਫੁੱਟ ਭਰਤ ਪਈ ਉਹ settle

ਕੀਤੀ ਅਤੇ ਫੇਰ ਬਹੁਤ ਲੰਮੀ ਚੌੜੀ ਬਿਲਡਿੰਗ ਉਸਾਰਨੀ ਸ਼ੁਰੂ ਕੀਤੀ। ਮੈਨੂੰ ਸੁਖਜਿੰਦਰ ਸਿੰਘ ਜੀ ਨੇ ਦਸਿਆ ਕਿ ਇਹ ਅਗਸਤ ਤਕ ਉਨ੍ਹਾਂ ਨੇ ਸਾਰੀ ਬਿਲਡਿੰਗ ਪੂਰੀ ਕਰਕੇ ਸਾਡੇ ਹਵਾਲੇ ਕਰ ਦੇਣੀ ਹੈ ਅਸੀਂ ਉਸ ਸਮੇਂ ਪਹਿਲੀ ਫੈਕਟਰੀ ਵਿਚੋਂ ਅਤੇ ਹੋਰ ਨਵੀਆਂ ਮਸ਼ੀਨਾਂ ਲਗਾ ਕੇ ਇਹ ਸ਼ੁਰੂ ਕਰਨੀ ਹੈ।

ਰਾਤ ਭਰ ਸੰਗਤਾਂ ਨੂੰ ਮਿਲਦਾ ਰਿਹਾ। ਪੰਜ ਮਾਰਚ ਨੂੰ ਸਵੇਰੇ ਹੀ ਅਸੀਂ ਵਾਲਸਲ ਤੋਂ 8 ਵਜੇ ਚੱਲੇ ਅਤੇ ਹੀਥਰੋ ਹਵਾਈ ਅੱਡੇ ਤੇ ਪਹੁੰਚਿਆ ਤਾਂ ਵਿਦਾ ਕਰਨ ਲਈ ਲੰਡਨ ਤੋਂ ਸੰਗਤਾਂ ਆਈਆਂ ਹੋਈਆਂ ਸਨ। ਉਥੇ ਹੀ ਭਾਰਤੀ ਹਾਈ ਕਮੀਸ਼ਨਰ ਦੇ ਕਰਮਚਾਰੀ ਵੀ ਆਏ ਹੋਏ ਸਨ। ਇਥੋਂ ਅਸੀਂ British Airways ਦੇ ਜਹਾਜ਼ ਵਿਚ 13.30 ਤੇ ਸਾਨਫਰਾਂਸਿਸਕੋ ਅਮਰੀਕਾ ਲਈ ਰਵਾਨਾ ਹੋਏ। ਅਸਾਡਾ ਜਹਾਜ਼ ਸੂਰਜ ਵਲ ਨੂੰ ਉਡਾਰੀ ਮਾਰ ਰਿਹਾ ਸੀ। ਧਰਤੀ ਦੇ north pole ਉਪਰ ਦੀ ਹੋ ਕੇ ਬਹੁਤ ਸ਼ੀਘਰਤਾ ਨਾਲ ਅਮਰੀਕਾ ਵਲ ਨੂੰ ਉਡ ਰਿਹਾ ਸੀ। ਥੋੜ੍ਹਾ ਹੀ ਟਾਈਮ ਲੱਗਿਆ ਅਸੀਂ ਸਾਨਫਰਾਂਸਿਸਕੋ ਦੇ ਹਵਾਈ ਅੱਡੇ ਤੇ ਪਹੁੰਚ ਗਏ, ਉਥੇ ਅਜੇ ਸ਼ਾਮ ਦੇ 4 ਵਜੇ ਸਨ। ਜਦੋਂ ਅਸੀਂ ਏਅਰਪੋਰਟ ਤੋਂ ਬਾਹਰ ਆਏ ਤਾਂ ਸੰਗਤਾਂ ਦਾ ਇਕ ਬਹੁਤ ਵੱਡਾ ਇਕੱਠ ਹੱਥਾਂ ਵਿਚ ਫੁਲ ਮਾਲਾਂ ਅਤੇ ਬੁਕੇ ਲਈਂ ਇੰਤਜ਼ਾਰ ਕਰ ਰਿਹਾ ਸੀ। ਐਨੀ ਸੰਗਤ ਸੀ ਕਿ ਮੈਨੂੰ ਕਹਿਣਾ ਪਿਆ ਕਿ ਮੈਂ ਫੁਲਾਂ ਦਾ ਭਾਰ ਨਹੀਂ ਚੁਕ ਸਕਦਾ ਤੁਸੀਂ ਮੇਰੇ ਹੱਥ ਵਿਚ ਫੜਾਈ ਜਾਓ।

ਸੋ ਸਾਨਫਰਾਂਸਿਸਕੋ ਸ. ਮਹਿੰਦਰ ਸਿੰਘ ਗਿੱਲ Turlock ਵਾਲਿਆਂ ਦੀ ਕਾਰ ਵਿਚ ਬੈਠੇ। ਅਸਾਡੇ ਪਿਛੇ ਸਾਨੂੰ ਲੈਣ ਆਈਆਂ ਕਾਰਾਂ ਦਾ ਕਾਫਲਾ ਹੀ ਸੀ। ਅਸੀਂ ਉਥੋਂ Sanjose ਜਾ ਰਹੇ ਸੀ ਕਿਉਂਕਿ ਪ੍ਰਸ਼ਾਦਾ ਸ. ਸਤਿਨਾਮ ਸਿੰਘ ਅਟਵਾਲ ਦੇ ਘਰ ਛਕਣਾ ਸੀ। ਸ. ਸਤਨਾਮ ਸਿੰਘ ਦਾ ਘਰ ਕਾਫੀ ਖੁਲ੍ਹਾ ਸੀ। ਮੀਂਹ ਪੈ ਰਿਹਾ ਸੀ ਉਸਦੇ ਵਿਚ ਹੀ ਇਥੇ ਪਹੁੰਚੇ, ਪੂਰਾ ਘਰ ਸੰਗਤਾਂ ਨਾਲ ਭਰਿਆ ਪਿਆ ਸੀ, ਸਾਰਿਆਂ ਨੂੰ ਪਿਆਰ ਨਾਲ ਮਿਲਿਆ ਅਤੇ ਪ੍ਰਸ਼ਾਦਾ ਛਕਣ ਪਿਛੋਂ ਅਸੀਂ Turlock ਨੂੰ ਚਲ ਪਏ ਜੋ ਭਾਈ ਮਹਿੰਦਰ ਸਿੰਘ ਗਿੱਲ ਦਾ ਇਹੋ ਸ਼ਹਿਰ ਹੈ। ਉਥੇ ਭਾਈ ਮਹਿੰਦਰ ਸਿੰਘ ਦਾ ਘਰ ਬਹੁਤ ਖੁਲ੍ਹਾ ਸੀ ਵਿਹੜੇ ਵਿਚ ਇਕ ਬਹੁਤ ਹੀ ਸੁੰਦਰ ਛੋਟਾ ਜਿਹਾ ਤਲਾਬ ਸੀ ਜਿਸਦਾ ਪਾਣੀ ਅਸਮਾਨ ਦੇ ਰੰਗ ਨਾਲ ਹੀ

ਮਿਲਿਆ ਨੀਲਾ-ਨੀਲਾ ਸੀ, ਘਰ ਦੇ ਦੁਆਲੇ ਉਪਚਾਰਕ ਚਾਰ ਏਕੜ ਜ਼ਮੀਨ ਸੀ। ਘਰ ਬਹੁਤ ਖੁਲ੍ਹਾ ਹੋਣ ਕਰਕੇ ਸੰਗਤਾਂ ਜੋ ਵੀ ਮੈਨੂੰ ਮਿਲਣ ਆਉਂਦੀਆਂ ਉਥੇ ਹੀ ਰਹਿੰਦੀਆਂ ਸਨ। ਸਾਡਾ ਜਥਾ ਦੋ ਕੁ ਮੀਲ ਦੂਰ ਬਦਾਮਾਂ ਦੇ ਬਾਗ ਵਿਚ ਬਣੀਆਂ ਕੋਠੀਆਂ ਵਿਚ ਰਹਿ ਰਿਹਾ ਸੀ ਜਿਥੇ ਉਹ ਬਹੁਤ ਖੁਸ਼ ਸਨ ਕਿਉਂਕਿ ਚਾਰੇ ਪਾਸੇ ਬਦਾਮਾਂ ਦੇ ਬਾਗ ਸਨ। ਭਾਈ ਗੁਰਦੀਪ ਸਿੰਘ ਮੇਰੇ ਨਾਲ ਉਸੇ ਘਰ ਵਿਚ ਰਹਿੰਦਾ ਸੀ ਅਤੇ ਸਿੰਘ ਡਮੇਲੀ ਵਾਲੇ ਸੰਤਾਂ ਦੇ ਬਾਗ ਵਿਚ ਰਹਿੰਦੇ ਸਨ। ਅਸਾਡੇ ਨਾਲ ਉਥੇ ਮੇਜਰ ਸਿੱਧੂ 35 ਸੈਕਟਰ ਵਾਲੇ ਵੀ ਰਲ ਗਏ ਅਤੇ ਇਕ ਹੋਰ ਸਿੰਘ ਜਿਸ ਦਾ ਨਾਮ ਸਵਰਨ ਸਿੰਘ ਹੈ ਉਹ ਵੀ ਰਲ ਗਿਆ। ਉਨ੍ਹਾਂ ਸਾਰਿਆਂ ਦੇ ਆਸਣ ਬਦਾਮਾਂ ਦੇ ਬਾਗ ਵਿਚ ਲਗਾ ਦਿਤੇ ਗਏ। ਰਛਪਾਲ ਮਲਹੋਤਰਾ ਜੀ ਭੀ ਬਾਗ ਵਿਚ ਚਲੇ ਗਏ। ਰਾਤ ਦਾ ਦੀਵਾਨ Turlock ਦੇ ਗੁਰਦੁਆਰਾ ਸਾਹਿਬ ਵਿਚ ਲੱਗਿਆ, ਸੰਗਤਾਂ ਹੁੰਮ ਹੁੰਮਾ ਕੇ ਆਈਆਂ। ਪ੍ਰਸੰਗ ਸੀ **'ਜਿਸਦੇ ਹੋਵੇ ਵਲ ਸੁ ਕਦੇ ਨ ਹਾਰਦਾ'** Pin drop silence ਵਿਚ ਸੰਗਤ ਸੁਣ ਰਹੀ ਸੀ। ਹਾਲ ਭਰ ਕੇ ਬਾਹਰ ਹੋਰ ਇੰਤਜ਼ਾਮ ਕਰਨਾ ਪਿਆ ਜਿਥੇ ਸੰਗਤ ਨੇ ਟਿਕ ਕੇ ਦੀਵਾਨ ਸੁਣਿਆ। ਉਨ੍ਹਾਂ ਦਸਿਆ ਕਿ ਇਸ ਥਾਂ ਰਿਵਾਜ ਇਹ ਹੈ ਕਿ ਚਾਰ-ਪੰਜ ਡਾਲਰ ਮਹਾਰਾਜ ਜੀ ਨੂੰ ਨਮਸਕਾਰ ਕਰਕੇ ਅਤੇ ਉਸੇ ਸਮੇਂ ਪੰਜ ਡਾਲਰ ਕਥਾ ਕੀਰਤਨ ਕਰਨ ਵਾਲੇ ਜਾਂ ਸਾਧੂ ਸੰਤ ਨੂੰ ਸ਼ਬਦ ਭੇਟ ਕਰਨਗੇ। ਮੈਨੂੰ ਪਹਿਲਾਂ ਹੀ ਪਤਾ ਸੀ ਮੈਂ ਪਹਿਲਾਂ ਹੀ ਕਹਿ ਦਿਤਾ ਕਿ ਕੋਈ ਪ੍ਰੇਮੀ ਸ਼ਬਦ ਭੇਟ ਨਾ ਲਿਆਵੇ। ਦੂਸਰਾ ਮੈਂ ਗੁਰਦੁਆਰਾ ਸਾਹਿਬ ਵਿਚੋਂ ਸ਼ਬਦ ਭੇਟ, ਅਤੇ ਗੁਰਦੁਆਰਾ ਸਾਹਿਬ ਵਲੋਂ ਸਰੋਪਾ ਵੀ ਨਹੀਂ ਲੈਣਾ। ਕਾਰਨ ਇਹ ਦਸਿਆ ਕਿ ਇਸ ਅਸਥਾਨ ਵਿਚ ਗੁਰੂ ਗ੍ਰੰਥ ਸਾਹਿਬ ਜੀ ਸਸ਼ੋਭਤ ਹਨ ਅਸਾਡੇ ਇਹੋ ਪਾਤਸ਼ਾਹ ਜੀ ਹਨ। ਇਥੇ ਭੀ ਲੰਗਰ ਚਲਦੇ ਹਨ, ਅਸਾਡੇ ਵੀ ਲੰਗਰ ਚਲਦੇ ਹਨ, ਇਥੇ ਵੀ ਬੱਚੇ ਪੜ੍ਹਦੇ ਹਨ, ਦਵਾਈਆਂ ਮਰੀਜ਼ ਲੈਂਦੇ ਹਨ ਉਥੇ ਭੀ ਇਸੇ ਤਰ੍ਹਾਂ ਹੈ। ਇਥੋਂ ਲੈ ਕੇ ਉਥੇ ਖਰਚਾਂ ਇਹ ਠੀਕ ਗੱਲ ਨਹੀਂ। ਸੰਗਤਾਂ ਨੇ ਮੇਰੀ ਬੇਨਤੀ ਮਨ ਲਈ ਜਿਥੇ-ਜਿਥੇ ਮੈਂ ਗਿਆ ਉਥੇ ਸਭ ਨੂੰ ਪਤਾ ਲਗ ਚੁਕਿਆ ਸੀ ਕਿ ਬਾਬਾ ਜੀ ਸ਼ਬਦ ਭੇਟ ਤੇ ਸਿਰੋਪਾ ਵੀ ਨਹੀਂ ਲੈਂਦੇ। ਉਥੇ ਸੰਚਾਰ ਪ੍ਰਬੰਧ ਐਸੇ ਹਨ ਕਿ ਸਾਰੇ ਅਮਰੀਕਾ ਵਿਚ ਇਕ ਦਮ ਗੱਲ ਫੈਲ ਜਾਂਦੀ ਹੈ। ਦੂਜੇ ਦਿਨ ਭਾਈ ਗੁਰਦੇਵ ਸਿੰਘ, ਆਪਣੀ ਪਤਨੀ ਨਰਿੰਦਰ, ਲੜਕੇ ਗੁਰਿੰਦਰ ਨਾਲ ਆਏ ਹੋਏ ਸਨ। ਉਹ ਉਥੋਂ

70-80 ਮੀਲ ਦੀ ਦੂਰੀ ਤੇ ਰਹਿੰਦੇ ਸਨ। ਸ. ਮਹਿੰਦਰ ਸਿੰਘ ਗਿੱਲ ਦੇ Ware house ਵਿਚ ਚਰਨ ਪਾਏ। Sanjose ਤੋਂ ਬਹੁਤ ਸੰਗਤ ਇਥੇ ਆਈ ਹੋਈ ਸੀ।

8 ਮਾਰਚ ਨੂੰ ਅਚਾਨਕ ਕੁਝ ਅਜਿਹਾ ਹੋਇਆ ਕਿ ਜਦੋਂ ਮੈਂ ਦੁਪਹਿਰ ਪਿਛੋਂ ਆਰਾਮ ਕਰਕੇ ਉਠਿਆ ਤਾਂ ਮੇਰਾ ਗਲਾ ਬਿਲਕੁਲ ਬੰਦ ਹੋ ਗਿਆ। ਇਕ ਅੱਖਰ ਵੀ ਨਹੀਂ ਸੀ ਬੋਲਿਆ ਜਾ ਰਿਹਾ ਹੈ। ਮੈਂ ਹੈਰਾਨ ਹੋ ਗਿਆ ਕਿ ਐਨੀ ਸਾਵਧਾਨੀ ਰੱਖਣ ਨਾਲ ਵੀ ਗਲਾ ਕਿਉਂ ਖਰਾਬ ਹੋ ਗਿਆ। ਜਦੋਂ ਮੈਂ ਗੁਰਦੁਆਰਾ ਟਰਲੌਕ ਕੀਰਤਨ ਕਰਨ ਗਿਆ ਤਾਂ ਪਹਿਲੀ ਧਾਰਨਾ ਵੀ ਨਾ ਪੜ੍ਹੀ ਗਈ ਤਾਂ ਉਸ ਦਿਨ ਭਾਈ ਗੁਰਪਾਲ ਸਿੰਘ ਤੇ ਭਾਈ ਹਰਪਾਲ ਸਿੰਘ ਨੇ ਰਲ ਕੇ ਕੀਰਤਨ ਕੀਤਾ। ਭਾਈ ਗੁਰਪਾਲ ਸਿੰਘ ਜੀ ਨੇ ਉਸੇ ਦਿਨ ਸ਼ਾਮ ਦਾ ਦੀਵਾਨ ਡਮੇਲੀ ਵਾਲੇ ਸੰਤਾਂ ਦੇ ਡੇਰੇ ਵਿਚ ਲਾਇਆ। ਡਾ. ਜਸਬੀਰ ਸੋਨੀ ਜੀ ਜੋ ਦਿਲ ਦੀਆਂ ਬੀਮਾਰੀਆਂ ਦੇ specialist ਹਨ। ਉਨ੍ਹਾਂ ਨਾਲ ਮਿਲਾਪ ਹੋਇਆ। ਬਚਨ ਸੁਣ ਕੇ ਉਹ ਐਨੇ ਪ੍ਰੇਮੀ ਹੋ ਗਏ ਕਿ ਹਰ ਰੋਜ਼ ਮਿਲਣ ਲਈ ਆਉਂਦੇ ਰਹੇ। ਉਨ੍ਹਾਂ ਨੇ ਕਈ ਦਵਾਈਆਂ ਲਿਆ ਕੇ ਦਿਤੀਆਂ ਅਤੇ ਛੇਤੀ ਹੀ ਉਨ੍ਹਾਂ ਦਵਾਈਆਂ ਨੇ ਮੇਰੇ ਸਰੀਰ ਤੇ ਖੁਰਕ ਪੈਦਾ ਕਰ ਦਿਤੀ ਜੋ ਮੈਂ ਬੰਦ ਕਰ ਦਿਤੀਆਂ। ਹੋਰ ਵੀ ਬਹੁਤ ਸਾਰੇ ਪ੍ਰੇਮੀਆਂ ਨੇ ਗਲੇ ਦੀਆਂ ਦਵਾਈਆਂ ਲਿਆਂਦੀਆਂ।

ਅੱਜ ਮਿਲਣ ਲਈ ਮਡੈਸਟੋ ਤੋਂ ਸਾਡੇ ਤਾਇਆ ਜੀ ਦਾ ਸਾਰਾ ਹੀ ਪਰਿਵਾਰ ਆਇਆ ਹੋਇਆ ਸੀ ਜਿਨ੍ਹਾਂ ਨੇ ਆਪਣੇ ਘਰਾਂ ਵਿਚ ਚਰਨ ਪਾਉਣ ਲਈ ਬੇਨਤੀ ਕੀਤੀ। ਅੱਜ ਦਿਨ ਵਿਚ ਬਹੁਤ ਸੰਗਤ ਮਿਲਣ ਆਈ। ਬੀਬੀ ਬਲਬੀਰ ਕੌਰ ਆਪਣੇ ਪਤੀ ਸਮੇਤ ਸਾਨਫਰਾਂਸਿਸਕੋ ਤੋਂ 150 ਮੀਲ ਦਾ ਪੈਂਡਾ ਕੱਟ ਕੇ ਮਿਲਣ ਆਈ। ਇਹ ਬੀਬੀ ਪਹਿਲਾਂ ਪੀ. ਜੀ.ਆਈ ਵਿਚ ਲੱਗੀ ਹੋਈ ਸੀ ਹੁਣ ਉਥੇ ਵੱਡੇ ਹਸਪਤਾਲ ਵਿਚ ਹੈ।

9 ਮਾਰਚ ਨੂੰ ਮਡੈਸਟੋ ਦੇ ਨੇੜੇ ਬਦਾਮਾਂ ਦੇ ਬਾਗ ਵਿਚ ਜਤਿੰਦਰ ਦੇ ਘਰ ਚਰਨ ਪਾਏ। ਜੋ ਸਾਡੇ ਪਰਿਵਾਰ ਵਿਚੋਂ ਹੀ ਸਨ। ਉਥੋਂ ਸਟਾਕਟਨ ਗਿਆ। ਜਦੋਂ ਅਸੀਂ ਸੜਕ ਤੋਂ ਲੰਘ ਰਹੇ ਸੀ ਤਾਂ ਮੈਨੂੰ ਦਸਿਆ ਕਿ ਸੜਕ ਦੇ ਸੱਜੇ ਪਾਸੇ ਜੋ ਬਿਲਡਿੰਗ ਨਜ਼ਰ ਆ ਰਹੀ ਹੈ ਇਹ ਸੰਤ ਭੁਪਿੰਦਰ ਸਿੰਘ ਜੀ ਜਰਗ ਵਾਲਿਆਂ ਦਾ ਆਸ਼ਰਮ

ਹੈ 30-35 ਏਕੜ ਦੀ ਜ਼ਮੀਨ ਹੈ। ਸੰਤ ਮਹਾਰਾਜ ਜੀ ਦੇ ਨਾਮ ਤੇ ਉਸ ਅਸਥਾਨ ਦਾ ਨਾਮ ਰੱਖਿਆ ਹੈ। ਸਟਾਕਟਨ ਉਹ ਜਗ੍ਹਾ ਹੈ ਜਿਥੇ ਭਾਰਤ ਦੀ ਅਜ਼ਾਦੀ ਸਮੇਂ ਵਿਚਾਰਾਂ ਹੋਇਆ ਕਰਦੀਆਂ ਸਨ ਅਤੇ ਇਥੇ ਸੁਖ ਰਹਿੰਦੇ ਬਾਬੇ ਭਾਰਤ ਨੂੰ ਅਜ਼ਾਦ ਕਰਾਉਣ ਲਈ ਭਾਰਤ ਪਹੁੰਚੇ ਜਿਨ੍ਹਾਂ ਵਿਚੋਂ ਕੁਝ ਘਰ ਪਹੁੰਚੇ ਅਤੇ ਬਹੁਤ ਸਾਰੇ ਸ਼ਹੀਦ ਕਰ ਦਿਤੇ ਗਏ। ਉਸ ਗੁਰਦੁਆਰੇ ਵਿਚ ਉਨ੍ਹਾਂ ਦੀ ਯਾਦ ਵਿਚ ਇਕ ਕਮਰਾ ਹੈ ਜਿਥੇ ਅਜ਼ਾਦੀ ਦੇ ਲਈ ਜ਼ਿੰਦਾ ਵਾਰਨ ਵਾਲਿਆਂ ਦੀਆਂ ਬਹੁਤ ਤਸਵੀਰਾਂ ਲੱਗੀਆਂ ਹੋਈਆਂ ਸਨ। ਇਸ ਗੁਰਦੁਆਰੇ ਦੀ ਕਮੇਟੀ ਬਹੁਤ ਹੀ ਸੁਲਝੀ ਹੋਈ ਸੀ ਉਨ੍ਹਾਂ ਦੇ ਮਨਾਂ ਵਿਚ ਦੇਸ਼ ਭਗਤਾਂ ਦੀ ਬਹੁਤ ਕਦਰ ਸੀ ਉਥੇ ਮੈਂ ਕੁਝ ਦੇਰ ਦੇਸ਼ ਭਗਤਾਂ ਬਾਰੇ ਗੱਲਬਾਤ ਕਰਦਾ ਰਿਹਾ ਉਨ੍ਹਾਂ ਨੇ ਬਹੁਤ ਧਿਆਨ ਨਾਲ ਸੁਣੀ। ਫੇਰ ਗੁਰਦੁਆਰਾ ਸਾਹਿਬ ਵਿਚ ਕੀਰਤਨ ਕੀਤਾ।

ਇਨ੍ਹਾਂ ਥਾਵਾਂ ਤੋਂ ਹੀ ਕਾਮਾਗਾਟਾ ਮਾਰੂ ਜਹਾਜ਼ ਵਿਚ ਬਹੁਤ ਸਾਰੇ ਪ੍ਰੇਮੀ ਸਵਾਰ ਹੋ ਕੇ ਭਾਰਤ ਪਹੁੰਚੇ ਸਨ ਉਥੇ ਜਦੋਂ ਉਤਰੇ ਤਾਂ ਬਜਬਜ ਘਾਟ ਵਿਚ ਪਹੁੰਚਣ ਸਮੇਂ ਬ੍ਰਿਟਿਸ਼ ਸਰਕਾਰ ਦੇ ਸਿਪਾਹੀਆਂ ਨੇ ਗੋਲੀ ਚਲਾ ਦਿਤੀ ਜਿਸ ਨਾਲ ਬਹੁਤ ਸਾਰੇ ਪ੍ਰੇਮੀ ਇਥੇ ਹੀ ਜਾਨਾਂ ਤੋੜ ਗਏ। ਅੱਜ ਕਈ ਘਰਾਂ ਵਿਚ ਚਰਨ ਪਾਏ। ਕੀਰਤਨ ਭਾਈ ਗੁਰਪਾਲ ਸਿੰਘ ਨੇ ਕੀਤਾ। ਵਖਿਆਨ ਮੈਂ ਕਰਦਾ ਰਿਹਾ। ਸੰਤ ਮਹਾਰਾਜ ਜੀ ਦੇ ਨਾਮ ਤੇ ਬਣੇ ਆਸ਼ਰਮ ਵਿਚ ਇਕੋ ਇਕ ਫੋਟੋ ਦਰਵਾਜ਼ੇ ਦੇ ਸਾਮ੍ਹਣੇ ਹੀ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੀ ਲੱਗੀ ਹੋਈ ਸੀ। ਮਹਾਰਾਜ ਜੀ ਦੀਆਂ ਛੋਟੀਆਂ ਫੋਟੋਆਂ ਹੋਰ ਪਾਸੇ ਲੱਗੀਆਂ ਹੋਈਆਂ ਸਨ।

10 ਮਾਰਚ ਨੂੰ ਮਹਿੰਦਰ ਸਿੰਘ ਗਿੱਲ ਦੇ ਦੋ-ਦੋ, ਚਾਰ-ਚਾਰ ਏਕੜ ਦੇ ਪਲਾਟ ਦੇਖੇ। ਫੇਰ ਮਡੈਸਟੋ ਜਾ ਕੇ ਬਹੁਤ ਸਾਰੇ ਘਰਾਂ 'ਚ ਚਰਨ ਪਾਏ। ਉਥੇ ਮੇਰੇ ਯੂ.ਪੀ. ਵਲੋਂ ਮਿੱਤਰ ਸ਼ਮਸ਼ੇਰ ਸਿੰਘ ਮਾਂਗਟ ਦਾ ਫੋਨ ਆਇਆ ਜਿਸ ਨੇ ਬਹੁਤ ਪ੍ਰਸੰਸਾ ਕੀਤੀ। ਚਰਨ ਪਾਉਣ ਸਮੇਂ ਅਸੀਂ ਬਦਾਮਾਂ ਤੇ ਅਖਰੋਟਾਂ ਦੇ ਬਾਗਾਂ ਵਿਚੋਂ ਲੰਘ ਰਹੇ ਸੀ ਜੋ ਮੀਲਾਂ ਤਕ ਖਤਮ ਹੋਣ ਵਿਚ ਨਹੀਂ ਸੀ ਆ ਰਹੇ। ਸੜਕ ਦੇ ਦੋਨੋਂ ਪਾਸੇ ਬਦਾਮਾਂ, ਅਖਰੋਟਾਂ, ਅਗੂੰਰਾਂ ਤੇ ਖੁਰਮਾਨੀਆਂ ਦੇ ਮੀਲਾਂ ਲੰਮੇ ਬਾਗ ਸਨ। ਅੰਗੂਰਾਂ ਦੀਆਂ ਵੇਲਾਂ ਸ਼ਾਖਾਂ ਛੱਡ ਰਹੀਆਂ ਸਨ ਅਤੇ ਬਦਾਮ ਤੇ ਅਖਰੋਟਾਂ ਦੇ ਬੂਟੇ ਲਾਲ ਚਿੱਟੇ ਫੁਲਾਂ ਨਾਲ ਭਰੇ ਖੜ੍ਹੇ ਸਨ।

ਖੁਰਮਾਨੀਆਂ ਤੇ ਆੜੂਆਂ ਦੇ ਬਾਗ ਦੂਰ ਤਕ ਫੈਲੇ ਹੋਏ ਸਨ। ਇਨ੍ਹਾਂ ਵਿਚੋਂ ਲੰਘਦਿਆਂ ਸਾਨੂੰ ਸ਼ਹਿਰਾਂ ਦੀਆਂ ਦਿਲ ਲਭਾਉਣੀਆਂ ਝਾਕੀਆਂ ਪੂਰੀ ਤਰ੍ਹਾਂ ਭੁੱਲ ਚੁਕੀਆਂ ਸਨ ਅਤੇ ਅਸਾਨੂੰ ਇਨ੍ਹਾਂ ਭੋਲੇ ਭਾਲੇ ਬੂਟਿਆਂ ਵਿਚੋਂ ਆਪਣੀ ਦਿਲੀ ਸਾਂਝ ਪ੍ਰਤੀਤ ਦਿੰਦੀ ਸੀ। ਰਾਤ ਨੂੰ ਦੀਵਾਨ ਭਾਈ ਗੁਰਪਾਲ ਸਿੰਘ ਨੇ ਲਾਇਆ ਤੇ ਮੈਂ ਥੋੜ੍ਹਾ ਵਖਿਆਨ ਕੀਤਾ। ਅੱਜ ਮੈਂ ਸਵੇਰੇ ਹੀ 11 ਮਾਰਚ ਨੂੰ ਚਰਨ ਪਾਉਣ ਗਿਆ। ਭਾਈ ਨਿਰੰਜਨ ਸਿੰਘ ਜੋ ਕਿ ਸਾਡੇ ਤਾਏ ਦੀ ਧੀ ਸੀ ਰਿਸ਼ਤੇਦਾਰ ਸੀ ਉਸਦਾ 80 ਏਕੜ ਦਾ ਫਾਰਮ ਸੀ ਉਸੇ ਘਰ ਵਿਚ ਗੁਰੂ ਮਹਾਰਾਜ ਜੀ ਦੀ ਸਵਾਰੀ ਰੱਖੀ ਹੋਈ ਸੀ। ਉਥੇ ਚਰਨ ਪਾ ਕੇ ਮਡੈਸਟੋ ਪਹੁੰਚੇ ਤੇ ਗਿਆਨੀ ਨਿਰਮਲ ਸਿੰਘ ਦੇ ਘਰ ਪੁੱਜੇ। ਕਲੇਰਾਂ ਵਾਲੇ ਮਹਾਂਪੁਰਸ਼ਾਂ ਦੀਆਂ ਫੋਟੋਆਂ ਲੱਗੀਆਂ ਹੋਈਆਂ ਸਨ। ਘਰ ਦੀ ਪਹਿਲੀ ਮੰਜ਼ਲ ਤੇ ਗੁਰੂ ਮਹਾਰਾਜ ਦੀ ਪ੍ਰਕਾਸ਼ ਸੀ ਉਥੇ ਜਾ ਕੇ ਮੱਥਾ ਟੇਕਿਆ ਤੇ ਆਪਸ ਵਿਚ ਬਚਨ ਬਿਲਾਸ ਕੀਤੇ। ਜਦੋਂ ਅਸੀਂ ਘਰਾਂ ਵਿਚ ਚਰਨ ਪਾਉਂਦੇ, ਉਸ ਵੇਲੇ ਸ੍ਰੀ ਰਛਪਾਲ ਮਲਹੋਤਰਾ ਜੀ ਆਤਮ ਮਾਰਗ ਦੀ ਗੱਲ ਕਰ ਦਿਆ ਕਰਦੇ ਅਤੇ ਬਹੁਤ ਸਾਰੇ ਮੈਂਬਰ ਬਣ ਜਾਇਆ ਕਰਦੇ ਸਨ।

ਦੁਪਹਿਰ ਪਿਛੋਂ ਚਾਰ ਵਜੇ ਜਥੇ ਸਮੇਤ Barkly ਦੇ ਨਾਲ ਲਗਦੇ ਰੀਚਅਡ (Richared) ਗੁਰਦੁਆਰੇ ਪਹੁੰਚੇ। ਗੁਰਦੁਆਰਾ ਬਹੁਤ ਸੋਹਣਾ ਸੀ ਜਥੇ ਨੇ ਕੀਰਤਨ ਕੀਤਾ। 35 ਮਿੰਟ ਮੈਂ ਵੀ ਗੁਰਮਤਿ ਸਿਧਾਂਤਾਂ ਉਪਰ ਬੋਲਦਾ ਰਿਹਾ ਇਥੇ ਕਮੇਟੀਆਂ ਬਾਹਰੋਂ ਕੀਰਤਨ ਕਰਨ ਆਏ ਨੂੰ ਨਾ ਤਾਂ ਜੀਅ ਆਇਆ ਹੀ ਆਖਦੀਆਂ ਸਨ ਅਤੇ ਨਾ ਹੀ ਕੀਰਤਨ ਪਿਛੋਂ ਉਸਨੂੰ ਵਿਦਾ ਕਰਦੀਆਂ ਸਨ। ਇਸ ਦੇ ਕਾਰਨ ਦੀ ਵਿਚਾਰ ਕੀਤੀ ਤਾਂ ਪਤਾ ਲੱਗਿਆ ਕਿ ਇਨ੍ਹਾਂ ਦੀ ਸੰਤਾਂ, ਮਹਾਂਪੁਰਸ਼ਾਂ, ਰਾਗੀਆਂ, ਪ੍ਰਚਾਰਕਾਂ ਉਪਰ ਬਿਲਕੁਲ ਹੀ ਸ਼ਰਧਾ ਨਹੀਂ ਹੈ। ਇਨ੍ਹਾਂ ਦੇ ਅੰਦਰ ਪੂਰੀ ਤਰ੍ਹਾਂ ਨਾਲ ਇਹ ਗੱਲ ਘਰ ਕਰ ਗਈ ਹੈ ਕਿ ਪੰਜਾਬ ਵਿਚੋਂ ਇਹ ਲੋਕ ਅਮਰੀਕਾ ਵਿਚੋਂ ਸੁਖਾਲੇ ਡਾਲਰ ਇਕੱਠੇ ਕਰਨ ਲਈ ਪਹੁੰਚਦੇ ਹਨ। ਵਾਜਿਆਂ ਉਪਰ ਸੰਤ ਵੀ ਪੈਸੇ ਰਖਾਉਂਦੇ ਸਨ, ਸਰੋਪੇ ਵੀ ਲੈਂਦੇ ਸਨ। ਟੈਲੀਫੋਨ ਕਰ ਕਰ ਕੇ ਗੁਰਦੁਆਰਿਆਂ ਵਿਚ ਸਮਾਂ ਨੋਟ ਕਰਾਉਂਦੇ ਹਨ। ਬਾਕੀ ਸਾਰੇ ਵੀ ਇਸ ਤਰ੍ਹਾਂ ਸਮਾਂ ਨੋਟ ਕਰਾਉਂਦੇ ਸੀ। ਇਸ ਕਰਕੇ ਉਹ ਇਨ੍ਹਾਂ ਨੂੰ ਆਮ ਆਦਮੀਆਂ ਵਾਂਗ ਹੀ ਆਦਰ ਦਿੰਦੇ ਸਨ। ਨਾ ਤਾਂ ਇਨ੍ਹਾਂ ਨੂੰ ਸੰਤਾਂ ਦੀ ਮਹਿਮਾ ਦਾ ਪਤਾ ਸੀ ਇਨ੍ਹਾਂ ਹੀ ਜਾਣਦੇ ਸੀ ਕਿ ਇਹ

ਲੋਕ ਡਾਲਰ ਇਕੱਠੇ ਕਰਨ ਹੀ ਆਉਂਦੇ ਹਨ। ਹੈ ਵੀ ਠੀਕ ਕਿਉਂਕਿ ਗੁਰਦੁਆਰਾ ਸਾਹਿਬ ਦੇ ਹਾਲਾਂ ਵਿਚ ਅੱਠ ਸੌ ਤੋਂ ਇਕ ਹਜ਼ਾਰ ਬੰਦਿਆਂ ਦੀ ਸੰਗਤ ਜੁੜ ਜਾਂਦੀ ਹੈ। ਛੁਟੀ ਵਾਲਾ ਦਿਨ ਹੋਣ ਕਰਕੇ ਸਾਰੇ ਹੀ ਗੁਰਦੁਆਰੇ ਵਿਚ ਪਹੁੰਚ ਜਾਂਦੇ ਹਨ ਇਥੇ ਇਹ ਰਿਵਾਜ ਬਹੁਤ ਅੱਛਾ ਹੈ, week end ਤੇ ਗੁਰਦੁਆਰਾ ਸਾਹਿਬ ਜ਼ਰੂਰ ਜਾਣਾ ਹੈ। ਕੋਈ week ਅਜਿਹਾ ਨਹੀਂ ਹੁੰਦਾ ਜਦੋਂ ਸ਼ੁਕਰ ਤੇ ਸ਼ਨਿਚਰਵਾਰ ਸ਼ਾਮ ਅਤੇ ਐਤਵਾਰ ਦਿਨੇ ਕੋਈ ਪ੍ਰਚਾਰਕ ਜਾਂ ਸੰਤ ਪੰਜਾਬ ਤੋਂ ਆਇਆ ਨਾ ਹੋਵੇ। ਇਥੇ ਦੇ ਰਿਵਾਜ ਮੁਤਾਬਿਕ ਹਰ ਬੰਦਾ ਗੁਰੂ ਗ੍ਰੰਥ ਸਾਹਿਬ ਨੂੰ ਮਾਇਆ ਵੀ ਭੇਟ ਕਰਦਾ ਹੈ ਅਤੇ ਕੀਰਤਨ ਕਰਨ ਵਾਲੇ ਦੇ ਵਾਜੇ ਤੇ ਵੀ ਮਾਇਆ ਰੱਖ ਕੇ ਮੱਥਾ ਟੇਕਿਆ ਜਾਂਦਾ ਹੈ। ਜੇ ਦੀਵਾਨ ਦੀ ਹਾਜ਼ਰੀ ਇਕ ਹਜ਼ਾਰ ਪ੍ਰੇਮੀ ਦੀ ਹੋਵੇ ਅਤੇ ਉਹ ਸਿਰਫ ਇਕ-ਇਕ ਡਾਲਰ ਹੀ ਮੱਥਾ ਟੇਕਣ ਤਾਂ ਵੀ ਪ੍ਰਚਾਰਕ ਕੋਲ ਇਕ ਹਜ਼ਾਰ ਡਾਲਰ ਪਹੁੰਚ ਜਾਂਦਾ ਹੈ। ਜੇ ਉਹ ਹੋਰ ਭਾਵੁਕ ਗੱਲਾਂ ਸੁਣਾਵੇ ਜਾਂ ਨਵੀਆਂ-ਨਵੀਆਂ ਤਰਜਾਂ ਨਾਲ ਵਾਜੇ ਦੀਆਂ ਤਰਬਾਂ ਹਿਲਾਵੇ ਤਾਂ ਸੰਗਤ ਵਿਚੋਂ ਉਠ-ਉਠ ਕੇ ਐਨੀ ਵਾਧੂ ਮਾਇਆ ਉਸ ਪਾਸ ਪਹੁੰਚ ਜਾਂਦੀ ਸੀ ਕਿ ਇਕ ਤਰ੍ਹਾਂ ਢੇਰ ਹੀ ਲਗ ਜਾਂਦਾ ਹੈ।

ਮੈਨੂੰ ਦਸਿਆ ਗਿਆ ਕਿ ਕਈ ਵਾਰੀ ਤਾਂ ਐਨੇ ਪੈਸੇ ਚੜ੍ਹ ਜਾਂਦੇ ਸਨ ਕਿ ਕਮੇਟੀ ਵੀ ਵਿਚੋਂ ਆਪਣਾ ਹਿੱਸਾ ਮੰਗਦੀ ਹੈ ਇਸ ਤਰ੍ਹਾਂ ਮਾਮੂਲੀ ਅਨੁਮਾਨ ਲਾ ਕੇ ਵੀ ਕੀਰਤਨੀਏ ਨੂੰ 1500 ਡਾਲਰ ਘੰਟੇ ਵਿਚ ਆਮਦਨ ਹੋ ਜਾਂਦੀ ਹੈ। ਇਸ ਕਰਕੇ ਇਨ੍ਹਾਂ ਲੋਕਾਂ ਦਾ ਇਹ ਨਿਸ਼ਚਾ ਠੀਕ ਹੀ ਲਗਦਾ ਸੀ। ਮੈਂ ਕਿਉਂਕਿ ਇਹ ਸਾਰੇ ਪੈਸੇ ਲੈਣੇ ਬੰਦ ਕਰ ਦਿਤੇ ਅਤੇ ਗੁਰਦੁਆਰੇ ਤੋਂ ਸਰੋਪੇ ਦੇ ਰੂਪ ਵਿਚ ਵੀ ਮਾਇਆ ਲੈਣੀ ਬੰਦ ਕਰ ਦਿਤੀ ਉਹ ਇਸ ਗੱਲ ਤੋਂ ਹੈਰਾਨ ਸਨ ਕਿ ਇਨ੍ਹਾਂ ਦਾ ਕੰਮ ਕਿਵੇਂ ਚਲਦਾ ਹੋਵੇਗਾ। ਇਹ ਹਰ ਰੋਜ਼ ਤਕਰੀਬਨ 70 ਹਜ਼ਾਰ ਰੁਪਿਆ ਜੋ ਮਿਲਣਾ ਸੀ ਉਹ ਬੰਦ ਕਰ ਰਹੇ ਹਨ। ਇਹ ਗੱਲ ਮੈਨੂੰ ਅਵਾਜ਼ਿ ਕੌਮ ਦੇ ਐਡੀਟਰ ਨੇ ਵੀ 1997 ਵਿਚ ਜਦੋਂ ਮੈਂ ਇੰਗਲੈਂਡ ਗਿਆ ਸੀ, ਪੁਛੀ ਸੀ। ਮੇਰਾ ਉਤਰ ਸਪਸ਼ਟ ਸੀ ਕਿ ਮੈਂ ਗੁਰੂ ਮਹਾਰਾਜ ਦੀ ਬਾਣੀ ਅਤੇ ਗੁਰੂ ਮਹਾਰਾਜ ਵਲੋਂ ਦਿਤੀ ਵਿਦਵਤਾ ਵੇਚਣ ਨਹੀਂ ਆਇਆ। ਮੈਂ ਤੁਹਾਡੇ ਨਾਲ ਗੁਰਮਤਿ ਵਿਚਾਰ ਵਟਾਂਦਰੇ ਕਰਨ ਆਇਆ ਹਾਂ, ਮੈਂ ਗੁਰੂਆਂ ਦੇ ਬਚਨ ਕਰਨ ਆਇਆ ਹਾਂ, ਆਤਮ ਮਾਰਗ ਬਾਰੇ ਕੁਝ ਦਸਣ ਆਇਆ ਹਾਂ ਮੇਰੇ ਸਾਮ੍ਹਣੇ ਪੈਸੇ ਇਕੱਠੇ ਕਰਨ ਦਾ ਕੋਈ ਮੰਤਵ ਹੀ ਨਹੀਂ ਹੈ। ਇਸ ਕਰਕੇ

ਹੀ ਕਿ ਮੈਂ ਆਪਣੇ ਪੂਰਵਜਾਂ ਸੰਤ ਮਹਾਰਾਜ ਜੀ ਰਾੜੇ ਸਾਹਿਬ ਵਾਲੇ, ਰੇਰੂ ਸਾਹਿਬ ਵਾਲੇ, ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੀ ਚਾਲੀ ਤੇ ਚਲਦਾ ਹੋਇਆ ਪੈਸੇ ਇਕੱਠੇ ਕਰਨ ਦਾ ਕੰਮ ਨਹੀਂ ਕਰ ਸਕਦਾ। ਕਿਉਂਕਿ ਮੈਨੂੰ ਬਹੁਤ ਹੀ ਹੀਣਤਾ ਪ੍ਰਤੀਤ ਦਿੰਦੀ ਸੀ ਕਿ ਮੈਂ ਬਾਣੀ ਦੇ ਬਦਲੇ ਡਾਲਰ ਇਕੱਠੇ ਕਰਾਂ। ਇਸ ਗੱਲ ਨੇ ਸਾਰੇ ਗੁਰਦੁਆਰਿਆਂ ਵਿਚ ਇਕ ਅਜੀਬ ਜਿਹਾ ਵਾਤਾਵਰਣ ਪੈਦਾ ਕਰ ਦਿਤਾ, ਅਸੀਂ ਕਿਸੇ ਗੁਰਦੁਆਰੇ ਨੂੰ ਨਹੀਂ ਕਿਹਾ ਕਿ ਸਾਨੂੰ ਸਮਾਂ ਦਿਓ। ਸਗੋਂ ਉਹ ਆਪ ਆ ਕੇ ਸਮਾਂ ਮੰਗਿਆ ਕਰਦੇ ਸਨ। ਭਾਈ ਮਹਿੰਦਰ ਸਿੰਘ ਗਿੱਲ ਟਰਲੋਕ ਵਾਲੇ ਜੋ ਸਾਰੇ ਪ੍ਰਬੰਧ ਨੂੰ ਚਲਾ ਰਹੇ ਸਨ ਉਨ੍ਹਾਂ ਨੇ ਸਮੇਂ ਦੀ ਵੰਡ ਕਰਕੇ ਸਮਾਂ ਅਲਾਟ ਕਰਨਾ। ਇਸ ਕਰਕੇ ਸੰਗਤ ਪ੍ਰਭਾਵਤ ਹੋਈ ਹੋਈ ਪਿਆਰ ਨਾਲ ਬੈਠ ਕੇ ਸੁਣਿਆ ਕਰਦੀ ਸੀ ਜਿਸ ਵਿਚ ਹਿੰਦੂ ਜਨਤਾ ਵੀ ਆਇਆ ਕਰਦੀ ਸੀ।

ਇਕ ਗੱਲ ਮੈਂ ਹੋਰ ਦੇਖੀ ਕਿ ਬਹੁਤ ਸਾਰੇ ਗੁਰਦੁਆਰਿਆਂ ਵਿਚ ਕੁਝ ਦ੍ਵੈਤ ਭਾਵ ਵੀ ਦਿਸਦਾ ਸੀ। ਜਿਹੜੇ ਪ੍ਰੇਮੀ ਸਿਰ ਤੇ ਰੁਮਾਲ ਬੰਨ੍ਹ ਕੇ ਕੀਰਤਨ ਕਰਨ, ਸਰਵਣ ਕਰਨ ਵਾਸਤੇ ਆਉਂਦੇ ਉਨ੍ਹਾਂ ਦੇ ਮਨ ਵਿਚ ਬਹੁਤ ਸ਼ਰਧਾ ਹੁੰਦੀ ਹੈ ਕਿਉਂਕਿ ਉਹ ਇਹ ਸਮਝਦੇ ਹਨ ਕਿ ਜੋ ਅੰਮ੍ਰਿਤਧਾਰੀ ਸਿੰਘ ਹਨ ਇਹ ਗੁਰੂ ਮਹਾਰਾਜ ਜੀ ਦੇ ਜ਼ਿਆਦਾ ਨੇੜੇ ਹਨ ਅਤੇ ਅਸੀਂ ਅਜੇ clean shaven ਹਾਂ, ਸ਼ਾਇਦ ਅਸੀਂ ਗੁਰੂ ਸਾਹਿਬ ਤੋਂ ਦੂਰ ਹੋਈਏ। ਇਹ ਭਾਵਨਾ ਅਸਾਡੇ ਛੋਟੇ level ਦੇ ਪ੍ਰਚਾਰਕਾਂ ਨੇ ਬਣਾਈ ਹੋਈ ਸੀ। ਉਹ ਹੀਣਤਾ ਮਹਿਸੂਸ ਕਰਦੇ ਸਨ ਪਰ ਮੈਂ ਉਨ੍ਹਾਂ ਨਾਲ ਬਚਨ ਕਰਕੇ ਦੇਖੇ ਉਹ ਮੇਰੇ ਤੋਂ ਕਈ ਗੂੜ੍ਹ ਸਿਧਾਂਤਾਂ ਬਾਰੇ ਪੁਛਦੇ ਸਨ। ਨਾਮ ਜਪਣ ਦੇ ਤਰੀਕਿਆਂ ਬਾਰੇ ਪੁਛਦੇ ਸਨ, ਬਾਣੀ ਵੀ ਪੜ੍ਹਿਆ ਕਰਦੇ ਹਨ ਅਤੇ ਕਾਫੀ ਸੋਝੀ ਰਖਦੇ ਹਨ। ਉਨ੍ਹਾਂ ਦੇ ਹਿਰਦੇ ਵਿਚ ਸਦਾ ਨਿਮਰਤਾ ਬਣੀ ਰਹਿੰਦੀ ਹੈ। ਪੂਰਾ ਦੀਵਾਨ ਇਕਾਗਰ ਚਿਤ ਹੋ ਕੇ ਸੁਣਦੇ ਸਨ ਪਰ ਬਹੁਤ ਥਾਂ ਅੰਮ੍ਰਿਤਧਾਰੀ ਸਿੰਘ ਉਨ੍ਹਾਂ ਨੂੰ ਪਿਛੇ ਰੱਖਣ ਵਿਚ ਹੀ ਭਲਾ ਸਮਝਦੇ ਸਨ, ਅਜਿਹੇ ਪ੍ਰੇਮੀਆਂ ਦੇ ਘਰਾਂ ਵਿਚ ਮੈਂ ਚਰਨ ਪਾਏ, ਜਿਥੇ ਜਾ ਕੇ ਇਹ ਪਤਾ ਹੀ ਨਹੀਂ ਲਗਦਾ ਸੀ ਕਿ ਇਹ ਬਾਣੀ ਅਤੇ ਨਾਮ ਤੋਂ ਦੂਰ ਹਨ, ਇਨ੍ਹਾਂ ਨੇ ਆਪਣੇ ਆਪ ਨੂੰ ਗੁਰੂ ਗ੍ਰੰਥ ਸਾਹਿਬ ਨਾਲ ਹੀ ਜੋੜਿਆ ਹੋਇਆ ਸੀ। ਕਈ ਸੰਪਰਦਾਵਾਂ ਜਿਹੜੀਆਂ ਦੇਹਧਾਰੀ ਗੁਰੂ ਵਿਚ ਵਿਸ਼ਵਾਸ਼ ਰਖਦੀਆਂ ਸਨ ਅਤੇ ਮਹਾਂਪੁਰਖ ਆ ਕੇ ਗੁਰੂ ਧਾਰਨ ਦਾ ਉਪਦੇਸ਼ ਸਾਡੇ ਵਾਂਗੂੰ ਹੀ ਦਿੰਦੇ ਸਨ ਅਤੇ ਗੁਰੂ ਕੀ ਹੁੰਦਾ

ਹੈ ਇਹ ਗੁਰਬਾਣੀ ਵਿਚੋਂ ਹੀ ਦਸਦੇ ਸਨ। ਮੈਨੂੰ ਕਹਿੰਦੇ ਸਨ ਕਿ ਸਤਿਗੁਰੂ ਕੀ ਹੁੰਦਾ ਹੈ ਗੁਰਬਾਣੀ ਅਨੁਸਾਰ ਦਸਿਆ ਜਾਂਦਾ ਸੀ, ਜਿਹੜਾ ਇਸ ਸਰੀਰ ਰੂਪੀ ਘਰ ਵਿਚ ਵਾਹਿਗੁਰੂ ਦਾ ਘਰ ਦਿਖਾ ਦੇਵੇ ਉਹ ਸਮਰਥ ਗੁਰੂ ਹੁੰਦਾ ਹੈ ਫਿਰ ਕਹਿੰਦੇ ਸਨ ਕਿ ਇਹ ਘਰ ਜਦੋਂ ਪ੍ਰਾਪਤ ਹੋ ਜਾਂਦਾ ਹੈ ਤਾਂ ਉਥੇ ਅਨਹਦ ਸ਼ਬਦਾਂ ਦੇ ਵਾਜੇ ਵਜਦੇ ਹਨ ਇਹ ਨਿਸ਼ਾਨੀ ਹੋਇਆ ਕਰਦੀ ਹੈ, ਜੇ ਗੁਰੂ ਨਾ ਧਾਰਿਆ ਜਾਵੇ ਤਾਂ ਨਾਮ ਨਹੀਂ ਮਿਲਦਾ, ਉਪਦੇਸ਼ ਮੇਰਾ ਵੀ ਇਹੋ ਹੀ ਸੀ ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਫੁਰਮਾਨ ਕਰਦੇ ਹਨ–

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ॥*
*ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ॥*
*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥*
*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥*
*ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ॥*
*ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ॥*
*ਪੰਨਾ - 1291*

ਅਸਾਨੂੰ ਦਸਣਾ ਪੈਂਦਾ ਸੀ ਕਿ ਗੁਰੂ ਗ੍ਰੰਥ ਸਾਹਿਬ ਮਹਾਰਾਜ ਪੂਰਨ ਸਤਿਗੁਰੂ ਹਨ, ਉਹ ਸ਼ਬਦ ਬ੍ਰਹਮ ਹਨ। ਪਰ ਪੰਜ ਪਿਆਰਿਆਂ ਰਾਹੀਂ ਅੰਮ੍ਰਿਤ ਦੀ ਦਾਤ ਅਤੇ ਨਾਮ, ਮੂਲਮੰਤਰ ਦੀ ਦਾਤ ਪ੍ਰਾਪਤ ਕਰਕੇ ਆਪਣੇ ਜੀਵਨ ਨੂੰ ਖਾਸ ਸੰਜਮ ਵਿਚ ਰੱਖਣਾ ਪੈਂਦਾ ਹੈ ਫੇਰ ਗੁਰੂ ਦੀ ਕ੍ਰਿਪਾ ਨਾਲ ਕੀਤੀ ਹੋਈ ਘਾਲ ਕਮਾਈ ਨਾਲ ਅੰਦਰ ਚੜ੍ਹਾਈ ਚੜ੍ਹਦਾ ਹੈ ਜੋ ਗੁਰੂ ਘਰ ਦੇ ਤੱਤ ਬੇਤੇ ਮਹਾਂਪੁਰਸ਼ ਅਧਿਕਾਰੀ ਜਗਿਆਸੂਆਂ ਨੂੰ guide ਕਰਦੇ ਹੀ ਰਹਿੰਦੇ ਹਨ ਕਿਉਂਕਿ ਇਨ੍ਹਾਂ ਦੀ ਡਿਊਟੀ ਅਕਾਲਪੁਰਖ ਵਲੋਂ ਲੱਗੀ ਹੋਈ ਹੈ, ਇਨ੍ਹਾਂ ਦਾ ਕੰਮ ਹੀ ਨਾਮ ਜਪਣਾ ਤੇ ਜਪਾਉਣਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ ਪੰਨਾ - 306*

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥*
*ਪੰਨਾ - 1373*

ਸੰਤਾਂ ਨੇ ਤਾਂ ਸਾਰੇ ਸੰਸਾਰ ਨੂੰ ਪ੍ਰਮੇਸ਼ਰ ਨਾਲ ਜੋੜਨਾ ਹੁੰਦਾ ਹੈ ਕਿਸੇ ਧਰਮ ਦਾ ਬੰਦਾ ਆ ਜਾਵੇ ਉਸ ਨੂੰ ਉਸੇ ਤਰੀਕੇ ਨਾਲ ਉਪਦੇਸ਼ ਕਰਕੇ ਸਹੀ ਮਾਰਗ ਤੇ ਪਾ ਦਿਆ ਕਰਦੇ ਹਨ। ਉਹ ਇਹ ਨਹੀਂ ਚਾਹੁੰਦੇ ਕਿ ਚਲਦੇ ਦਰਿਆ ਵਿਚ ਕਿਸ਼ਤੀਆਂ ਬਦਲੀਆਂ ਜਾਣ, ਜਿਥੇ ਕੋਈ ਮੁਸਾਫਰ ਚਲ ਰਿਹਾ ਹੈ ਉਥੇ ਹੀ ਉਸਨੂੰ ਸਹੀ ਰਸਤੇ ਦੀ ਪਛਾਣ ਦਸ ਦਿੰਦੇ ਹਨ। ਸੰਤ ਦ੍ਵੈਸ਼ ਭਾਵ ਤੋਂ ਉਚੇ ਹੁੰਦੇ ਹਨ। ਉਨ੍ਹਾਂ ਨੂੰ ਸੰਪਰਦਾਵਾਂ ਦੀਆਂ ਵਲਗਣਾਂ ਰੋਕ ਨਹੀਂ ਸਕਦੀਆਂ ਕਿਉਂਕਿ ਉਨ੍ਹਾਂ ਦਾ ਨਿਸ਼ਚਾ ਇਹੋ ਹੁੰਦਾ ਹੈ ਕਿ ਸੰਸਾਰ ਵਿਚ ਵਾਹਿਗੁਰੂ ਜੀ ਆਪਣੀ ਖੇਲ੍ਹ ਆਪ ਹੀ ਕਰ ਰਹੇ ਹਨ –

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥*

*ਪੰਨਾ – 846*

ਉਹ ਖੁਦ ਆਤਮ ਚਿੰਤਨ ਕਰਕੇ ਸਾਰੀ ਦੁਨੀਆਂ ਨੂੰ ਇਕ ਦ੍ਰਿਸ਼ਟੀ ਨਾਲ ਦੇਖਦੇ ਹਨ ਜਿਥੇ ਵੀ ਕੋਈ ਰੁਕਿਆ ਪਿਆ ਹੈ ਉਸ ਨੂੰ ਉਸਦੇ ਤਰੀਕੇ ਨਾਲ ਅੱਗੇ ਦਾ ਮਾਰਗ ਦਸ ਦਿੰਦੇ ਹਨ ਇਸ ਕਰਕੇ ਸੰਪਰਦਾਈ ਵਲਗਣਾਂ 'ਚੋਂ ਨਿਕਲਕੇ ਜਗਿਆਸੂ ਤਤ ਬੇਤੇ ਮਹਾਂਪੁਰਸ਼ਾਂ ਦੇ ਬਚਨ ਸੁਣਨ ਲਈ ਬਹੁਤ ਹੀ ਸ਼ਰਧਾ ਭਾਵਨਾ ਨਾਲ ਆਇਆ ਕਰਦੇ ਸਨ, ਮੈਂ ਕਦੇ ਕਿਸੇ ਨੂੰ ਪੁਛਿਆ ਹੀ ਨਹੀਂ ਸੀ ਕਿ ਤੂੰ ਕਿਹੜੀ ਸੰਪਰਦਾ ਨਾਲ ਸਬੰਧ ਰਖਦਾ ਹੈਂ ਸਿਰਫ ਜਦੋਂ ਉਨ੍ਹਾਂ ਨੇ ਕੋਈ ਨਾਮ ਦਾ ਸਵਾਲ ਕਰਨਾ, ਨਾਮ ਦਾ ਰਾਹ ਪੁਛਣਾ ਤਾਂ ਉਨ੍ਹਾਂ ਦੇ ਨਿਸ਼ਚਿਆਂ ਮੁਤਾਬਿਕ ਹੀ ਉਨ੍ਹਾਂ ਨੂੰ ਰਾਹ ਦਸ ਦੇਈਦਾ ਸੀ।

ਇਕ ਵਾਰੀ ਇਕ ਪ੍ਰੇਮੀ ਮੇਰੇ ਕੋਲ ਆਇਆ, ਉਹ ਹਿੰਦੂ ਵਰਣ ਨਾਲ ਸਬੰਧ ਰਖਦਾ ਸੀ ਪਰ ਨਾਮ ਉਸਦਾ ਸਿੰਘ ਸੀ। ਮੈਨੂੰ ਕੋਈ ਪਤਾ ਨਾ ਲੱਗਿਆ ਕਿ ਇਸਦੇ ਸਰੀਰ ਨੇ ਕਿਹੜੀ ਜਾਤ ਦੀ ਮਨੌਤ ਕੀਤੀ ਹੋਈ ਹੈ ਸਹਿਜ ਸੁਭਾਅ ਹੀ ਮੈਂ ਉਸ ਨੂੰ ਇਸਲਾਮੀ ਤਰੀਕੇ ਨਾਲ ਨਾਮ ਮਾਰਗ ਦਸਣ ਲਗ ਗਿਆ। ਉਸ ਨੇ ਪਿਛੋਂ ਦਸਿਆ ਕਿ ਮੈਂ ਰੁਕਿਆ ਹੋਇਆ ਸੀ। ਮੇਰੇ ਮੁਰਸ਼ਦ ਇਕ ਪੀਰ ਹਨ ਉਨ੍ਹਾਂ ਨੇ ਵੀ ਮੈਨੂੰ ਇਹੀ ਨਾਮ ਦਿਤਾ ਸੀ। ਜਦੋਂ ਉਹ ਮੈਨੂੰ ਦੂਜੇ ਵਾਰੀ ਡੇਢ ਮਹੀਨੇ ਬਾਦ ਮਿਲੇ ਤਾਂ ਉਨ੍ਹਾਂ ਦਸਿਆ ਕਿ ਮੇਰੀ ਸੁਰਤੀ ਲਗ ਰਹੀ ਹੈ। ਆਦਮੀ ਸਾਰੇ ਇਕੋ ਹਨ, ਵਾਹਿਗੁਰੂ ਜੀ ਦੀ ਤਲਾਸ਼ ਜਿਸਦੇ ਮਨ ਵਿਚ ਲੱਗੀ ਹੋਈ ਹੈ ਉਹ ਧੰਨ ਹਨ। ਗੁਰੂ ਮਹਾਰਾਜ ਜੀ

ਫੁਰਮਾਨ ਕਰਦੇ ਹਨ ਕਿ ਜਿਸ ਦੇ ਮਨ ਵਿਚ ਵਾਹਿਗੁਰੂ ਜੀ ਦੀ ਲੋਚਾ ਹੈ ਅਸੀਂ ਉਸ ਤੋਂ ਬਲਿਹਾਰ ਜਾਂਦੇ ਹਾਂ, ਬਲ ਬਲ ਜਾਂਦੇ ਹਾਂ –

*ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥*
*ਨਾਨਕ ਤਾ ਕੈ ਬਲਿ ਬਲਿ ਜਾਸਾ॥* *ਪੰਨਾ – 266*

ਉਥੇ ਕਿਸੇ ਜਾਤ ਦਾ ਸਵਾਲ ਨਹੀਂ, ਕੇਵਲ ਜਗਿਆਸੂ ਦੀ ਲਗਨ ਦਾ ਸਵਾਲ ਹੈ। ਪਿਆਸੇ ਬੰਦੇ ਦੇ ਜਿਉਂਦਾ ਹੋਣ ਦੀ ਨਿਸ਼ਾਨੀ ਹੈ ਕਿਉਂਕਿ ਦਰਸ਼ਨਾਂ ਦੀ ਪਿਆਸ ਪਿਆਰ ਤੋਂ ਬਿਨਾਂ ਨਹੀਂ ਲੱਗਿਆ ਕਰਦੀ। ਜਿਸ ਅੰਦਰ ਪਿਆਰ ਨਹੀਂ ਉਹ ਭਾਵੇਂ ਕਿਸੇ ਵੀ ਸੰਪਰਦਾ ਨਾਲ ਸਬੰਧ ਰਖਦਾ ਹੋਵੇ, ਦੁਨੀਆਂ ਵਿਚ ਕਿੰਨੀ ਹੀ ਉਸ ਦੀ ਸੋਭਾ ਹੋਵੇ ਪਰ ਉਹ ਮੁਰਦਾ ਹੀ ਹੋਇਆ ਕਰਦਾ ਹੈ ਜਿਵੇਂ ਕਿ ਫੁਰਮਾਨ ਹੈ –

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥*

*ਪੰਨਾ – 253*

ਗੁਰਮਤਿ ਕਿਸੇ ਨਾਲ ਦ੍ਵੈਤ ਕਰਨ ਦੀ ਆਗਿਆ ਨਹੀਂ ਦਿੰਦੀ ਸਭ ਜੀਵਾਂ ਨੂੰ ਇਕ ਪ੍ਰਮੇਸ਼ਰ ਦੇ ਹੁਕਮ ਵਿਚ ਬਣੇ ਹੋਏ ਜੀਵ ਹੀ ਦਸਦੀ ਹੈ। ਜਿਨ੍ਹਾਂ ਦਾ ਆਪਣਾ ਅਸਲੀ ਰੂਪ ਆਤਮਾ ਹੈ, ਰੂਹ ਪ੍ਰਮੇਸ਼ਰ ਦੀ ਅੰਸ ਹੈ ਇਸ ਵਿਚ ਜਾਤਾਂ ਪਾਤਾਂ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ, ਇਹ ਰੂਹਾਂ ਜਦੋਂ ਸੰਸਾਰ ਵਿਚ ਘਾਲ ਕਮਾਈਆਂ ਕਰਕੇ ਪੁੱਗ ਜਾਂਦੀਆਂ ਹਨ ਤਾਂ ਪ੍ਰਭੂ ਦੇ ਦਰ ਤੇ ਪ੍ਰਵਾਨ ਹੋ ਜਾਂਦੀਆਂ ਹਨ। ਉਹ ਅੱਲਾਹ ਦੀ ਦਰਗਾਹ ਵਿਚ ਪਹੁੰਚਦੀਆਂ ਹਨ। ਅਸੀਂ ਗੁਰਬਾਣੀ ਅਨੁਸਾਰ ਸਚਖੰਡ ਵਿਚ ਪ੍ਰਵੇਸ਼ ਕਰਦੇ ਹਾਂ। ਸਚਖੰਡ ਵਿਚ ਕ੍ਰੋੜਾਂ ਖੰਡਾਂ ਬ੍ਰਹਿਮੰਡਾਂ ਤੋਂ ਭਗਤ ਆ ਕੇ ਚਾਰ ਕਿਸਮ ਦੀਆਂ ਮੁਕਤੀਆਂ ਦਾ ਅਨੰਦ ਮਾਣਦੇ ਹਨ। ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ –

1. ਸਾ ਲੋਕਯ – ਇਸ਼ਟ ਦੇ ਲੋਕ ਵਿਚ ਵਾਸਾ ਮਿਲਣ।

2. ਸਾਮੀਪਯ – ਇਸ਼ਟ ਦੇ ਕੋਲ ਰਹਿਣਾ।

3. ਸਾਰੂਪਯ – ਇਸ਼ਟ ਵਰਗਾ ਹੀ ਰੂਪ ਬਣ ਜਾਣਾ।

4. ਸਾਯੁਜਯ – ਇਸ਼ਟ ਨਾਲ ਅਭੇਦ ਹੋ ਜਾਣਾ।

ਵਾਹਿਗੁਰੂ ਜੀ ਬੇਅੰਤ ਹਨ ਉਹ ਦਰ ਤਾਂ ਅਜਿਹਾ ਹੈ ਜਿਥੇ ਬੇਅੰਤਤਾ ਵਰਤਦੀ ਹੈ ਉਥੇ ਕੋਈ ਜਾਤ ਪਾਤ ਨਹੀਂ ਜਿਥੋਂ ਵੀ ਕੋਈ ਨੀਅਤ ਰਾਸ ਕਰਕੇ ਪਹੁੰਚ ਗਿਆ ਜਿਨ੍ਹਾਂ ਦਾ ਇਮਾਨ ਦੁਨੀਆਂ ਵਿਚ ਸਲਾਮਤ ਰਹਿੰਦਾ ਹੈ ਉਹ ਇਸ ਦਰਗਾਹ ਵਿਚ ਵਾਸਾ ਪਾਉਂਦੇ ਹਨ। ਉਥੇ ਮਜ਼ਹਬ ਤੇ ਸੰਪਰਦਾਵਾਂ ਦੇ ਨਾਮ ਤੇ ਵੰਡ ਨਹੀਂ ਹੈ। ਜਿਨ੍ਹਾਂ ਦੇ ਅੰਦਰ ਵਖੋ-ਵਖਰੀਆਂ ਭਾਵਨਾ ਹਨ ਉਹ ਇਸ ਦਰ ਤੇ ਨਹੀਂ ਪਹੁੰਚ ਸਕਦੇ। ਕਿਉਂਕਿ ਰੂਹ ਦਾ ਸਰੂਪ ਇਕੋ ਆਤਮਾ ਹੈ। ਆਤਮਾ ਵਿਚ ਕੋਈ ਦੂਜਾਇਗੀ ਨਹੀਂ ਉਹ ਵਾਹਿਗੁਰੂ ਦੀ ਅੰਸ ਹਨ। ਮਜ਼ਹਬ ਰਾਹ ਦਿਖਾਉਂਦੇ ਹਨ ਮਨੁੱਖ ਦੀ ਵੰਡ ਨਹੀਂ ਕਰਦੇ। ਮਨੁੱਖ ਆਪਣੇ ਆਪ ਮਜ਼ਹਬ ਦੇ, ਸ਼ਗ੍ਹਾ ਦਾ, ਅਸੂਲਾਂ ਦਾ ਪ੍ਰੇਰਿਆ ਹੋਇਆ ਵੰਡੀਆਂ ਪਾ ਬੈਠਦਾ ਹੈ। ਉਸ ਦਾ ਨਾ ਹੀ ਦੇਹ ਅਧਿਆਸ ਟੁਟਦਾ ਹੈ ਅਤੇ ਨਾ ਹੀ ਆਪਣੇ ਸਰੂਪ ਦੀ ਪਛਾਣ ਕਰਕੇ ਸੱਚੀ ਦਰਗਾਹ ਵਿਚ ਉਸਦਾ ਵਾਸਾ ਹੁੰਦਾ ਹੈ। ਗੁਰੂ ਮਹਾਰਾਜ ਜੀ ਜਿਸ ਵਕਤ ਮੱਕੇ ਸ਼ਰੀਫ ਜਾਂਦੇ ਹਨ ਆਪ ਦੇ ਨਾਲ ਕਾਜ਼ੀ ਰੁਕਮਦੀਨ ਦੀ ਵਾਰਤਾ ਹੋਈ –

*ਕੇਤੇ ਨੂਰ ਮੁਹੰਮਦੀ ਡਿਠੇ ਨਬੀ ਰਸੂਲ।*<br>
*ਨਾਨਕ ਕੁਦਰਤਿ ਦੇਖ ਕਰ ਖੁਦੀ ਗਈ ਸਭ ਮੂਲ।*<br>
*ਅੱਲਾ ਵਾਲੀ ਦਰਗਹ ਦਾ ਅੰਤ ਨਾ ਪਾਰਾਵਾਰ।*<br>
*ਕਈ ਅਸੰਖਾ ਤਬਕ ਕਰ ਬਿਅੰਤ ਬੇਸ਼ਮਾਰ।*<br>
*ਇਕੋ ਦਰ ਦਰਗਹ ਇਕ ਇਕੋ ਪਾਕ ਖੁਦਾਇ।*<br>
*ਦੂਜੀ ਕੁਦਰਤਿ ਸਾਜ ਕੇ ਹੋਆ ਬੇਪਰਵਾਹਿ।*<br>
*ਇਕੋ ਆਸ਼ਕ ਆਪ ਹੋਰ ਮਸ਼ੂਕ ਨ ਕੋਇ।*<br>
*ਕੁਦਰਤਿ ਕਈ ਮਸ਼ੂਕ ਹੈਂ ਦਾਵਾ ਕਰਦੇ ਸੋਇ।*<br>
*ਸਾਹਿਬ ਕਿਸੇ ਨ ਦੇਖਿਆ ਸਭ ਕੁਦਰਤਿ ਨੋਂ ਲਪਟਾਇ।*<br>
*ਕੁਦਰਤਿ ਅੰਤ ਨ ਪਾਵਨੀ ਫਿਰ ਫਿਰ ਧਕੇ ਖਾਇ।*<br>
*ਕੇਤੇ ਲਖ ਪੈਗੰਬਰਾਂ ਮਰ ਫਿਰ ਹੋਵੈ ਖਾਕ।*<br>
*ਖਾਕੂ ਤੇ ਫਿਰ ਉਪਜਹਿ ਕਈ ਅਸੰਖਾ ਲਾਖ।*<br>
*ਜਿਤੁ ਦਰ ਲਖ ਮੁਹੰਮਦਾ ਲਖ ਬ੍ਰਹਮੇ ਬਿਸ਼ਨ ਮਹੇਸ਼।*<br>
*ਲਖ ਲਖ ਰਾਮ ਵਡੀਰੀਅਹਿ ਲਖ ਰਾਹੀ ਲਖ ਵੇਸ।*<br>
*ਲਖ ਲਖ ਓਥੈ ਜਤੀ ਹੈ ਸਤੀਅਹੁ ਤੇ ਸੰਨਿਆਸ।*<br>
*ਲਖ ਲਖ ਓਥੈ ਗੋਰਖਾ ਲਖ ਲਖ ਨਾਥਾਂ ਨਾਥ।*<br>
*ਲਖ ਲਖ ਓਥੈ ਆਸਨਾਂ ਗੁਰ ਚੇਲੇ ਰਹਿਰਾਸ।*<br>
*ਲਖ ਲਖ ਦੇਵੀ ਦੇਵਤੇ ਲਖ ਦਾਨੋਂ ਲੱਖ ਨਿਵਾਸ।*<br>
*ਲੱਖ ਪੀਰ ਪੈਕੰਬਰ ਅਉਲੀਏ ਲਖ ਕਾਜੀ ਮੁਲਾਂ ਸੇਖ।*

*ਕਿਸੈ ਸਾਂਤ ਨ ਆਈਆ ਬਿਨ ਸਤਿਗੁਰ ਕੇ ਉਪਦੇਸ।*
*ਸਾਧਿਕ ਸਿਧ ਅਗਣਤ ਹੈ ਕੇਤੇ ਲਖ ਅਪਾਰ।*
*ਏਤੜਿਆਂ ਅਪਵਿਤ੍ਰ ਹੈ ਬਿਨ ਸਤਿਗੁਰ ਕੇ ਸਬਦ ਬੀਚਾਰ।*
*ਸਿਰ ਨਾਥਾਂ ਕੇ ਏਕ ਨਾਥ ਸਤਿਨਾਮ ਕਰਤਾਰ।*
*ਨਾਨਕ ਤਾਕੀ ਕੀਮਤ ਨ ਪਵੈ ਬੇਅੰਤ ਬੇਸੁਮਾਰ।*
*(ਜਨਮ ਸਾਖੀ ਮੱਕੇ ਦੀ ਗੋਸ਼ਟ ਵਿਚੋਂ)*

ਮੱਕੇ ਮਦੀਨੇ ਦੀ ਸਾਖੀ ਵਿਚ ਗੋਸ਼ਟ ਨੂੰ ਕਵਿਤਾ ਦੇ ਵਿਚ ਲਿਖਿਆ ਗਿਆ ਹੈ ਉਥੇ ਕਿਸੇ ਦੀ ਵਕਾਲਤ ਨਹੀਂ ਚਲਦੀ, ਸਾਰੀਆਂ ਸੰਪਰਦਾਵਾਂ ਦੇ ਸੱਚੇ ਬੰਦਿਆਂ, ਜਿਨ੍ਹਾਂ ਨੇ ਆਪਣਾ ਆਪਾ ਪਛਾਣ ਲਿਆ ਉਹ ਉਥੇ ਕੇਵਲ ਪ੍ਰਭੂ ਦੇ ਹੋ ਕੇ ਪਹੁੰਚਦੇ ਹਨ ਇਥੇ ਦੁਨੀਆਂ ਵਾਲੀਆਂ ਵੱਟਾਂ ਬੰਨੇ ਛੂਆ ਛਾਈ ਦਰਗਾਹ ਵਿਚ ਨਹੀਂ ਹਨ। ਦਰਗਾਹ ਵਿਚ ਇਕੋ ਇਕ ਪ੍ਰਮੇਸ਼ਰ ਓਤਪੋਤ ਹੈ। ਸਭਨਾਂ ਉਤੇ ਪਿਆਰ ਭਰੀ ਨਦਰ ਨਾਲ ਬਖਸ਼ਿਸ਼ ਕਰਦਾ ਰਹਿੰਦਾ ਹੈ ਕਿਉਂਕਿ ਉਥੇ ਪਹੁੰਚਣ ਵਾਲੇ ਪ੍ਰਭੂ ਦੇ ਪਿਆਰੇ ਹਨ। ਕਿੰਨੇ ਲੋਆਂ, ਖੰਡਾਂ, ਬ੍ਰਹਿਮੰਡਾਂ ਤੋਂ ਆ ਕੇ ਸਚਖੰਡ ਵਾਸਾ ਪਾਉਂਦੇ ਹਨ ਜਿਵੇਂ ਕਿ –

*ਕਰਮ ਖੰਡ ਕੀ ਬਾਣੀ ਜੋਰੁ॥*
*ਤਿਥੈ ਹੋਰੁ ਨ ਕੋਈ ਹੋਰੁ॥*
*ਤਿਥੈ ਜੋਧ ਮਹਾਬਲ ਸੂਰ॥*
*ਤਿਨ ਮਹਿ ਰਾਮੁ ਰਹਿਆ ਭਰਪੂਰ॥*
*ਤਿਥੈ ਸੀਤੋ ਸੀਤਾ ਮਹਿਮਾ ਮਾਹਿ॥*
*ਤਾ ਕੇ ਰੂਪ ਨ ਕਥਨੇ ਜਾਹਿ॥*
*ਨਾ ਓਹਿ ਮਰਹਿ ਨ ਠਾਗੇ ਜਾਹਿ॥*
*ਜਿਨ ਕੈ ਰਾਮੁ ਵਸੈ ਮਨ ਮਾਹਿ॥*
*ਤਿਥੈ ਭਗਤ ਵਸਹਿ ਕੇ ਲੋਅ॥*
*ਕਰਹਿ ਅਨੰਦੁ ਸਚਾ ਮਨਿ ਸੋਇ॥*
*ਸਚ ਖੰਡਿ ਵਸੈ ਨਿਰੰਕਾਰੁ॥*
*ਕਰਿ ਕਰਿ ਵੇਖੈ ਨਦਰਿ ਨਿਹਾਲ॥*
*ਤਿਥੈ ਖੰਡ ਮੰਡਲ ਵਰਭੰਡ॥*
*ਜੇ ਕੋ ਕਥੈ ਤ ਅੰਤ ਨ ਅੰਤ॥*
*ਤਿਥੈ ਲੋਅ ਲੋਅ ਆਕਾਰ॥*
*ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥*
*ਵੇਖੈ ਵਿਗਸੈ ਕਰਿ ਵੀਚਾਰੁ॥*
*ਨਾਨਕ ਕਥਨਾ ਕਰੜਾ ਸਾਰੁ॥* *ਪੰਨਾ – 8*

ਸੋ ਇਸ ਕਰਕੇ ਜਿਨ੍ਹਾਂ ਨੇ ਰੱਬ ਦੀ ਪਹਿਚਾਣ ਕਰ ਲਈ ਹੈ, ਆਪਣੇ ਸਰੂਪ ਦੀ ਗਿਆਤ ਜਿਨ੍ਹਾਂ ਨੂੰ ਹੋ ਗਈ ਹੈ, ਉਨ੍ਹਾਂ ਨੂੰ ਹਨ੍ਹੇਰੇ ਰਾਹ ਵਿਚ ਜੇ ਕੋਈ ਪਾਉਣਾ ਚਾਹੇ ਤਾਂ ਉਹ ਨਹੀਂ ਪਿਆ ਕਰਦੇ। ਸੰਤ ਸਭਨਾਂ ਦੇ ਸਾਂਝੇ ਹੋਇਆ ਕਰਦੇ ਹਨ। ਜਾਤਾਂ ਪਾਤਾਂ, ਵਰਣ, ਆਸ਼ਰਮ, ਵਖਰੇ-ਵਖਰੇ ਮਜ਼ਬਾਂ ਵਿਚ ਪੈ ਕੇ ਆਪਸੀ ਨਫਰਤ ਮਨੁੱਖਤਾ ਦਾ ਕੋੜ੍ਹ ਹੈ, ਇਕ ਘੁੱਪ ਹਨ੍ਹੇਰ ਹੈ, ਅੰਧ ਘੋਰ ਹੈ ਜਿਸ ਵਿਚ ਸਤਿ ਦਾ ਮਾਰਗ ਪ੍ਰਾਪਤ ਹੋਣਾ ਬਹੁਤ ਔਖਾ ਹੈ। ਇਸਦਾ ਇਹ ਮਤਲਬ ਨਹੀਂ ਕਿ ਆਪਣੇ ਦੱਸੇ ਹੋਏ ਧਰਮ ਦੀ ਮਰਿਆਦਾ ਨੂੰ ਛੱਡ ਦਿਤਾ ਜਾਵੇ ਪਰ ਮਰਿਆਦਾ ਰਖਦਿਆਂ ਹੀ ਸੱਚ ਦੀ ਪਹਿਚਾਣ ਹੋ ਜਾਣੀ ਚਾਹੀਦੀ ਹੈ। ਇਹ ਮਰਿਆਦਾ ਧੰਨ ਹੈ ਜਿਸ ਨੇ ਇਸ ਜੀਵ ਨੂੰ ਸੱਚ ਦੇ ਬੰਧਨ ਵਿਚ ਪਾ ਕੇ, ਸਤਿ ਦੀ ਗਿਆਤ ਕਰਾਈ। ਉਥੇ ਜਦੋਂ ਦਿਬਯ ਨੈਣ ਖੁਲ੍ਹਦੇ ਹਨ ਤਾਂ ਉਥੇ ਇਕੋ ਪ੍ਰਮੇਸ਼ਰ ਬਿਨਾਂ ਹੋਰ ਕੋਈ ਨਜ਼ਰ ਨਹੀਂ ਆਉਂਦਾ -

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥* *ਪੰਨਾ - 1291*

ਸੋ ਇਸ ਤਰ੍ਹਾਂ ਉਥੇ ਭਾਵੇਂ ਮੈਨੂੰ ਹਿੰਦੂ ਮਿਲਿਆ ਭਾਵੇਂ ਕੋਈ ਹੋਰ ਮਿਲਿਆ ਉਸਦੇ ਨਿਸ਼ਚਿਆਂ ਮੁਤਾਬਿਕ ਹੀ ਆਤਮ ਮਾਰਗ ਦੀ ਅਗਲੀ ਪੀੜੀ ਉਪਰ ਤੋਰਨ ਦਾ ਜਤਨ ਕੀਤਾ ਗਿਆ। ਇਕ ਦਿਨ ਮੈਂ Sanjose ਸੰਗਤ ਨੂੰ ਮਿਲ ਰਿਹਾ ਸੀ ਕੁਝ ਆਰਾਮ ਕਰਨ ਲਈ ਆਪਣੇ ਕਮਰੇ ਵਿਚ ਚਲਿਆ ਗਿਆ ਤਾਂ ਇਕ ਬਹੁਤ ਸੋਹਣੇ ਸਰਦਾਰ 40-45 ਸਾਲ ਦੀ ਅਮਰੀਕਨ ਬੀਬੀ ਨੂੰ ਲੈ ਕੇ ਆਏ। ਉਸ ਨੇ ਆਉਂਦੀ ਨੇ ਹੀ ਕਿਹਾ I am too much worried. I am very frustrated. (ਮੈਂ ਬਹੁਤ ਪਰੇਸ਼ਾਨ ਹਾਂ, ਮੈਂ ਬਹੁਤ ਘਬਰਾਈ ਹੋਈ ਹਾਂ) ਮੇਰੇ ਮਨ ਵਿਚ ਆਇਆ ਕਿ ਇਸ ਨੂੰ ਕੋਈ ਰਸਤਾ ਦਸ ਦਿਤਾ ਜਾਵੇ। ਮੈਂ ਕਿਹਾ ਕਿ ਬਿਲਕੁਲ ਮੇਰੇ ਸਾਮ੍ਹਣੇ ਬੈਠੋ, ਰੀੜ ਦੀ ਹੱਡੀ ਨੂੰ 90 ਦਰਜੇ ਤੇ ਸਿੱਧੀ ਕਰੋ, ਹੁਣ ਆਪ ਆਪਣਾ ਸਰੀਰ ਮੱਥੇ ਤੋਂ ਲੈ ਕੇ ਮੋਢੇ, ਛਾਤੀ, ਪੇਟ, ਲੱਤਾਂ, ਪੈਰਾਂ ਤਕ ਢਿਲਾ ਕਰੋ, ਕੋਈ ਖਿਆਲ ਅੰਦਰ ਨਾ ਆਉਣ ਦੇਵੋ, ਹੁਣ ਆਪਣੇ ਸੁਆਸ ਨੂੰ ਚੈਕ ਕਰੋ ਕਿ ਉਹ ਅੰਦਰ ਆ ਰਿਹਾ ਹੈ ਅਤੇ ਬਾਹਰ ਜਾ ਰਿਹਾ ਹੈ। ਦੋ ਮਿੰਟ ਦੇ ਅੰਦਰ ਉਸ ਨੇ ਇਹ ਸਭ ਕ੍ਰਿਆ ਕਰ ਲਈ ਫਿਰ ਮੈਂ ਉਸਨੂੰ ਦਸਿਆ ਕਿ ਕੇਵਲ meditation ਕਿਸੇ ਵੀ ਕੰਮ ਨਹੀਂ ਆਇਆ

ਕਰਦੀ ਕਿਉਂਕਿ ਇਹ ਮੁਰਦਾ ਹੁੰਦੀ ਹੈ। ਇਸ meditation ਦੇ ਸਮੇਂ ਪ੍ਰਮਾਤਮਾ ਦੀ ਹਸਤੀ ਤੇ ਸ਼ਰਧਾ ਰਖਣੀ ਪੈਂਦੀ ਹੈ, ਉਹ ਸਾਰੇ ਪਰੀਪੂਰਨ ਹੈ, ਤੇਰੇ ਅੰਦਰ ਵੀ ਹੈ, ਮੇਰੇ ਅੰਦਰ ਵੀ ਹੈ, ਸਾਰੀ ਸ਼ਾਂਤੀ ਉਸ ਪ੍ਰਭੂ ਵਿਚੋਂ ਆਉਂਦੀ ਹੈ, ਵਾਹਿਗੁਰੂ ਜੀ ਹਨ ਹੀ ਪਿਆਰ। ਓਹੋ ਜੀਵ ਨਾਲ ਪਿਆਰ ਕਰਦੇ। ਇਹ ਗੱਲਾਂ ਉਸ ਨੇ ਬੜੇ ਧਿਆਨ ਨਾਲ ਸੁਣੀਆਂ ਤੇ ਮਨ ਲਈਆਂ ਅਤੇ ਕਿਹਾ ਕਿ ਬਾਈਬਲ ਵਿਚ ਵੀ ਇਸੇ ਤਰ੍ਹਾਂ ਕਿਹਾ ਗਿਆ ਹੈ। ਫੇਰ ਮੈਂ ਕਿਹਾ ਕਿ ਇਹ ਪ੍ਰਮੇਸ਼ਰ ਆਪਣੇ ਨਾਮ ਰਾਹੀਂ ਪ੍ਰਗਟ ਹੁੰਦਾ ਹੈ ਉਸ ਦੇ ਅਨੇਕਾਂ ਨਾਮ ਹਨ। ਮੈਂ ਬਾਈਬਲ ਨਹੀਂ ਪੜ੍ਹੀ ਜਿਥੇ ਅੰਦਰਲੇ ਸਾਧਨ ਲਿਖੇ ਹੋਣ, ਪਰ ਗੁਰਮਤਿ ਦਾ ਮਤ ਹੈ ਕਿ ਜਦੋਂ ਅਸੀਂ ਪ੍ਰਮੇਸ਼ਰ ਨੂੰ ਇਕਾਗਰ ਚਿਤ ਹੋ ਕੇ ਚਿਤਵਦੇ ਹਾਂ ਅਤੇ ਪਿਆਰ ਨਾਲ ਬੁਲਾਂਦੇ ਹਾਂ ਤਾਂ ਉਹ ਅੰਦਰੋਂ ਹੀ ਪ੍ਰਗਟ ਹੋ ਜਾਇਆ ਕਰਦਾ ਹੈ। ਉਸ ਦਾ ਸਭ ਤੋਂ ਪਹਿਲਾ ਤਜਰਬਾ ਇਹ ਹੈ ਕਿ ਮਨ ਦੀਆਂ ਸਾਰੀਆਂ ਵਾਸ਼ਨਾਵਾਂ ਖਤਮ ਹੋ ਜਾਇਆ ਕਰਦੀਆਂ ਹਨ ਅਤੇ ਆਦਮੀ ਸੰਸਾਰ ਨੂੰ ਭੁੱਲ ਕੇ ਉਸ ਪ੍ਰਮੇਸ਼ਰ ਵਿਚੋਂ ਝਰ ਰਹੀ ਅਨੰਦਤਾ ਨੂੰ ਮਹਿਸੂਸ ਕਰਦਾ ਹੈ ਇਹ scientific ਗੱਲ ਹੈ, ਕੋਈ ਅਟਕਲਪੱਚੂ ਗੱਲ ਨਹੀਂ ਹੈ। ਇਸ ਉਪਰ ਵਿਸ਼ਵਾਸ਼ ਲਿਆਓ ਇਸ ਪਿਛੋਂ ਮੈਂ ਉਸਨੂੰ ਕਿਹਾ ਕਿ ਤੂੰ ਮੇਰੀ ਅਵਾਜ਼ ਸੁਣ, ਮੇਰੇ ਨਾਲ ਅੰਤਰ ਆਤਮੇ ਮਿਲਣ ਦੀ ਕੋਸ਼ਿਸ਼ ਕਰ, ਉਸ ਵੇਲੇ ਮੈਂ ਸੁਾਸ ਅੰਦਰ ਆਉਂਦੇ ਜਾਂਦੇ ਲੰਮੀ ਧੁਨ ੧ੴ ਬੋਲਿਆ, ਦੋ ਵਾਰੀ repeat ਕੀਤਾ। ਉਸ ਨੂੰ ਪੁਛਿਆ ਕਿ ਤੁਹਾਨੂੰ ਸਮਝ ਆ ਗਈ? ਹੁਣ ਤੂੰ ਕਰ। ਉਥੇ ਹੋਰ ਵੀ ਪ੍ਰੇਮੀ ਬੈਠੇ ਸਨ, ਉਹ ਵੀ ਸਾਵਧਾਨ ਹੋ ਕੇ ਕਰਨ ਲੱਗੇ। ਫੇਰ ਮੈਂ ਕਿਹਾ ਕਿ ਜੋ ਮੈਂ ਬੋਲਿਆ ਹਾਂ ਇਹ ਅਵਾਜ਼ ਆਪਣੇ ਅੰਦਰੋਂ ਸੁਣੋ, ਇਸ ਦੀ tune ਬਣਾਓ। ਉਸ ਬੀਬੀ ਨੇ ਬਹੁਤ ਸਾਵਧਾਨਤਾ ਨਾਲ ਨੇਤਰ ਬੰਦ ਕਰ ਲਏ ਅਤੇ ਉਸ ਧੁਨ ਨੂੰ ਅੰਦਰ ਸੁਣਨ ਲਗ ਗਈ ਅਤੇ ਵਿਸ਼ਵਾਸ਼ ਵਿਚ ਆ ਗਈ ਕਿ ਪ੍ਰਭੂ ਮੇਰੇ ਨਾਲ ਹੈ, ਉਹ ਇਸ ਮੰਤਰ ਨੂੰ ਸੁਣ ਰਿਹਾ ਹੈ। 15 ਮਿੰਟ ਤੋਂ ਪਿਛੋਂ ਉਸ ਨੇ ਦੋਵੇਂ ਬਾਹਾਂ ਉਚੀਆਂ ਕਰ ਲਈਆਂ ਤੇ ਕਹਿਣ ਲੱਗੀ - wonderful-wonderful-wonderful (ਅਜੀਬ ਹੈ-ਵਿਸਮਾਦ ਜਨਕ ਹੈ-ਅਦਭੁਤ ਹੈ) ਮੇਰੀਆਂ ਸਾਰੀਆਂ worries ਅੰਦਰੋਂ ਖਤਮ ਹੋ ਗਈਆਂ ਹਨ। ਹੁਣ ਮੇਰੇ ਅੰਦਰ ਇਕ peace ਮਹਿਸੂਸ ਹੋ ਰਹੀ ਹੈ। ਮੈਂ ਤਾਂ ਇਸੇ ਤਰ੍ਹਾਂ ਹਰ ਰੋਜ਼ ਕਰਿਆ ਕਰਾਂਗੀ। ਸੋ ਇਸ ਤਰ੍ਹਾਂ ਦੇ ਨਾਲ ਵੱਡੇ-ਵੱਡੇ ਮਹਾਂਪੁਰਸ਼ਾਂ ਦਾ ਇਹ

ਮਤ ਰਿਹਾ ਹੈ ਕਿ ਜੋ ਕੋਈ ਜਿਸ ਮਾਰਗ ਤੇ ਚਲ ਰਿਹਾ ਹੈ ਉਸ ਨੂੰ ਉਥੇ ਹੀ ਅੱਗੇ ਸੇਧ ਦੇ ਕੇ ਤੋਰ ਦੇਣਾ ਚਾਹੀਦਾ ਹੈ ਜਿਵੇਂ ਕਿ ਫੁਰਮਾਨ ਹੈ–

*ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥*
*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥ ਪੰਨਾ – 853*

ਸੋ ਜਿਸ ਜਿਸ ਘਰ ਵਿਚ ਮੈਂ ਚਰਨ ਪਾਉਂਦਾ ਸੀ, ਉਥੇ ਕਾਫੀ ਇਕੱਠ ਹੋਇਆ ਕਰਦਾ ਸੀ, ਬਹੁਤ ਘਰਾਂ ਵਿਚ ਤਾਂ ਦਰਸ਼ਕ ਆਪਣੀਆਂ problems ਦੀਆਂ ਗੱਲਾਂ ਕਰਦੇ ਸਨ ਅਤੇ ਇਸ ਦਾ ਹੱਲ ਵੀ ਪੁਛਦੇ ਸਨ।

ਇਕ ਛੋਟੇ ਪਿੰਡ ਵਿਚ ਮੈਂ ਗਿਆ, ਉਹ ਬਦਾਮਾਂ ਦੇ ਬਾਗਾਂ ਵਿਚ ਵਸਿਆ ਹੋਇਆ ਸੀ, ਬਹੁਤ ਹੀ ਸੁਹਾਵਣਾ ਵਾਤਾਵਰਣ ਉਸ ਥਾਂ ਸੀ। ਜਿਸ ਘਰ ਵਿਚ ਮੈਂ ਗਿਆ ਉਥੇ ਬਹੁਤ ਸੰਗਤ ਅਤੇ ਖਾਸ ਕਰਕੇ ਬੀਬੀਆਂ ਬਹੁਤ ਆਈਆਂ ਹੋਈਆਂ ਸਨ। ਉਨ੍ਹਾਂ ਵਿਚੋਂ ਬਹੁਤੀਆਂ ਨੇ ਕਿਹਾ ਕਿ ਸਾਡਾ ਨਾਮ ਨਹੀਂ ਚਲਦਾ, ਅਸੀਂ ਬਹੁਤ ਯਤਨ ਕਰਦੇ ਹਾਂ। ਮੈਨੂੰ ਬਹੁਤ ਖੁਸ਼ੀ ਹੋਈ ਕਿ ਮੈਨੂੰ ਇਸ ਡਾਲਰਾਂ ਦੀ ਛਣਕਾਰ ਵਾਲੇ ਦੇਸ਼ ਵਿਚ ਅਜਿਹੇ ਪ੍ਰੇਮੀ ਵੀ ਮਿਲ ਰਹੇ ਹਨ ਜਿਹੜੇ ਸ਼ਾਂਤੀ ਮੰਗਦੇ ਹਨ ਅਤੇ ਪ੍ਰਭੂ ਤਕ ਪਹੁੰਚਣ ਦੀ ਮੇਰੇ ਨਾਲ ਗੱਲ ਕਰਦੇ ਹਨ। ਮੇਰੇ ਮਨ ਵਿਚ ਆਇਆ ਕਿ ਇਨ੍ਹਾਂ ਸਾਰਿਆਂ ਨੂੰ ਕੋਈ ਰਸਤਾ ਦਸ ਦਿਤਾ ਜਾਵੇ। ਉਨ੍ਹਾਂ ਸਾਰਿਆਂ ਨੂੰ ਬਿਠਾ ਲਿਆ ਅਤੇ breath control ਦੀ ਮਦਦ ਨਾਲ ਨਾਮ ਜਪਣ ਤੇ ਲਾ ਦਿਤੇ, ਕੋਈ 10 ਮਿੰਟ ਦੇ ਕਰੀਬ ਉਹ ਦੱਸੇ ਹੋਏ ਤਰੀਕੇ ਨਾਲ ਨਾਮ ਧੁਨ ਅੰਦਰ ਸੁਣਦੇ ਰਹੇ ਉਸ ਪਿਛੋਂ ਮੈਂ ਨੇਤਰ ਖੁਲ੍ਹਵਾਏ ਤਾਂ ਉਨ੍ਹਾਂ ਵਿਚੋਂ ਸਿਆਣੀਆਂ ਬੀਬੀਆਂ ਤੇ ਭਾਈਆਂ ਨੇ ਕਿਹਾ ਕਿ ਅੱਜ ਅਸਾਡੇ ਭਾਗ ਜਾਗੇ ਹਨ, ਅਸੀਂ ਬਹੁਤ ਚਿਰਾਂ ਤੋਂ ਰੁਕੇ ਪਏ ਸੀ, ਰਸ ਨਹੀਂ ਸੀ ਆਉਂਦਾ, ਮਨ ਦੌੜਦਾ ਰਹਿੰਦਾ ਸੀ ਅਜ ਸਾਡੇ ਭਾਗ ਜਾਗੇ ਹਨ ਕਿ ਸਾਡਾ ਮਨ 15 ਮਿੰਟ ਕਿਤੇ ਵੀ ਨਹੀਂ ਗਿਆ। ਉਨ੍ਹਾਂ ਵਿਚ ਇਕ ਬੀਬੀ ਐਸੀ ਸੀ ਜਿਸਨੂੰ ਮੈਂ ਦੇਖ ਰਿਹਾ ਸੀ ਤੇ ਮੈਂ ਉਸ ਨੂੰ ਕਿਹਾ ਕਿ ਤੇਰੀ ਸੁਰਤ ਨਹੀਂ ਲੱਗੀ। ਉਸ ਨੇ ਹਾਂ ਵਿਚ ਉਤਰ ਦਿਤਾ। ਮੈਂ ਪੁਛਿਆ ਕਿ ਤੇਰੇ ਅੰਦਰ ਸੁਆਸ ਚਲਦਾ ਹੈ, ਤੈਨੂੰ ਪਤਾ ਹੈ? ਕਹਿਣ ਲੱਗੀ, "ਮੈਨੂੰ ਕੁਛ ਨਹੀਂ ਪਤਾ, ਕਿਥੇ ਚਲਦਾ ਹੈ।" ਇਸ ਗੱਲ ਉਪਰ ਸਾਰੇ ਹੱਸ ਪਏ। ਮੈਂ ਕਿਹਾ, "ਬੇਟਾ! ਇਹ ਵੀ ਮੈਂ ਤੈਨੂੰ

ਦਸ ਕੇ ਜਾਵਾਂਗਾ। ਆਪਣਾ ਨੱਕ, ਮੂੰਹ ਬੰਦ ਕਰ ਲੈ, ਖੋਲ੍ਹੀ ਨਾ, ਕੁਝ ਵੀ ਹੋ ਜਾਵੇ।" ਜਦੋਂ ਅੰਦਰਲਾ ਸਾਹ ਰੁਕ ਗਿਆ, ਨੱਕ ਤੋਂ ਹੱਥ ਉਠ ਗਿਆ ਤੇ ਪੂਰੇ ਜ਼ੋਰ ਨਾਲ ਬਾਹਰ ਨੂੰ ਅਤੇ ਉਸੇ ਤਰ੍ਹਾਂ ਅੰਦਰ ਨੂੰ ਚਲਿਆ ਗਿਆ। ਮੈਂ ਕਿਹਾ, "ਹੁਣ ਪਤਾ ਲੱਗ ਗਿਆ?" ਕਹਿੰਦੀ ਹਾਂ, ਹੁਣ ਪਤਾ ਲੱਗਿਆ ਹੈ। ਫੇਰ ਮੈਂ ਕਿਹਾ ਇਸ ਤਰ੍ਹਾਂ ਸ੍ਵਾਸ ਨੂੰ ਕੰਟਰੋਲ ਕਰ ਲਈਦਾ ਹੈ ਫੇਰ ਜੋ ਨਾਮ ਤੁਹਾਨੂੰ ਜਿਥੋਂ ਪ੍ਰਾਪਤ ਹੋਇਆ ਹੈ, ਉਸ ਨੂੰ ਸ੍ਵਾਸ ਦੀ ਮਦਦ ਨਾਲ ਜਪੋ।

ਅੰਮ੍ਰਿਤਧਾਰੀਆਂ ਨੂੰ ਇਹ ਗੁਰਮੰਤਰ ਪੰਜ ਪਿਆਰੇ ਦਿੰਦੇ ਹਨ ਹੋਰ ਸੰਪਰਦਾਵਾਂ ਦੀ ਆਪੋ ਆਪਣੀ ਮਰਿਆਦਾ ਅਤੇ ਸ਼ਬਦ ਹਨ। ਜਿਵੇਂ ਕਿ ਰਾਧਾ ਸੁਆਮੀ ਸੰਪਰਦਾਇ ਵਿਚ ਪੰਜ ਸ਼ਬਦ ਦਿਤੇ ਜਾਂਦੇ ਹਨ ਜਿਨ੍ਹਾਂ ਦੇ ਵੱਖੋ-ਵਖਰੇ ਅਸਥਾਨ ਹਨ।

ਇਕ ਵਾਰੀ ਇਕ ਰਾਧਾ ਸੁਆਮੀ ਪ੍ਰੇਮੀ ਜਿਸਦਾ ਨਾਮ ਹੌਲਦਾਰ ਗੁਰਦਿੱਤ ਸਿੰਘ ਸੀ ਸੰਤ ਮਹਾਰਾਜ ਜੀ (ਰਾੜੇ ਵਾਲਿਆਂ) ਪਾਸ ਆਏ। ਉਨ੍ਹਾਂ ਨੇ ਦਸਿਆ ਕਿ ਮਹਾਰਾਜ ਜੀ! ਮੇਰੀ ਸੁਰਤਿ ਕਾਫੀ ਉਚੀ ਉਡਾਰੀ ਮਾਰਦੀ ਹੈ, ਭਜਨ ਕਰਨ ਵੇਲੇ ਤਾਂ ਅਨੰਦ ਰਹਿੰਦਾ ਹੈ ਪਰ ਜਦੋਂ ਸੁਰਤਿ ਹੇਠਾਂ ਆ ਜਾਂਦੀ ਹੈ ਫੇਰ ਓਹੋ ਕਲਪਨਾਵਾਂ ਉਠ ਖੜ੍ਹੀਆਂ ਹੋ ਜਾਂਦੀਆਂ ਹਨ। ਕਹਿਣ ਲੱਗਿਆ ਮੈਂ ਸਵਾਂਸਾਂ ਨਾਲ ਪੰਚ ਸ਼ਬਦ ਦਾ ਅਭਿਆਸੀ ਹਾਂ, ਮੇਰੇ ਅੰਦਰ ਰੋਸ਼ਨੀਆਂ ਹੋ ਗਈਆਂ ਹਨ, ਅਨਹਦ ਭੀ ਸੁਣਦੇ ਹਨ।

ਮਹਾਰਾਜ ਜੀ! ਜੋਤ ਨਿਰੰਜਨ ਸ਼ਬਦ ਤ੍ਰਿਕੁਟੀ ਤੋਂ ਉਪਰ ਸੁਣਦਾ ਹੈ ਦੀਵਾ ਬਿਨ ਤੇਲ ਤੇ ਬੱਤੀ ਦੇ ਜਗਦਾ ਹੈ, ਸੰਖ ਅਤੇ ਘੜਿਆਲ ਦੀ ਧੁਨ ਸੁਣਦੀ ਹੈ, ਸੁੰਨ ਗੁਫਾ ਵਿਚ ਓਅੰਕਾਰ ਦੀ ਧੁੰਨ ਤੇ ਦੂਜ ਦੇ ਚੰਦਰਮਾ, ਤਾਰਿਆਂ ਦੀ ਰੋਸ਼ਨੀ ਅਤੇ ਮ੍ਰਿਦੰਗ ਤੇ ਬਬੀਹੇ ਦੀ ਅਵਾਜ਼ ਸੁਣਦੀ ਹੈ। ਭੰਵਰ ਗੁਫਾ ਵਿਚ ਸੋਹੰ ਸ਼ਬਦ ਦੀ ਧੁਨ ਹੈ, ਪੂਰਨਮਾਸ਼ੀ ਦੇ ਚੰਦਰਮਾ ਦਾ ਪ੍ਰਕਾਸ਼ ਅਤੇ ਸਾਰੰਗੀ ਵਜਦੀ ਸੁਣਦੀ ਹੈ। ਦਸਵੇਂ ਦੁਆਰ ਵਿਚ ਸਤਿਨਾਮੁ ਦੀ ਧੁਨ, ਪ੍ਰਕਾਸ਼ ਸੂਰਜ ਦਾ ਤੇ ਅਵਾਜ਼ ਬੀਨ ਜਾਂ ਕਈ ਬੀਨਾਂ ਦੀ ਹੈ। ਅਨਾਮੀ ਮੰਜ਼ਲ ਵਿਚ ਏਕੰਕਾਰ ਸ਼ਬਦ, ਹਜ਼ਾਰਾਂ ਸੂਰਜਾਂ ਦਾ ਪ੍ਰਕਾਸ਼ ਅਤੇ ਮਧੁਰ ਬੰਸਰੀ ਵਜਦੀ ਹੈ। ਮਹਾਰਾਜ ਜੀ! ਜਿੰਨਾਂ ਚਿਰ ਤਾਂ ਬਿਰਤੀ ਇਨ੍ਹਾਂ ਰੋਸ਼ਨੀਆਂ ਧੁਨਾਂ ਵਿਚ ਲੱਗੀ ਰਹਿੰਦੀ ਹੈ ਮੈਂ ਘੰਟਿਆ ਬੱਧੀ ਥੱਕਣ ਅੱਕਣ ਤੋਂ ਬਿਨਾਂ ਹੀ ਬੈਠਾ ਰਹਿੰਦਾ ਹਾਂ ਜਦੋਂ ਬਿਰਤੀ ਬਾਹਰਮੁਖ ਹੁੰਦੀ ਹੈ ਤਾਂ

ਓਹੀ ਕਲਪਨਾਵਾਂ, ਵਾਸ਼ਨਾਵਾਂ, ਰਾਗ ਦ੍ਵੈਸ਼, ਈਰਖਾ ਅਸ਼ਾਂਤੀ ਘੇਰ ਲੈਂਦੀ ਹੈ। ਸਾਧਨ ਕਰਕੇ ਸਿਰ ਨੂੰ ਚੱਕਰ ਆਉਣੇ ਸ਼ੁਰੂ ਹੋ ਜਾਂਦੇ ਹਨ। ਮਹਾਰਾਜ! ਮੈਥੋਂ ਪਤਾ ਨਹੀਂ ਕੋਈ ਭੁੱਲ ਹੋ ਗਈ, ਹੁਣ ਮੇਰੀ ਸੁਰਤਿ ਇਨ੍ਹਾਂ ਮੰਡਲਾਂ ਵਿਚ ਉਡਾਰੀ ਨਹੀਂ ਮਾਰ ਰਹੀ। ਮਨ ਦੀ ਭਟਕਣਾਂ ਵਧ ਗਈ ਹੈ, ਕਿੰਨਿਆਂ ਮਹਾਂਪੁਰਸ਼ਾਂ ਪਾਸ ਭਟਕਣ ਦੇ ਇਲਾਜ ਲਈ ਪੁਛਾਂ ਕੀਤੀਆਂ ਪਰ ਮੇਰੀ ਹਾਲਤ ਨਹੀਂ ਬਦਲੀ। ਆਪਣੇ ਪਿੰਡ ਦੇ ਕਟਾਰੇ ਵਾਲੇ ਹਜ਼ੂਰਾ ਸਿੰਘ ਦੀ ਪ੍ਰੇਰਨਾ ਸਦਕੇ ਆਪ ਦੀ ਚਰਨ ਸ਼ਰਨ ਪੁਜਿਆ ਹਾਂ। ਮਹਾਰਾਜ ਜੀ ਨੇ ਉਤਮ ਅਧਿਕਾਰੀ ਜਾਣ ਕੇ ਪ੍ਰਾਣਾਯਾਮ ਦੇ ਮਾਰਗ ਤੋਂ ਹਟਾ ਕੇ ਸਹਿਜ ਮਾਰਗ ਵਿਚ ਲਾ ਦਿਤਾ। ਮੁੜ ਕੇ ਗੁਰਮਤਿ ਮਾਰਗ ਦਾ ਪ੍ਰਕਾਸ਼ ਹੋ ਗਿਆ। ਅੰਮ੍ਰਿਤ ਛਕ ਕੇ ਪੰਜ ਬਾਣੀਆਂ ਦਾ ਪਾਠ, ਬਾਣੀ ਵੀਚਾਰ, ਸਹਿਜ ਦਾ ਨਾਮ ਅਭਿਆਸ ਕਰਨ ਕਰਕੇ ਮਹਾਨ ਸ਼ਾਂਤ ਹੋ ਗਿਆ। ਹਜ਼ੂਰ ਦੇ ਦੀਵਾਨ, ਪ੍ਰਵਚਨ ਸੁਣਦੇ ਰਹਿਣਾ।

ਮੈਨੂੰ ਤਾਂ ਇਸ ਤਰ੍ਹਾਂ ਲਗਦਾ ਸੀ ਕਿ ਇਹ ਸਾਡੇ ਹੀ ਬਾਲ ਬੱਚੇ ਹਨ। ਮੈਨੂੰ ਨਹੀਂ ਸੀ ਪਤਾ ਲਗਦਾ ਕਿ ਇਹ ਹਿੰਦੂ ਹਨ ਜਾਂ ਹੋਰ ਸੰਪਰਦਾ ਨਾਲ ਸਬੰਧ ਰੱਖਣ ਵਾਲੇ ਹਨ, ਮੈਨੂੰ ਪੁਛਣ ਦੀ ਲੋੜ ਵੀ ਨਹੀਂ ਸੀ। ਗੁਰਦੁਆਰਿਆਂ ਵਿਚ ਜਦੋਂ ਦੀਵਾਨ ਲਗਦੇ ਸਨ ਤਾਂ ਉਥੇ ਐਨੀ ਸੰਗਤ ਆ ਜਾਂਦੀ ਸੀ ਕਿ ਹਾਲ ਭਰ ਜਾਣੇ, ਸੰਗਤ ਨੇ ਲੰਗਰ ਵਿਚ ਬੈਠ ਜਾਣਾ ਫੇਰ ਵੀ ਸੰਗਤ ਸਮਾਉਂਦੀ ਨਹੀਂ ਸੀ। ਸਨਹੋਜ਼ੇ ਵਿਚ Fremont ਦੀਵਾਨ ਲੱਗਿਆ ਅਤੇ ਉਥੇ ਇਕ ਹੋਰ ਗੁਰਦੁਆਰਾ ਸੀ ਉਥੇ ਵੀ ਲੱਗਿਆ। ਦੋਹਾਂ ਗੁਰਦਵਾਰਿਆਂ ਵਿਚ ਰਿਕਾਰਡ ਤੋੜ ਇਕੱਠ ਸੀ ਉਨ੍ਹਾਂ ਨੂੰ ਦੇਖ ਕੇ ਸੰਗਤ ਨੇ ਸੋਚਿਆ ਕਿ ਪੂਰਾ-ਪੂਰਾ ਲਾਭ ਲੈਣ ਵਾਸਤੇ ਸਾਨੂੰ ਬਹੁਤ ਵੱਡੇ ਹਾਲ ਦੀ ਲੋੜ ਹੈ ਜਿਥੇ ਹਜ਼ਾਰਾਂ ਸੰਗਤਾਂ ਅਰਾਮ ਨਾਲ ਬੈਠ ਸਕਣ ਕਿਉਂਕਿ ਇਨ੍ਹਾਂ ਥਾਵਾਂ ਉਪਰ ਸੰਗਤ ਕੁਝ ਹਾਲ ਵਿਚ ਬੈਠੀਆਂ ਸਨ, ਕੁਝ ਹੇਠਾਂ ਲੰਗਰ ਵਿਚ ਸਨ, ਕੁਝ ਨਾਲ ਲਗਦੇ ਸ਼ੈਡ ਵਿਚ ਸਨ ਇਵੇਂ ਜਿਵੇਂ ਜਦੋਂ ਮੈਂ ਬੰਬਈ ਕੀਰਤਨ ਕਰਨ ਗਿਆ ਤਾਂ ਉਨ੍ਹਾਂ ਦਾ ਦੀਵਾਨ ਹਾਲ ਭਰ ਕੇ ਲੰਗਰ ਵੀ ਭਰ ਗਿਆ। ਲੰਗਰ ਕੀਰਤਨ ਸਮੇਂ ਬੰਦ ਹੋ ਗਿਆ, ਦੀਵਾਨ ਦੀ ਰਾਤ ਨੂੰ 12.10 ਤੇ ਸਮਾਪਤੀ ਹੋਈ। ਇਕ ਵੀ ਪ੍ਰੇਮੀ ਨਾ ਸੁੱਤਾ, ਨਾ ਘਰ ਗਿਆ। ਮੇਰੇ ਯਾਦ ਆ ਗਿਆ ਕਿ ਉਥੇ ਵੀ ਇਸੇ ਤਰ੍ਹਾਂ ਹੋਇਆ ਸੀ, ਸੰਗਤ ਦੇ ਪ੍ਰਮੁੱਖ ਗੁਰਸਿੱਖਾਂ ਨੇ ਸਨੀਵੇਲ ਵਿਚ ਮੰਦਰ ਦੇ ਨਾਲ ਲਗਦਾ ਹਾਲ ਕਿਰਾਏ ਤੇ ਲੈ ਲਿਆ।

ਉਨ੍ਹਾਂ ਦੇ ਪ੍ਰਬੰਧਕਾਂ ਨੇ ਇਹ ਜਾਨਣ ਦੀ ਕੋਸ਼ਿਸ਼ ਕੀਤੀ ਕਿ ਇਹ ਸਿੱਖ ਇਕੱਠੇ ਹੋ ਕੇ ਸਾਨੂੰ ਹੀ ਗਾਲ੍ਹਾਂ ਨਾ ਕੱਢਣ। ਸਿੰਘਾਂ ਦੇ ਯਕੀਨ ਦਿਵਾਉਣ ਤੇ ਉਨ੍ਹਾਂ ਨੇ ਕਿਹਾ ਕਿ ਅਸੀਂ 12 ਦਿਨ ਵਾਸਤੇ ਹਾਲ ਦੇ ਸਕਦੇ ਹਾਂ। ਇਸ ਦਾ ਹਾਲ ਮੈਂ ਅੱਗੇ ਲਿਖਾਂਗਾ ਅਤੇ ਹੁਣ ਮੈਂ ਫੇਰ ਉਥੇ ਹੀ ਆਉਂਦਾ ਹਾਂ।

11 ਤਰੀਕ ਮੈਂ ਟਰਲੌਕ ਤੋਂ 150 ਮੀਲ ਦੂਰ Berkley ਦੇ ਨਾਲ ਲਗਦੇ Richard ਗੁਰਦੁਆਰੇ ਲੈਕਚਰ ਦਿਤਾ ਕਿਉਂਕਿ ਮੇਰਾ ਗਲਾ ਖਰਾਬ ਹੋਇਆ ਹੋਇਆ ਸੀ। ਜਿਥੇ ਮੇਰਾ ਨਿਵਾਸ ਸੀ ਉਥੋਂ ਉਸਦੀ ਦੂਰੀ 150 ਮੀਲ ਸੀ। ਗੁਰਦੁਆਰਾ ਬਹੁਤ ਹੀ ਸੁੰਦਰ ਸੀ, ਪਹਾੜੀ ਦੀ ਚੋਟੀ ਤੇ ਬਣਿਆ ਹੋਇਆ ਸੀ, ਉਥੋਂ ਸਮੁੰਦਰ ਠਾਠਾਂ ਮਾਰਦਾ ਨਜ਼ਰ ਆਉਂਦਾ ਸੀ। ਮੈਂ ਵਾਪਸ ਰਾਤ ਦੇ ਡੇਢ ਵਜੇ ਘਰ ਪਹੁੰਚਿਆ। ਕਾਫੀ ਥੱਕ ਗਿਆ ਸੀ। ਇਹ ਵਾਹਿਗੁਰੂ ਜੀ ਦੀ ਕ੍ਰਿਪਾ ਹੀ ਰਹੀ ਹੈ ਕਿ ਸਰੀਰ ਦੀ ਉਮਰ 81 ਸਾਲ ਦੀ ਹੋਣ ਉਪਰੰਤ ਵੀ ਨਾ ਥਕੇਵਾਂ ਹੁੰਦਾ ਸੀ, ਨਾ ਕੋਈ ਹੋਰ ਤਕਲੀਫ ਹੁੰਦੀ ਸੀ। ਰਾਤ ਨੂੰ 0130 ਵਜੇ ਟਰਲੌਕ ਪੁੱਜੇ ਜਿਥੇ ਡਾ. ਸੋਨੀ ਜੀ ਇੰਤਜ਼ਾਰ ਕਰ ਰਹੇ ਸਨ, 0230 ਵਜੇ ਆਰਾਮ ਕੀਤਾ।

ਇਕ ਗੱਲ ਮੈਂ ਦਸ ਦੇਣੀ ਚਾਹੁੰਦਾ ਹਾਂ ਕਿ ਟਰਲੋਕ ਵਿਚ ਡਾ. ਸੋਨੀ heart ਦੇ specialist ਡਾਕਟਰ ਹਨ। ਉਨ੍ਹਾਂ ਨਾਲ ਸਹਿਜ ਵਿਚ ਹੀ ਬਚਨ ਹੁੰਦੇ ਰਹਿੰਦੇ ਸਨ ਉਹ ਕੋਈ ਵੀ ਸਵਾਲ ਪਾਉਂਦੇ, ਮੈਂ ਉਸ ਦਾ scientific ਢੰਗ ਨਾਲ ਹੀ ਉਤਰ ਦਿੰਦਾ ਰਹਿੰਦਾ। ਘਰ ਵਿਚ ਕੁਝ ਪਰੇਸ਼ਾਨੀ ਸੀ ਕਿਉਂਕਿ ਦੋਨੋਂ ਹੀ ਮਸ਼ਹੂਰ ਡਾਕਟਰ ਸਨ, ਦੋਨਾਂ ਦਾ ਸਵੈਮਾਨ ਹੀ ਬੜਾ ਉਚਾ ਸੀ ਇਹ ਚੀਜ਼ ਪਿਆਰ ਦੇ ਰਾਹ ਵਿਚ ਰੁਕਾਵਟ ਹੋਇਆ ਕਰਦੀ ਹੈ। ਡਾਕਟਰ ਜਸਬੀਰ ਸੋਨੀ ਦੇ ਘਰ ਚਰਨ ਪਾਏ, ਸਾਰਾ ਪਰਿਵਾਰ ਹਾਜ਼ਰ ਸੀ ਉਹ ਡਾ. ਸਨ ਇਸ ਕਰਕੇ ਕੁਦਰਤੀ ਤੌਰ ਤੇ ਬਚਨ ਸ਼ੁਰੂ ਹੋ ਗਿਆ ਕਿ ਗੁਰਬਾਣੀ ਦੇ ਅੰਦਰ ਸਾਰੀਆਂ ਬਿਮਾਰੀਆਂ ਦਾ ਇਲਾਜ ਪ੍ਰਮੇਸ਼ਰ ਦਾ ਨਾਮ ਹੈ ਜੋ ਹਰੇਕ ਦੇ ਅੰਦਰ ਹੈ –

*ਹਰਿ ਅਉਖਧੁ ਸਭ ਘਟ ਹੈ ਭਾਈ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ॥*
*ਗੁਰਿ ਪੂਰੈ ਸੰਜਮੁ ਕਰਿ ਦੀਆ॥*
*ਨਾਨਕ ਤਉ ਫਿਰਿ ਦੂਖ ਨ ਥੀਆ॥* *ਪੰਨਾ – 259*

ਇਹ ਬਚਨ ਉਨ੍ਹਾਂ ਨੇ ਵੀ ਸੁਣੇ ਉਹ ਡਾਕਟਰ ਸਨ, ਉਨ੍ਹਾਂ ਨੂੰ ਹੋਰ ਵਿਆਖਿਆ ਦੀ ਲੋੜ ਸੀ।

ਡਾ. ਜਸਬੀਰ ਸੋਨੀ ਕਹਿਣ ਲੱਗੇ, ਕਈ ਵਾਰੀ ਅਸੀਂ ਸੁਣਦੇ ਤਾਂ ਹਾਂ ਕਿ faith healing ਨਾਲ ਬਹੁਤ ਸਾਰੀਆਂ ਬਿਮਾਰੀਆਂ ਠੀਕ ਹੋ ਜਾਂਦੀਆਂ ਹਨ ਪਰ ਮਨ ਨਹੀਂ ਮੰਨਦਾ। ਸਰੀਰ ਵਿਚ ਜਦੋਂ ਵਿਕਾਰ ਪੈਦਾ ਹੋ ਜਾਂਦੇ ਹਨ ਨਾ ਉਹ ਦਵਾਈ ਦਿਤੇ ਤੇ ਹੀ ਠੀਕ ਹੁੰਦੇ ਹਨ। ਨਾ ਉਹ ਜਾਣਦੇ ਹਨ ਕਿ ਉਹ ਕਿਵੇਂ ਠੀਕ ਹੁੰਦੇ ਹਨ। ਦੋਨੋਂ ਮੇਰੇ ਬਰਾਬਰ ਹੀ ਦੂਜੇ ਪਾਸੇ ਟੇਬਲ ਤੇ ਨਾਲ ਹੀ ਕੁਰਸੀ ਤੇ ਬੈਠੇ ਸਨ, ਉਨ੍ਹਾਂ ਦੇ ਬੱਚੇ ਵੀ ਮੇਰੇ ਨਾਲ ਹੀ ਬਚਨ ਕਰ ਰਹੇ ਸਨ ਤਾਂ ਮੈਂ ਉਨ੍ਹਾਂ ਨੂੰ ਦਸਿਆ ਕਿ ਗੁਰੂ ਸਾਹਿਬ ਦੀ ਬਾਣੀ ਬਿਲਕੁਲ scientific ਹੈ। ਇਸ ਦੇ ਅਨੁਸਾਰ ਤੰਦਰੁਸਤੀ ਜਾਂ ਬਿਮਾਰੀ ਖਿਆਲ ਦੇ ਨਾਲ ਸਬੰਧ ਰਖਦੀ ਹੈ। ਜਦੋਂ ਖਿਆਲਾਂ ਦਾ ਸੰਤੁਲਨ ਵਿਗੜ ਜਾਂਦਾ ਹੈ, ਉਸ ਵੇਲੇ brain ਵਿਚ ਜੋ ਰੋਗ ਦਾ ਮੁਕਾਬਲਾ ਕਰਨ ਦੀ ਸ਼ਕਤੀ ਹੈ, ਉਹ nervous system upset (ਖੇਰੂੰ ਖੇਰੂੰ) ਹੋਣ ਨਾਲ ਪੂਰੀ ਤਰ੍ਹਾਂ ਕੰਮ ਨਹੀਂ ਕਰਦੀ, ਅੱਜਕਲ੍ਹ ਦੀ ਜੋ ਖੋਜ ਹੈ ਉਸਦੇ ਮੁਤਾਬਿਕ ਕੈਂਸਰ ਨੂੰ killing disease ਆਖਦੇ ਹਨ ਅਤੇ AIDS ਨੂੰ ਵੀ killing disease ਕਿਹਾ ਜਾਂਦਾ ਹੈ ਪਰ ਹੁਣ ਜੋ ਨਵੀਂ ਛੇਤੀ ਹੀ ਬਿਮਾਰੀ ਆਉਣ ਵਾਲੀ ਹੈ ਉਹ ਦਿਮਾਗੀ ਤਣਾਓ ਦੀ ਹੈ, ਪਰੇਸ਼ਾਨੀਆਂ ਦੀ ਹੋਵੇਗੀ, ਦਰਅਸਲ 90% ਬਿਮਾਰ ਇਸ ਤਣਾਓ ਕਰਕੇ ਬਿਮਾਰ ਹੋਇਆ ਕਰਦੇ ਹਨ। tension ਜਦੋਂ ਸਰੀਰ ਅੰਦਰ ਪ੍ਰਵੇਸ਼ ਕਰ ਜਾਵੇ ਤਾਂ ਸਾਰਾ ਸੰਤੁਲਨ ਆਪਣਾ ਕਾਰਜ ਛੱਡ ਕੇ upset ਹੋ ਜਾਇਆ ਕਰਦਾ ਹੈ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ –

*ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥*
*ਜਿਉ ਕੰਚਨ ਸੋਹਾਗਾ ਢਾਲੈ ॥* *ਪੰਨਾ – 932*

ਇਸ ਉਤੇ ਹੀ ਆਪਾਂ ਵਿਚਾਰ ਕਰੀਏ ਤਾਂ ਕ੍ਰੋਧ ਇਕ ਬਹੁਤ ਹੀ ਭਿਆਨਕ ਕਿਸਮ ਦਾ ਰੋਗ ਹੈ, ਇਸ ਦੇ ਬਰਾਬਰ ਹੀ ਕਾਮ ਦਾ ਰੋਗ ਹੈ। ਕ੍ਰੋਧ ਆਉਣ ਨਾਲ ਆਦਮੀ ਦੇ brain ਵਿਚ ਫਿਸਫੋਟ ਹੁੰਦਾ ਹੈ ਜਿਵੇਂ ਬਾਹਰ ਬੰਬ ਫਟ ਜਾਵੇ, ਉਸ ਨਾਲ ਉਸਦੇ brain ਦੇ ਬਹੁਤ ਸਾਰੇ ਸੈਲ burn ਹੋ (ਜਲ) ਜਾਂਦੇ ਹਨ। ਉਸਦੀ ਸੰਤੁਲਨ ਕਾਇਮ ਰੱਖਣ ਵਾਲੀ ਸ਼ਕਤੀ ਜਾਂਦੀ ਰਹਿੰਦੀ ਹੈ। ਬੁੱਧੀ ਵਿਚ ਹਨ੍ਹੇਰਾ

ਛਾ ਜਾਂਦਾ ਹੈ, ਕਿਸੇ ਗੱਲ ਨੂੰ ਸੋਚ ਨਹੀਂ ਸਕਦਾ, ਅਰਲ ਬਰਲ ਮੂੰਹੋਂ ਬੋਲਦਾ ਹੈ। ਕਈ ਵਾਰੀ ਸਰੀਰ ਦਾ ਅੰਗ-ਅੰਗ ਕੰਬਣ ਲਗ ਜਾਂਦਾ ਹੈ, brain ਉਤੇ ਬਹੁਤ ਪਰੈਸ਼ਰ ਪੈਂਦਾ ਜਾਂਦਾ ਹੈ, ਕ੍ਰੋਧ ਵਿਚ ਆਇਆ ਬੰਦਾ ਅਜਿਹਾ ਫੈਸਲਾ ਕਰ ਬੈਠਦਾ ਹੈ, ਜਿਸ ਨੂੰ ਜੇ ਉਹ ਕਰ ਲਵੇ ਤਾਂ ਪਿਛੋਂ ਬਹੁਤ ਪਛਤਾਉਣਾ ਪੈਂਦਾ ਹੈ, ਇਹ ਇਕ ਦੂਸ਼ਿਤ ਐਨਰਜੀ (ਸ਼ਕਤੀ) ਦੀ wave (ਲਹਿਰ) ਹੈ ਜੋ ਸਰੀਰ ਦੇ ਕਣ-ਕਣ ਵਿਚੋਂ ਬਾਹਰ ਨਿਕਲ ਰਹੀ ਹੁੰਦੀ ਹੈ, ਅੱਖਾਂ ਲਾਲ ਹੋ ਜਾਂਦੀਆਂ ਹਨ, ਜੀਭ ਥਥਲਾਉਂਦੀ ਹੈ ਬਿਨਾਂ ਸੋਚੇ ਸਮਝੇ ਅਜਿਹੀਆਂ ਗੱਲਾਂ ਕਹਿ ਜਾਂਦਾ ਹੈ ਜਿਸ ਦੇ ਲਈ ਉਸ ਨੂੰ ਪਿਛੋਂ ਪਛਤਾਉਣਾ ਪੈਂਦਾ ਹੈ। ਆਪ ਜੀ ਨੇ ਜਿਥੋਂ ਤਕ ਛੂਤ ਛਾਤ ਦੇ ਬਾਰੇ ਦਸਿਆ ਹੈ ਗੁਰੂ ਮਹਾਰਾਜ ਜੀ ਨੇ ਜਾਤੀ ਦੇ ਅਧਾਰ ਤੇ ਛੂਤ ਨਹੀਂ ਮੰਨੀ। ਆਪ ਨੇ ਮਨੁੱਖ ਦੀ ਅੰਦਰਲੀ ਸੋਚ ਦੇ ਅਧਾਰ ਤੇ ਛੂਤ ਮੰਨੀ ਹੈ। ਆਪ ਜੀ ਨੇ ਕ੍ਰੋਧੀ ਬੰਦਿਆਂ ਤੋਂ ਦੂਰ ਰਹਿਣ ਲਈ ਫੁਰਮਾਇਆ ਹੈ-

***ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ॥*** ***ਪੰਨਾ - 40***

ਹੁੰਦਾ ਕੀ ਹੈ ਕਿ ਕ੍ਰੋਧੀ ਬੰਦੇ ਦੇ ਅੰਦਰੋਂ ਹਰ ਸਮੇਂ ਦੂਸ਼ਿਤ ਐਨਰਜੀ ਸਾਢੇ ਤਿੰਨ ਕਰੋੜ ਰੋਮ ਵਿਚੋਂ, ਹੱਥਾਂ ਦੀਆਂ ਤਲੀਆਂ ਵਿਚੋਂ, ਨੇਤਰਾਂ ਵਿਚੋਂ, ਉਸਦੇ ਬੋਲ ਰਾਹੀਂ ਪੂਰੇ ਜ਼ੋਰ ਨਾਲ ਨਿਕਲਦੀ ਰਹਿੰਦੀ ਹੈ। ਅੱਜ ਡਾਕਟਰਾਂ ਦੀ research ਦੇ ਮੁਤਾਬਿਕ ਇਹ ਗੱਲ ਕਹੀ ਜਾਂਦੀ ਹੈ ਕਿ AIDS ਵਾਲੇ ਨਾਲ ਵਰਤ ਵਿਹਾਰ ਕਰਕੇ, ਨੇੜੇ ਲਗ ਕੇ ਉਸ ਦਾ ਜੂਠਾ ਖਾ ਕੇ AIDS ਦੀ ਬਿਮਾਰੀ ਦਾ ਅਸਰ ਦੂਸਰੇ ਉਤੇ ਪੈ ਜਾਂਦਾ ਹੈ ਅਤੇ ਨੇੜੇ ਲਗਣ ਵਾਲਾ ਪ੍ਰਾਣੀ ਬਿਮਾਰ ਹੋ ਜਾਂਦਾ ਹੈ। ਹਰ ਬੰਦੇ ਦੀਆਂ ਪੈਰਾਂ ਤੇ ਹੱਥਾਂ ਦੀਆਂ ਤਲੀਆਂ ਵਿਚੋਂ ਉਸ ਦੇ ਅੰਦਰਲੇ ਦਾ ਪ੍ਰਵਾਹ ਐਨਰਜੀ ਦੇ ਰੂਪ ਵਿਚ ਵਗਦਾ ਰਹਿੰਦਾ ਹੈ, ਗੁਰੂ ਮਹਾਰਾਜ ਜੀ ਨੇ ਇਸ ਅਸਰ ਨੂੰ ਜਾਣਦਿਆਂ ਹੋਇਆਂ ਆਪਣੇ ਗੁਰਸਿੱਖਾਂ ਨੂੰ ਪ੍ਰਸਪਰ ਹੱਥ ਮਿਲਾਉਣ ਦੀ ਥਾਂ ਗੁਰ ਫਤਹਿ ਬੁਲਾਉਣ ਦਾ ਆਦੇਸ਼ ਦਿਤਾ ਹੋਇਆ ਹੈ, ਅਸਾਡੇ ਪੂਰਵਜ ਮਹਾਂਪੁਰਸ਼ ਵੀ ਹੱਥ ਮਿਲਾਉਣ ਦੀ ਥਾਂ ਨਮਸਤੇ, ਨਮਸ਼ਕਾਰ, ਜੈ ਰਾਮ ਜੀ ਕੀ, ਸਲਾਮ-ਅਲ-ਏਕਮ ਆਦਿ ਆਖਿਆ ਕਰਦੇ ਸਨ ਅਤੇ ਹੱਥ ਨਹੀਂ ਮਿਲਾ ਕਰਦੇ ਸਨ। ਬਜ਼ੁਰਗਾਂ ਦੇ ਚਰਨਾਂ ਉਪਰ ਮਸਤਕ ਟੇਕਿਆ ਜਾਇਆ ਕਰਦਾ ਸੀ। ਹੱਥ ਮਿਲਾਉਣ ਨਾਲ ਦੂਸ਼ਿਤ ਐਨਰਜੀ ਅੰਦਰ ਪ੍ਰਵੇਸ਼ ਕਰ ਜਾਂਦੀ ਹੈ। ਜੇ ਕੋਈ ਕਹੇ ਕਿ ਇਸ ਦਾ

ਸਬੂਤ ਕੀ ਹੈ ਤਾਂ ਸਬੂਤ ਜਾਨਣ ਲਈ ਨਾਮ ਦੇ ਅਭਿਆਸ ਲਈ ਅਭਿਆਸ ਕਰਦੇ ਕਰਦੇ ਆਪਣੀ ਬਿਰਤੀ ਨੂੰ ਅਤਿ ਸੂਖਮ ਬਣਾ ਲਓ, ਅਭਿਆਸ ਦੇ ਨਾਲ ਨਾਮ ਦੀ ਰੌ ਅੰਦਰ ਨਿਰੰਤਰ ਚਲਣ ਲਗ ਜਾਂਦੀ ਹੈ, ਫੇਰ ਤੁਸੀਂ ਕਿਸੇ ਓਪਰੇ ਬੰਦੇ ਨਾਲ ਹੱਥ ਮਿਲਾ ਕੇ ਦੇਖੋ, ਉਹ ਨਾਮ ਦੀ ਰੌ ਸੁੱਕ ਜਾਂਦੀ ਹੈ ਅਤੇ ਰਸ ਖਤਮ ਹੋ ਜਾਂਦਾ ਹੈ। ਜੇ ਉਸਦੇ ਹੱਥੋਂ ਕੁਝ ਖਾ ਲਿਆ ਜਾਵੇ ਤਾਂ ਬਹੁਤ ਖਤਰਨਾਕ ਅਸਰ ਹੋਇਆ ਕਰਦਾ ਹੈ, ਉਸਦਾ ਓਰਾ ਜੇ ਜ਼ਬਰਦਸਤ ਹੋਵੇ ਤਾਂ ਉਸਦਾ ਪ੍ਰਭਾਵ ਖਾਣੇ ਵਿਚ ਵੀ ਪੈ ਜਾਇਆ ਕਰਦਾ ਹੈ। ਨਾਸਤਕ ਬੰਦੇ ਦੇ ਸਪਰਸ਼ ਨਾਲ ਨਾਸਤਕ ਖਿਆਲ ਉਹਦੇ ਵਿਚ ਆ ਜਾਇਆ ਕਰਦੇ ਹਨ। ਰਹਿਤਨਾਮੇ ਵਿਚ ਅੰਕਿਤ ਹੈ –

***ਜਾ ਕੀ ਰਹਿਤ ਨ ਜਾਣੀਐ ਗੁਰਬਾਣੀ ਨਹੀ ਗੀਤ॥***
***ਤਿਸ ਦੇ ਹਥਹੁ ਖਾਧੀਐ ਵਿਸਰੈ ਹਰਿ ਕੀ ਪ੍ਰੀਤ॥***
***ਰਹਿਤਨਾਮਾ***

ਬੰਦਗੀ ਕਰਨ ਵਾਲਿਆਂ ਨੂੰ ਇਨ੍ਹਾਂ ਗੱਲਾਂ ਦਾ ਆਮ ਹੀ ਤਜਰਬਾ ਹੈ ਕਿਉਂਕਿ ਹਰ ਬੰਦੇ ਦੇ ਅੰਦਰ ਤਿੰਨ ਗੁਣ ਰਜੋ ਗੁਣ, ਤਮੋ ਗੁਣ ਅਤੇ ਸਤੋ ਗੁਣ ਹਰ ਸਮੇਂ ਅਦਲ ਬਦਲ ਕਰਕੇ ਚਲਦੇ ਰਹਿੰਦੇ ਹਨ। ਤਮੋ ਗੁਣੀ ਬੰਦੇ ਦਾ ਪ੍ਰਭਾਵ ਵਾਤਾਵਰਣ ਤੇ ਪੈਂਦਾ ਹੈ, ਅੰਨ ਪਾਣੀ ਵਿਚ ਪੈਂਦਾ ਹੈ, ਇਸੇ ਕਰਕੇ ਮਹਾਂਪੁਰਸ਼ ਹਕ ਹਲਾਲ ਦੀ ਕਮਾਈ ਨੂੰ ਪਵਿੱਤਰ ਗਿਣਦੇ ਹਨ ਅਤੇ ਰਿਸ਼ਵਤਾਂ, ਮਾਰ, ਧਾੜ, ਬਲੈਕਾਂ ਦੀ ਕਮਾਈ ਮਹਾਂ ਅਪਵਿੱਤਰ ਹੁੰਦੀ ਹੈ। ਉਸ ਦੇ ਹੱਥੋਂ ਛਕਿਆ ਹੋਇਆ ਅੰਨ ਪਾਣੀ ਦੋ ਗੱਲਾਂ ਕਰਦਾ ਹੈ ਇਕ ਤਾਂ ਸਰੀਰ ਦੀ ਤੰਦਰੁਸਤੀ ਨੂੰ ਖਤਮ ਕਰਦਾ ਹੈ, ਦੂਜਾ ਬੁੱਧੀ ਭ੍ਰਿਸ਼ਟ ਕਰ ਦਿੰਦਾ ਹੈ। ਜੇ ਨਾਮ ਜਪਦਾ ਹੈ ਤਾਂ ਲਿਵ ਟੁੱਟ ਜਾਂਦੀ ਹੈ। ਇਸੇ ਕਰਕੇ ਬੰਦਗੀ ਕਰਨ ਵਾਲੇ ਮਹਾਂਪੁਰਸ਼ ਐਸੀ ਕਮਾਈ ਨੂੰ ਅੰਗੀਕਾਰ ਨਹੀਂ ਕਰਿਆ ਕਰਦੇ।

ਇਕ ਵਾਰੀ ਮਹਾਂਪੁਰਸ਼ ਸ੍ਰੀ 108 ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ ਸੰਗਤ ਵਿਚ ਬੈਠੇ ਬਚਨ ਕਰ ਰਹੇ ਸਨ ਉਨ੍ਹਾਂ ਪਾਸ ਇਕ ਆਫੀਸਰ ਆਇਆ ਉਸ ਨੇ ਆ ਕੇ ਕਾਫੀ ਮਾਇਆ ਮਹਾਂਪੁਰਸ਼ਾਂ ਦੇ ਚਰਨਾਂ ਵਿਚ ਭੇਟ ਕੀਤੀ। ਉਨ੍ਹਾਂ ਦੇ ਚਰਨਾਂ ਦੇ ਨੇੜੇ ਚਾਂਦੀ ਦੇ ਰੁਪਿਆਂ ਨਾਲ ਇਕ ਤਰ੍ਹਾਂ ਦਾ ਢੇਰ ਹੀ ਲਗ ਗਿਆ, ਉਸ ਨੇ ਪੈਸੈ ਛਣਕਾਅ ਕੇ ਰੱਖੇ ਸਨ ਤਾਂ ਕਿ ਇਨ੍ਹਾਂ ਦੀ ਅਵਾਜ਼ ਮਹਾਂਪੁਰਸ਼ਾਂ ਦੇ ਕੰਨਾਂ ਵਿਚ ਪਹੁੰਚ ਜਾਵੇ ਅਤੇ ਉਹ ਦੇਖਣ ਕਿ ਕਿੰਨਾ ਪੈਸਾ ਮੈਨੂੰ

ਇਸ ਨੇ ਭੇਟਾ ਕਰਿਆ ਹੈ। ਆਪ ਸਹਿਜ ਸੁਭਾਅ ਹੀ ਦੇਖ ਰਹੇ ਸਨ, ਆਪ ਨੇ ਜੋੜਾ ਪਹਿਨਿਆ ਹੋਇਆ ਸੀ। ਥੋੜ੍ਹੀ-ਥੋੜ੍ਹੀ ਦੇਰ ਪਿਛੋਂ ਆਪ ਜੋੜੇ ਦੀ ਨੋਕ ਦੇ ਨਾਲ ਪੈਸਿਆਂ ਨੂੰ ਪਰ੍ਹੇ ਕਰੀ ਜਾਂਦੇ ਸਨ। ਕਰਦੇ ਕਰਦੇ ਸਾਰੇ ਪਰ੍ਹੇ ਕਰ ਦਿਤੇ। ਆਪ ਨੇ ਨੀਵੀਂ ਪਾ ਕੇ ਆਪਣੇ ਚਰਨਾਂ ਵਲ ਵੀ ਨਾ ਦੇਖਿਆ। ਉਸ ਆਫੀਸਰ ਨੇ ਅਛੋਪਲੇ ਹੀ ਖਿੰਡੇ ਹੋਏ ਪੈਸੇ ਇਕੱਠੇ ਕਰਨ ਦੀ ਫੇਰ ਕੋਸ਼ਿਸ਼ ਕੀਤੀ ਕਿਉਂਕਿ ਉਹ ਬਿਲਕੁਲ ਮਹਾਂਪੁਰਸ਼ਾਂ ਦੇ ਚਰਨਾਂ ਦੇ ਨੇੜੇ ਹੀ ਬੈਠਾ ਸੀ।

ਐਨੇ ਚਿਰ ਵਿਚ ਇਕ ਮਾਈ ਆਈ ਜੋ ਦੇਖਣ ਤੋਂ 80 ਸਾਲ ਤੋਂ ਉਪਰ ਉਮਰ ਦੀ ਲਗਦੀ ਸੀ। ਕਪੜੇ ਮੈਲੇ ਸਨ, ਚਿਹਰਾ ਧੂੜ ਨਾਲ ਲੱਥਪੱਥ ਹੋਇਆ ਹੋਇਆ ਸੀ, ਉਸ ਨੇ ਅਧਫਟੀ ਜਿਹੀ ਜੇਬ ਵਿਚੋਂ ਲੀਰ ਕੱਢੀ ਫੇਰ 4-5 ਤੈਹਾਂ ਖੋਲ੍ਹੀਆਂ, ਫੇਰ ਉਸ ਦੀਆਂ 4-5 ਗੰਢਾਂ ਖੋਲ੍ਹੀਆਂ, ਫੇਰ ਉਸ ਨੇ ਉਹਦੇ ਵਿਚੋਂ ਪੰਜ ਪੈਸੇ ਕੱਢੇ ਪਰ ਉਸ ਦੀ ਨਿਗ੍ਹਾ ਪਏ ਹੋਏ ਚਾਂਦੀ ਦੇ ਰੁਪਿਆਂ ਵਲ ਚਲੀ ਗਈ ਅਤੇ ਜਕ ਕੇ ਖੜ੍ਹੀ ਹੋ ਗਈ। ਮਹਾਂਪੁਰਸ਼ ਸਭ ਕੁਝ ਦੇਖ ਰਹੇ ਸਨ ਆਪ ਨੇ ਕਿਹਾ ਮਾਤਾ! ਆ ਜਾ। ਆਪ ਨੇ ਆਪਣਾ ਹੱਥ ਅੱਗੇ ਕਰਕੇ ਮਾਤਾ ਦੇ ਪੰਜ ਪੈਸੇ ਫੜ ਲਏ ਅਤੇ ਅਸੀਸ ਦਿਤੀ। ਇਹ ਆਫੀਸਰ ਹੈਰਾਨ ਸੀ ਕਿ ਮੇਰੇ 200 ਰੁਪਏ ਨਿਗ੍ਹਾ ਥੱਲੇ ਨਹੀਂ ਲਿਆਂਦੇ, ਪੰਜ ਪੈਸੇ ਹੱਥ ਵਿਚ ਲੈ ਲਏ। ਆਪ ਉਸ ਦੇ ਸਾਰੇ ਫੁਰਨਿਆਂ ਨੂੰ watch ਕਰ ਰਹੇ ਸੀ। ਅਖੀਰ ਆਪ ਨੇ ਕਿਹਾ ਕਿ ਪ੍ਰੇਮੀਆਂ! ਕੀ ਸੋਚੀ ਜਾਂਦਾ ਹੈਂ, ਇਹ ਤੇਰੇ ਰੁਪਏ ਸਾਡੇ ਕਿਸੇ ਕੰਮ ਨਹੀਂ, ਚੁੱਕ ਲੈ। ਤੂੰ ਇਹ ਰਿਸ਼ਵਤ ਲੈ ਕੇ ਮੱਥਾ ਟੇਕਿਆ ਹੈ, ਇਸ ਪਾਪ ਦਾ ਸਾਨੂੰ ਵੀ ਭਾਈਵਾਲ ਬਣਾ ਰਿਹਾ ਹੈਂ, ਤੂੰ ਪੈਸੇ ਚੁਕ ਲੈ, ਸਾਨੂੰ ਇਨ੍ਹਾਂ ਦੀ ਕੋਈ ਲੋੜ ਨਹੀਂ। ਮਾਈ ਦੇ ਪੈਸਿਆਂ ਦੀ ਗੱਲ ਕਰਦਾ ਹੈਂ ਕਿ ਪੰਜ ਪੈਸੇ ਫੜ ਲਏ। ਬਾਬਾ ਜੀ ਕਹਿਣ ਲੱਗੇ ਕਿ ਮਾਤਾ! ਆਪਣੀ ਵਾਰਤਾ ਦਸ ਇਹ ਪੰਜ ਪੈਸੇ ਤੂੰ ਕਿਥੋਂ ਲਿਆਂਦੇ ਹਨ? ਮਾਤਾ ਨੇ ਦਸਿਆ ਕਿ ਬਾਬਾ ਜੀ! ਮੇਰੇ ਬਾਲ ਬੱਚੇ ਸਾਰੇ ਰੱਬ ਨੂੰ ਪਿਆਰੇ ਹੋ ਗਏ ਅਤੇ ਮੈਂ ਇਕੱਲੀ ਹੀ ਰਹਿ ਗਈ ਹਾਂ। ਇਸ ਕਰਕੇ ਮੈਂ ਜਿੰਨੀ ਵੀ ਹੋ ਸਕੇ ਚੰਗੇ ਘਰਾਂ ਵਿਚ ਮਿਹਨਤ ਮਜ਼ੂਰੀ ਕਰਦੀ ਹਾਂ ਜਿਸ ਕਰਕੇ ਕੋਈ ਦਇਆਵਾਨ ਬੀਬੀ ਪ੍ਰਸ਼ਾਦਾ ਦੇ ਦਿੰਦੀ ਹੈ, ਕਦੇ ਕੋਈ ਦਿਨ ਸੁਦ ਹੋਵੇ, ਦੀਵਾਲੀ ਆਦਿ ਹੋਵੇ ਤਾਂ ਇਕ ਅੱਧਾ ਪੈਸਾ ਵੀ ਦੇ ਦਿੰਦੀ ਹੈ। ਮੈਂ ਇਹ ਪੈਸੇ ਇਕ ਸਾਲ ਵਿਚ ਜੋੜੇ ਹਨ ਅਤੇ ਸਾਂਭ ਕੇ ਰੱਖੇ ਸਨ। ਮੇਰਾ ਫੁਰਨਾ ਸੀ ਕਿ ਜਦੋਂ ਮੈਂ ਮਹਾਂਪੁਰਸ਼ਾਂ ਦੇ ਦਰ ਤੇ ਜਾਵਾਂ

ਆਪਣਾ ਮਸਤਕ ਨਿਵਾਵਾਂ ਤਾਂ ਮੇਰੇ ਹੱਥ ਖਾਲੀ ਨਾ ਹੋਣ। ਮਹਾਂਪੁਰਸ਼ ਧਰਮ ਦੀ ਧਰਤੀ ਹੋਇਆ ਕਰਦੇ ਹਨ ਇਨ੍ਹਾਂ ਕੋਲ ਜੋ ਕੁਝ ਵੀ ਬੀਜਿਆ ਜਾਂਦਾ ਹੈ ਉਹ ਭਰਪੂਰ ਫਸਲ ਬਣ ਕੇ ਮੁੜ ਕੇ ਆਪਣੇ ਪਾਸ ਹੀ ਆ ਜਾਇਆ ਕਰਦਾ ਹੈ। ਮੈਂ ਗਰੀਬਣੀ ਹਾਂ, ਮੈਂ ਪੈਦਲ ਹੀ ਚੱਲ ਕੇ ਆਈ, ਤਾਂਗੇ ਵਾਸਤੇ ਮੇਰੇ ਕੋਲ ਪੈਸੇ ਨਹੀਂ ਸੀ। 10 ਮੀਲ ਮੈਂ ਰੋਜ਼ ਤੁਰਦੀ ਸੀ ਅੱਜ ਮੈਂ ਤਿੰਨ ਦਿਨਾਂ ਵਿਚ ਆਪ ਦੇ ਦਰਬਾਰ ਵਿਚ ਪਹੁੰਚੀ ਹਾਂ। ਇਹ ਬਚਨ ਸੰਗਤ ਵੀ ਧਿਆਨ ਨਾਲ ਸੁਣ ਰਹੀ ਸੀ। ਮਹਾਂਪੁਰਸ਼ਾਂ ਨੇ ਕਿਹਾ ਕਿ ਪਿਆਰਿਓ! ਮਾਤਾ ਦੀ ਭੇਟਾ ਮਹਾਨ ਸ਼ੁਧੀ ਭਰੀ ਹੈ। ਇਹ ਹਿਰਦਿਆਂ ਨੂੰ ਨਿਰਮਲ ਕਰਨ ਵਾਲੀ ਹੈ ਜੋ ਵੀ ਇਸ ਪੈਸੇ ਦੇ ਅੰਨ੍ਹ ਦਾ ਭੋਰਾ ਛਕੇਗਾ ਉਸਦੇ ਅੰਦਰ ਨਾਮ ਦੀ ਧੁਨ ਜਾਰੀ ਹੋ ਜਾਵੇਗੀ। ਆਹ ਜੋ ਆਫੀਸਰ ਬੈਠਾ ਹੈ, ਇਹ ਵੀ ਆਪਣੀ ਭੇਟਾ ਬਾਰੇ ਫੁਰਨੇ ਕਰੀ ਜਾਂਦਾ ਹੈ। ਅਸੀਂ ਬਹੁਤ ਸੋਚਿਆ ਕਿ ਜੇ ਇਹ ਰਿਸ਼ਵਤ ਦਾ ਧਨ ਅਸੀਂ ਆਪਣੇ ਸਾਧੂਆਂ ਨੂੰ ਛਕਾਇਆ ਤਾਂ ਉਨ੍ਹਾਂ ਦੀਆਂ ਬਿਰਤੀਆਂ ਮਲੀਨ ਹੋ ਜਾਣਗੀਆਂ। ਉਨ੍ਹਾਂ ਦਾ ਸਮਾਂ ਵਿਅਰਥ ਹੋ ਜਾਵੇਗਾ। ਇਸ ਕਰਕੇ ਅਸੀਂ ਇਸ ਨੂੰ ਜੋੜੇ ਨਾਲ ਦੂਰ ਕਰੀ ਜਾਂਦੇ ਸੀ ਕਿ ਇਸ ਨੂੰ ਅਸੀਂ ਨਾ ਛੂਹੀਏ। ਮਹਾਂਪੁਰਸ਼ਾਂ ਨੇ ਉਹ ਪੈਸਾ ਚੁਕਵਾ ਦਿਤਾ ਅਤੇ ਕਿਹਾ ਕਿ ਭਾਈ! ਹੋਰ ਥਾਂ ਦੇ ਦੇਵੀਂ ਅਸੀਂ ਇਸ ਨੂੰ ਨਹੀਂ ਪਚਾ ਸਕਦੇ। ਇਸ ਨੂੰ ਮਾੜਾ ਧਾਨ ਕਹਿੰਦੇ ਹਨ।

ਇਕ ਮਸ਼ਹੂਰ ਕਥਾ ਹੈ। ਭੀਸ਼ਮ ਪਿਤਾਮਾ ਜਦੋਂ ਯੋਗ ਬਲ ਨਾਲ ਯੁੱਧ ਦੇ ਮੈਦਾਨ ਵਿਚ ਬਾਣਾਂ ਦੀ ਸੇਜਾ ਉਤੇ ਪਏ ਹੋਏ ਹਰ ਰੋਜ਼ ਰੂਹਾਨੀਅਤ ਦੇ ਬਚਨ ਕਰਿਆ ਕਰਦੇ ਸਨ ਤਾਂ ਉਸ ਵੇਲੇ ਉਨ੍ਹਾਂ ਦੇ ਮੁਖ ਤੋਂ ਐਸਾ ਬਚਨ ਨਿਕਲ ਗਿਆ ਕਿ ਮਜ਼ਲੂਮ ਦੀ ਰਖਸ਼ਾ ਕਰਨ ਲਈ ਆਪਣਾ ਪੂਰਾ ਤਾਣ ਲਾਉਣਾ ਚਾਹੀਦਾ ਹੈ। ਸੁਣਦੇ ਸਾਰ ਦਰੋਪਤੀ ਉਚੀ ਸਾਰੀ ਹੱਸ ਪਈ। ਆਪ ਨੇ ਕਿਹਾ ਕਿ ਦਰੋਪਤੀ ਤੇਰਾ ਹਸਣਾ ਠੀਕ ਹੈ ਬੇਟੀ! ਤੂੰ ਕਹਿਣਾ ਕੀ ਚਾਹੁੰਦੀ ਹੈਂ?

ਉਸ ਨੇ ਕਿਹਾ ਕਿ ਦਾਦਾ ਜੀ! ਜਦੋਂ ਮੇਰੇ ਭਰੀ ਸਭਾ ਵਿਚ ਬਸਤਰ ਉਤਾਰੇ ਜਾ ਰਹੇ ਸਨ, ਉਸ ਵੇਲੇ ਆਪ ਵੀ ਦਰਬਾਰ ਵਿਚ ਸ਼ੁਸ਼ੋਭਤ ਸੀ, ਆਪ ਦੀ ਮਾਨ ਮਰਿਆਦਾ ਸਭ ਤੋਂ ਮਹੱਤਵ ਪੂਰਨ ਸੀ, ਮੈਨੂੰ ਪੂਰਨ ਵਿਸ਼ਵਾਸ਼ ਸੀ ਕਿ ਆਪ ਦੇ ਹੁੰਦਿਆਂ ਹੋਇਆਂ ਮੇਰੇ ਨਾਲ ਕੋਈ ਧੱਕਾ ਨਹੀਂ ਕਰ ਸਕੇਗਾ। ਆਪ ਦੇ ਡੋਲਿਆਂ ਵਿਚ ਬਲ ਸੀ, ਪੂਰੀ ਸੂਝ ਸੀ, ਫੇਰ ਵੀ ਆਪ ਕਿਉਂ ਨਾ ਉਸ ਵੇਲੇ ਬੋਲੇ ਅਤੇ

ਇਕ ਅਨਿਆਈ ਰਾਜੇ ਦਾ ਸਾਥ ਅਖੀਰ ਤਕ ਦਿੰਦੇ ਰਹੇ। ਭੀਸ਼ਮ ਪਿਤਾਮਾ ਨੇ ਕਿਹਾ ਕਿ ਬੇਟੀ! ਤੇਰੀ ਤਰਕ ਬਿਲਕੁਲ ਜਾਇਜ਼ ਹੈ। ਮੈਂ ਇਕ ਬਚਨ ਦਾ ਬੰਨ੍ਹਿਆ ਹੋਇਆ ਸਾਂ ਕਿ ਇਸ ਰਾਜ ਦੀ ਰਖਸ਼ਾ ਕਰਨੀ ਹੈ ਉਸ ਵੇਲੇ ਮੈਂ ਚੰਗੀ ਤਰ੍ਹਾਂ ਜਾਣਦਾ ਸੀ ਕਿ ਮੈਂ ਅਨਿਆ ਦੇ ਧੜ੍ਹੇ ਵਲ ਖੜ੍ਹਾ ਹਾਂ। ਜਦੋਂ ਤੇਰੇ ਬਸਤਰ ਉਤਾਰਨ ਦਾ ਹੁਕਮ ਦਿਤਾ ਮੈਂ ਕੁਝ ਨਾ ਕਰ ਸਕਿਆ ਕਿਉਂਕਿ ਮੇਰੇ ਸਰੀਰ ਦੇ ਰੋਮ-ਰੋਮ ਵਿਚ ਰਾਜਸੀ ਅੰਸ (ਅੰਨ੍ਹ) ਸਮਾਅ ਗਿਆ ਸੀ। ਰਾਜਸੀ ਅੰਸ ਕਦੇ ਵੀ ਸ਼ੁਧ ਨਹੀਂ ਹੋਇਆ ਕਰਦਾ। ਸ਼ੁਧ ਅੰਨ ਕਿਸਾਨ ਦਾ ਹੋਇਆ ਕਰਦਾ ਹੈ, ਜੋ ਪੂਰੀ ਮੇਹਨਤ ਨਾਲ ਅਨਾਜ ਬੀਜਦਾ ਹੈ। ਉਸ ਤੋਂ ਵੀ ਸ਼ੁਧ ਅੰਨ ਉਹ ਹੋਇਆ ਕਰਦਾ ਹੈ ਜੋ ਕਿਸਾਨ ਅੰਨ ਉਗਾਉਣ ਸਮੇਂ ਪ੍ਰਭੂ ਦਾ ਸਿਮਰਨ ਕਰਦਾ ਹੈ। ਉਹ ਅੰਨ ਜੋ ਖਾ ਲਵੇ ਤਾਂ ਉਸ ਦੀ ਸਮਾਧੀ ਲਗ ਜਾਂਦੀ ਹੈ, ਜੋ ਅੰਨ ਮੈਂ ਖਾ ਰਿਹਾ ਸੀ ਉਹ ਸਮਾਧੀਆਂ ਨੂੰ ਤੋੜਨ ਵਾਲਾ ਸੀ। ਹੁਣ ਕਿਉਂ ਕਹੇ ਹਨ ਇਹ ਬਚਨ, ਕਿਉਂਕਿ ਹੁਣ ਮੈਂ ਬਾਣਾਂ ਦੀ ਸੇਜਾ ਤੇ ਪਿਆ ਹਾਂ ਅਤੇ ਮੇਰੇ ਸਰੀਰ ਦਾ ਸਾਰਾ ਖ਼ੂਨ ਨੁਚੜ ਚੁਕਿਆ ਹੈ, ਮੇਰਾ ਸਰੀਰ ਯੋਗ ਬਲ ਨਾਲ ਰੱਖਿਆ ਹੋਇਆ ਹੈ, ਮੇਰੇ ਅੰਦਰ ਪੂਰਨ ਪ੍ਰਕਾਸ਼ ਹੈ ਇਸ ਕਰਕੇ ਮੈਂ ਇਹ ਬਚਨ ਕਹੇ ਹਨ, ਬੇਟਾ! ਇਹ ਮਾੜੇ ਅੰਨ੍ਹ ਦਾ ਅਸਰ ਸੀ।

ਡਾ. ਸੋਨੀ ਦਾ ਪਰਿਵਾਰ ਬਹੁਤ ਹੀ ਧਿਆਨ ਦੇ ਨਾਲ ਇਹ ਗੱਲ ਸੁਣ ਰਿਹਾ ਸੀ ਅਤੇ ਮੈਨੂੰ ਐਉਂ ਲਗਦਾ ਸੀ ਕਿ ਉਹ ਇਸ ਗੱਲ ਨੂੰ ਆਪਣੇ ਅੰਦਰ ਪੂਰੀ ਤਰ੍ਹਾਂ ਸਮਾਅ ਰਹੇ ਸਨ, ਬਿਨਾਂ ਕਿਸੇ ਤਰਕ ਕਰਨ ਤੇ ਨਿਸ਼ਚੇ ਪੂਰਵਕ ਇਸ ਗੱਲ ਨੂੰ ਸਚਾਈ ਨਾਲ ਮੰਨ ਰਹੇ ਸਨ। ਇਸੇ ਕਰਕੇ ਗੁਰੂ ਮਹਾਰਾਜ ਜੀ ਨੇ ਕ੍ਰੋਧੀ ਬੰਦੇ ਤੋਂ ਦੂਰ ਰਹਿਣ ਦੀ ਆਗਿਆ ਦਿਤੀ ਹੈ। ਇਸੇ ਤਰ੍ਹਾਂ ਹੀ ਨਿੰਦਕ, ਈਰਖਾਲੂ, ਬੁਰਾ ਸੋਚਣ ਵਾਲੇ ਉਨ੍ਹਾਂ ਦੇ ਅੰਦਰੋਂ ਵੀ ਹਰ ਸਮੇਂ ਮੈਲੀ ਭਾਵਨਾ ਅੰਗ-ਅੰਗ ਵਿਚੋਂ ਬਹਿ ਰਹੀ ਹੁੰਦੀ ਹੈ। ਇਹੋ ਹਾਲ ਕਾਮੀ ਪੁਰਸ਼ ਦਾ ਹੋਇਆ ਕਰਦਾ ਹੈ, ਉਸ ਦੇ ਵੀ ਰੋਮ-ਰੋਮ ਵਿਚੋਂ ਮੰਦ ਭਾਵਨਾ ਬਹਿ ਰਹੀ ਹੁੰਦੀ ਹੈ। ਸੋ ਇਸ ਕਰਕੇ ਗੁਰੂ ਮਹਾਰਾਜ ਜੀ ਨੇ ਅਜਿਹੇ ਮੇਲ ਵਰਜਿਤ ਕੀਤੇ ਹਨ।

ਮੈਂ ਤੁਹਾਨੂੰ ਦਸ ਰਿਹਾ ਸੀ ਕਿ ਖਿਆਲ ਦਾ ਕਿੰਨਾ ਅਸਰ ਹੁੰਦਾ ਹੈ, ਕਿੰਨੀ ਤੇਜ਼ੀ ਨਾਲ ਇਹ ਦੂਸਰੇ ਤੇ ਅਸਰ ਕਰ ਦਿੰਦਾ ਹੈ। ਮੂੰਹ ਵਿਚੋਂ ਬੋਲੇ ਹੋਏ ਸ਼ਬਦਾਂ ਵਿਚ ਵੀ ਅਸਰ ਹੈ ਜੇ ਅਸੀਂ ਮਿੱਠਾ ਬਚਨ

ਬੋਲੀਏ, ਉਸਦਾ ਭਲਾ ਲੋਚਦੇ ਹੋਏ ਬੋਲੀਏ ਤਾਂ ਉਸਦਾ ਅੰਦਰ ਉਹ ਪਿਆਰ ਦੇ ਬਚਨ ਠਾਰ ਦਿੰਦੇ ਹਨ। ਜੇ ਅਸੀਂ ਉਸ ਨੂੰ ਫਿਕੇ ਬਚਨ ਬੋਲੀਏ, ਕਿਸੇ ਨੂੰ ਕਹਿ ਦੇਈਏ ਕਿ ਤੂੰ ਮਹਾਂਮੂਰਖ ਹੈ, ਕੁੱਤਾ ਹੈਂ, ਕੁੱਤੇ ਵਾਂਗੂੰ ਤੇਰੀ ਜੀਭ ਵਿਚੋਂ ਲੋਭ ਦਾ ਪਾਣੀ ਨਿਕਲਦਾ ਰਹਿੰਦਾ ਹੈ। ਇਸ ਦੇ ਨਾਲ ਜੇ ਕੋਈ ਗਾਲ੍ਹ ਵੀ ਕੱਢ ਦੇਈਏ ਤਾਂ ਫੇਰ ਕਹਿਣਾ ਹੀ ਕੀ ਹੈ ਉਸ ਸ਼ਬਦ ਨੇ ਉਸਦਾ ਸੰਤੁਲਨ ਵਿਗਾੜ ਦੇਣਾ ਹੈ। ਉਹ ਮਾਰਨ ਤਕ ਜਾਏਗਾ, ਦਸ ਗੁਣਾਂ ਗਾਲ੍ਹਾਂ ਕੱਢੇਗਾ, ਉਸੇ ਵੇਲੇ ਉਸ ਨੂੰ ਕਲੀਨਿਕ ਵਿਚ ਲੈ ਜਾਓ, ਬਲੱਡ ਪਰੈਸ਼ਰ examine ਕਰੋ, heart beat ਨੂੰ examine ਕਰਾਓ, ਤਾਂ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਉਸਦੇ ਅੰਦਰ ਤੁਫਾਨ ਉਠਿਆ ਹੋਇਆ ਹੈ ਜੋ ਥੰਮਣ ਵਿਚ ਨਹੀਂ ਆ ਰਿਹਾ, ਜੋ ਸਰੀਰ ਦੇ ਅਨੇਕਾਂ ਸੈਲਾਂ ਨੂੰ burn ਕਰ ਰਿਹਾ ਹੈ। ਸਰੀਰ ਦੇ ਰਾਖੀ ਕਰਨ ਵਾਲੇ ਜੀਵਾਣੂਆਂ ਨੂੰ ਬੇਸੁਧ ਕਰ ਰਿਹਾ ਹੈ। ਹੁਣ ਇਹ ਗੱਲ ਕਹਿਣ ਨਾਲ ਉਹਦੇ ਉਤੇ ਜੋ ਅਸਰ ਹੋਰ ਹੋਣਾ ਹੈ ਉਹ ਤੁਸੀਂ ਜਾਣਦੇ ਹੀ ਹੋ ਕਿ ਬਲੱਡ ਪਰੈਸ਼ਰ ਉਸਦਾ ਇਕ ਦਮ ਹਾਈ ਹੋ ਜਾਵੇਗਾ, ਦਿਲ ਜ਼ੋਰ ਨਾਲ ਧੜਕੇਗਾ, ਨਬਜ਼ ਜ਼ੋਰ ਨਾਲ ਚਲੇਗੀ, ਇਸ ਦਾ ਮਤਲਬ ਇਹ ਹੋਇਆ ਕਿ ਖ਼ੂਨ ਨਾੜਾਂ ਵਿਚ ਜੋ ਸਹਿਜ ਨਾਲ ਵਗਦਾ ਹੈ ਉਹ flood ਵਾਂਗ ਵਗੇਗਾ, ਇਹ ਵੀ ਹੋ ਸਕਦਾ ਹੈ ਕਿ ਉਸ ਦਾ heart fail ਹੋ ਜਾਵੇ। ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਨਾ ਉਸ ਨੂੰ ਕੋਈ ਦਵਾਈ ਦਿਤੀ ਹੈ, ਨਾ ਉਸ ਨੇ ਮਾੜਾ ਕੁਝ ਖਾਧਾ ਹੈ, ਕੇਵਲ ਸ਼ਬਦ ਨੇ ਉਸਦੇ ਅੰਦਰ ਹਲਚਲ ਮਚਾ ਦਿਤੀ। ਸੋ ਆਪਾਂ ਸੋਚ ਸਕਦੇ ਹਾਂ ਕਿ ਸ਼ਬਦ ਵਿਚ ਕਿੰਨੀ ਤਾਕਤ ਹੈ। ਮਿੱਠੇ ਅਤੇ ਪਿਆਰੇ ਸ਼ਬਦ ਬਿਮਾਰੀਆਂ ਦੂਰ ਕਰਨ ਦੀ ਸਮਰਥਾ ਰਖਦੇ ਹਨ, ਅੰਦਰਲੀ ਹਮਦਰਦੀ, ਸ਼ੁਭ ਆਸ਼ਾ ਅਤੇ ਅਰਦਾਸ ਦੂਜੇ ਦੀ ਬਿਮਾਰੀ ਠੀਕ ਕਰਨ ਦੀ ਸ਼ਕਤੀ ਰਖਦੀ ਹੈ। ਪਦਾਰਥਵਾਦੀਆਂ ਦੇ ਇਹ ਗੱਲਾਂ ਭਾਵੇਂ ਸਮਝ ਵਿਚ ਨਹੀਂ ਆਉਂਦੀਆਂ ਪਰ ਰੂਹਾਨੀ ਬੰਦਿਆਂ ਨੇ ਇਹ ਗੱਲਾਂ ਪ੍ਰਤਿਆ ਕੇ ਪੂਰੀ ਤਰ੍ਹਾਂ ਸਮਝ ਵਿਚ ਲਿਆਂਦੀਆਂ ਹੋਈਆਂ ਹਨ, ਹੁਣ ਇਸ ਤੋਂ ਵੀ ਵੱਧ ਹੋਵੇਗਾ ਕਿ ਜੇ ਉਸ ਨੇ ਖਾਣਾ ਖਾਇਆ ਹੋਇਆ ਹੈ ਉਹ ਹਜ਼ਮ ਨਹੀਂ ਹੋਵੇਗਾ, ਪਾਣੀ ਦੀ ਪਿਆਸ ਬਾਰ-ਬਾਰ ਲੱਗੇਗੀ ਕਿਉਂਕਿ ਉਸ ਨੇ ਸਰੀਰ ਦਾ ਸੰਤੁਲਨ ਵਿਗਾੜ ਦਿਤਾ। ਡਾ. ਕੋਲ ਜਾ ਕੇ ਹਾਜ਼ਮੇ ਦੀ ਗੋਲੀ ਲਿਆਵੇਗਾ ਅਤੇ ਕਈ ਦਿਨ ਉਸ ਦੇ ਦਿਮਾਗ ਤੇ ਅਸਰ ਰਹੇਗਾ।

ਡਾ. ਸੋਨੀ ਕਹਿਣ ਲੱਗੇ ਇਹ ਤਾਂ ਗੱਲ ਬਿਲਕੁਲ ਠੀਕ ਹੈ ਸਮਝ ਵਿਚ ਆਉਂਦੀ ਹੈ। ਮੈਂ ਕਿਹਾ ਡਾ. ਸਾਹਿਬ ਹੁਣ ਮੈਂ ਅਸਲੀ ਗੱਲ ਕਰਦਾ ਹਾਂ ਉਹ ਇਹ ਹੈ ਕਿ ਗੁਰੂ ਮਹਾਰਾਜ ਜੀ ਬਾਰ-ਬਾਰ ਪ੍ਰੇਰਨਾ ਕਰਦੇ ਹਨ ਕਿ ਤੁਸੀਂ ਪ੍ਰਮੇਸ਼ਰ ਦਾ ਨਾਮ ਜਪੋ, ਉਸ ਨੂੰ ਸਦਾ ਹੀ ਹਿਰਦੇ ਵਿਚ ਯਾਦ ਰੱਖੋ। ਉਹ ਸਰਬ ਕਲਾ ਸਮਰੱਥ ਸ਼ਕਤੀ ਹੈ। ਜਾਂ ਐਉਂ ਕਹੋ ਪਰੀਪੂਰਨ ਜੋਤੀ ਹਨ। ਉਨ੍ਹਾਂ ਦੀ ਯਾਦ ਸਦਾ ਹੀ ਹਿਰਦੇ ਵਿਚ ਠੰਢਕ ਪਾਉਂਦੀ ਹੈ, ਸ਼ਾਂਤੀ ਦਿੰਦੀ ਹੈ, ਚਿੰਤਾਵਾਂ ਇਕ ਦਮ wash ਹੋ ਜਾਂਦੀਆਂ ਹਨ।

ਇਥੇ ਮੈਂ ਇਕ ਗੱਲ ਹੋਰ ਦਸ ਦੇਣੀ ਚਾਹੁੰਦਾ ਹਾਂ ਕਿ ਇਕ ਅਮਰੀਕਨ ਬੀਬੀ ਆਈ ਜਿਸਦੀ ਗੱਲ ਪਹਿਲਾਂ ਲਿਖ ਚੁੱਕੇ ਹਾਂ ਉਹ ਸਿਰਫ ਪੰਦਰਾਂ ਮਿੰਟ ੧ਓ ਦੇ ਸ਼ਬਦ ਰਾਹੀਂ ਪ੍ਰਭੂ ਦੀ ਹਾਜ਼ਰੀ ਮਹਿਸੂਸ ਕਰਕੇ wonderful-wonderful ਕਰ ਉਠੀ ਸੀ। ਉਸ ਨੇ ਕਿਹਾ ਕਿ ਮੇਰੀਆਂ ਸਾਰੀਆਂ ਚਿੰਤਾਵਾਂ ਖਤਮ ਹੋ ਗਈਆਂ ਹਨ। ਉਸ ਨੇ ਕਿਹਾ ਕਿ ਮੇਰੀ ਰਖਸ਼ਾ ਕਰਨ ਵਾਲੇ ਸੈਲ ਐਨੇ ਮਜ਼ਬੂਤ ਹੋ ਗਏ ਹਨ ਕਿ ਉਨ੍ਹਾਂ ਨੇ ਪਰੇਸ਼ਾਨੀਆਂ ਨੂੰ ਬਾਹਰ ਕੱਢ ਦਿਤਾ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਿਸ ਦਾ ਮਨ, ਜਿਸ ਦਾ ਚਿਤ ਪ੍ਰਮੇਸ਼ਰ ਦੇ ਪਿਆਰ ਵਿਚ ਲੀਨ ਰਹਿੰਦਾ ਹੈ ਅਤੇ ਉਸ ਦੇ ਭਰੋਸੇ ਵਿਚ ਆਇਆ ਲਗਨ ਵਿਚ ਲੱਗਿਆ ਰਹਿੰਦਾ ਹੈ, ਉਸ ਨੂੰ ਕਦੇ ਸੁਪਨੇ ਵਿਚ ਵੀ ਰੋਗ ਨਹੀਂ ਆਇਆ ਕਰਦਾ, ਬਿਮਾਰੀਆਂ ਦਾ ਕਿਹਾ ਹੈ ਮਨ ਦੇ ਰੋਗੀ ਹੋਣ ਨਾਲ ਸਰੀਰ ਵੀ ਰੋਗੀ ਹੋ ਜਾਂਦਾ ਹੈ। ਕਿੰਨੀਆਂ ਹੀ ਦਵਾਈਆਂ ਖਾਵੇ ਉਹ ਲੱਗਿਆ ਨਹੀਂ ਕਰਦੀਆਂ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਦੋਂ ਇਸ ਦੀ ਲਿਵ ਪ੍ਰਮੇਸ਼ਰ ਨਾਲ ਟੁੱਟ ਜਾਂਦੀ ਹੈ ਜੋ ਇਸ ਦੇ ਉਪਰ ਸੁਪਰ ਐਨਰਜੀ ਦੀ ਫੁਹਾਰ ਪੈ ਰਹੀ ਸੀ ਉਸ ਦਾ ਸਬੰਧ ਟੁੱਟ ਗਿਆ ਅਤੇ ਉਹ ਇਸ ਤਰ੍ਹਾਂ ਹੋ ਗਿਆ ਜਿਵੇਂ ਵਗਦੇ ਦਰਿਆ ਨਾਲੋਂ ਡੂੰਘੀਆਂ ਥਾਵਾਂ ਵਿਚ ਪਾਣੀ ਉਸ ਸਮੇਂ ਰਹਿ ਗਿਆ ਜਦੋਂ ਦਰਿਆ ਵਿਚ ਥੋੜ੍ਹਾ ਪਾਣੀ ਚਲਣ ਲਗ ਗਿਆ। ਥੋੜ੍ਹੇ ਦਿਨ ਤਾਂ ਉਹ ਪਾਣੀ ਸਾਫ ਰਹੇਗਾ ਪਰ ਫੇਰ ਉਸ ਪਾਣੀ ਵਿਚ ਬਦਬੂ ਫੈਲ ਜਾਵੇਗੀ, ਉਸ ਵਿਚ ਕਿਰਮ ਪੈ ਜਾਣਗੇ, ਹੱਥ ਧੋਣ ਦੇ ਵੀ ਕਾਬਲ ਨਹੀਂ ਰਹੇਗਾ। ਘਰਾਂ ਵਿਚ ਦੋ ਚਾਰ ਦਿਨ ਪਾਣੀ ਰਖਣ ਨਾਲ ਜਾਲਾ ਪੈ ਜਾਵੇਗਾ, ਮੈਲਾ ਹੋ ਜਾਵੇਗਾ। ਕਾਰਨ ਕੀ ਹੈ ਉਹ ਆਪਣੇ ਸਰੋਤ ਨਾਲੋਂ ਟੁੱਟ ਗਿਆ, ਆਪਣੇ origin ਤੋਂ ਦੂਰ ਹੋ ਗਿਆ ਇਸ ਤਰ੍ਹਾਂ ਜਦੋਂ ਅਸੀਂ ਪ੍ਰਮੇਸ਼ਰ ਤੋਂ ਦੂਰ ਹੋ ਜਾਂਦੇ

ਹਾਂ ਤਾਂ ਆਪਣੀ ਸ਼ਕਤੀ ਖੀਣ (ਕਮਜ਼ੋਰ) ਹੋਣੀ ਸ਼ੁਰੂ ਹੋ ਜਾਂਦੀ ਹੈ ਅਤੇ ਬਿਮਾਰ ਹੋ ਜਾਂਦੇ ਹਾਂ। ਜੋ ਤਾਜ਼ਗੀ ਦੀ ਲਹਿਰ ਪਿਆਰ ਭਰੀ ਪ੍ਰਭੂ ਦੀ ਯਾਦ ਵਿਚੋਂ ਆ ਰਹੀ ਸੀ ਉਹ ਆਉਣੀ ਬੰਦ ਹੋ ਗਈ, ਉਸ ਵੇਲੇ ਹਾਲਤ ਵਿਗੜ ਜਾਂਦੀ ਹੈ। ਜਿਵੇਂ ਛੋਟੇ ਜਿਹੇ ਚੁਬੱਚੇ ਵਿਚ ਕਮਲ ਫੁੱਲ ਲਹਿਰਾਅ ਰਹੇ ਹਨ, ਭੰਵਰੇ ਦੀ ਗੁੰਜ਼ਾਰ ਪੈ ਰਹੀ ਹੈ, ਦੇਖਣ ਵਾਲੇ ਦਾ ਚਿੱਤ ਪ੍ਰਸੰਨ ਹੋ ਰਿਹਾ ਅਤੇ ਜੀਅ ਕਰਦਾ ਹੈ ਕਿ ਇਕ ਫੁੱਲ ਆਪਣੇ ਕੋਲ ਤੋੜ ਕੇ ਰੱਖ ਲਈਏ ਪਰ ਜਦੋਂ ਉਸੇ ਪਾਣੀ ਦੇ ਭੰਡਾਰ ਵਿਚੋਂ ਵਗਦਾ ਪਾਣੀ ਹੋਰ ਆਉਣਾ ਬੰਦ ਹੋ ਜਾਵੇ ਤਾਂ ਉਹ ਪਾਣੀ ਦੂਸ਼ਿਤ ਹੋ ਜਾਵੇਗਾ, ਕਮਲ ਫੁੱਲ ਕਾਲੇ ਹੋ ਕੇ ਮੁਰਝਾ ਜਾਣਗੇ। ਗੁਰੂ ਮਹਾਰਾਜ ਜੀ ਨੇ ਬਹੁਤ ਸੋਹਣਾ ਉਦਾਹਰਣ ਦਿਤਾ ਹੈ –

*ਪਬਰ ਤੂੰ ਹਰਿਆਵਲਾ ਕਵਲਾ ਕੰਚਨ ਵੰਨਿ॥*
*ਕੈ ਦੋਖੜੈ ਸੜਿਓਹਿ ਕਾਲੀ ਹੋਈਆ ਦੇਹੁਰੀ ਨਾਨਕ ਮੈ ਤਨਿ ਭੰਗੁ॥*
*ਜਾਣਾ ਪਾਣੀ ਨਾ ਲਹਾਂ ਜੈ ਸੇਤੀ ਮੇਰਾ ਸੰਗੁ॥*
*ਜਿਤੁ ਡਿਠੈ ਤਨੁ ਪਰਫੁੜੈ ਚੜੈ ਚਵਗਣਿ ਵੰਨੁ॥*

*ਪੰਨਾ – 1412*

ਉਹ ਕਹਿੰਦਾ ਹੈ ਕਿ ਮੈਂ ਪਾਣੀ ਦੇ ਆਸਰੇ ਜਿਉਂਦਾ ਸੀ ਮੇਰੀ ਸਾਰੀ ਖੂਬਸੂਰਤੀ ਉਸ ਤਾਜ਼ੇ ਪਾਣੀ ਦੇ ਆਸਰੇ ਸੀ, ਪਾਣੀ ਮੇਰਾ ਜੀਵਨ ਸੀ, ਉਹ ਬੰਦ ਹੋ ਗਿਆ, ਮੈਂ ਸੜ ਗਿਆ। ਇਸ ਕਰਕੇ ਸਾਡਾ ਜੀਵਨ ਵਾਹਿਗੁਰੂ ਜੀ ਹਨ, ਜੋ ਪੂਰਨ ਜੋਤ ਹਨ ਜਿਨ੍ਹਾਂ ਵਿਚੋਂ ਹਰ ਸਮੇਂ ਪਿਆਰ ਦੀ ਫੁਹਾਰ ਝਰਦੀ ਰਹਿੰਦੀ ਹੈ ਅਤੇ ਖੇੜਿਆਂ ਦੀ ਝਰਨਾਹਟ ਮਹਿਸੂਸ ਹੁੰਦੀ ਰਹਿੰਦੀ ਹੈ। ਉਸ ਦੇ ਨਾਲ ਸਬੰਧ ਟੁੱਟ ਜਾਵੇ ਤਾਂ ਫੇਰ ਓਹੀ ਹਾਲ ਹੁੰਦਾ ਹੈ ਜੋ ਪਾਣੀ ਦਾ ਆਪਣੇ ਸਰੋਤ ਨਾਲੋਂ ਟੁੱਟ ਕੇ ਹੁੰਦਾ ਹੈ। ਇਸੇ ਕਰਕੇ ਗੁਰੂ ਮਹਾਰਾਜ ਜੀ ਨੇ ਕਿਹਾ ਹੈ –

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥*

*ਪੰਨਾ – 135*

*ਖਸਮੁ ਵਿਸਾਰਿ ਕੀਏ ਰਸ ਭੋਗ॥*
*ਤਾਂ ਤਨਿ ਉਠਿ ਖਲੋਏ ਰੋਗ॥* *ਪੰਨਾ – 1256*

ਗੁਰੂ ਮਹਾਰਾਜ ਜੀ ਨੇ ਇਹ ਵੀ ਕਿਹਾ ਹੈ ਜੋ ਕੁਦਰਤੀ ਖੁਰਾਕ ਨੂੰ ਛੱਡ ਕੇ ਸੁਆਦੂ ਵਸਤੂਆਂ ਬਣਾ ਕੇ ਖਾਂਦੇ ਹਨ ਉਹ ਬਿਮਾਰੀ

ਨੂੰ ਹਾਕਾਂ ਮਾਰਦੇ ਹਨ –

*ਬਹੁ ਸਾਦਹੁ ਦੂਖੁ ਪਰਾਪਤਿ ਹੋਵੈ॥*
*ਭੋਗਹੁ ਰੋਗ ਸ ਅੰਤਿ ਵਿਗੋਵੈ॥*
*ਹਰਖਹੁ ਸੋਗੁ ਨ ਮਿਟਈ ਕਬਹੂ ਵਿਣੁ ਭਾਣੇ ਭਰਮਾਇਦਾ॥*

*ਪੰਨਾ – 1034*

ਗੁਰੂ ਮਹਾਰਾਜ ਜੀ ਕਹਿੰਦੇ ਹਨ ਕਿ ਜੇ ਤੂੰ ਤੰਦਰੁਸਤ ਰਹਿਣਾ ਹੈ ਤਾਂ –

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥* *ਪੰਨਾ – 611*

ਜਦੋਂ ਮਨ ਅਰੋਗ ਹੋ ਗਿਆ ਤਾਂ tension ਨਾਮ ਦੀ ਕੋਈ ਚੀਜ਼ ਦਿਮਾਗ ਵਿਚ ਰਹਿੰਦੀ ਨਹੀਂ, ਖਿਚਾਓ ਹਟ ਜਾਂਦਾ ਹੈ, ਸ਼ਾਂਤੀ ਆਉਣੀ ਸ਼ੁਰੂ ਹੋ ਜਾਂਦੀ ਹੈ, ਅਸੀਂ ਉਸ ਸਮੇਂ ਉਸ ਨੂੰ ਪਾਠ ਦਸਦੇ ਹਾਂ ਅਤੇ ਪੂਰੇ ਵਿਸ਼ਵਾਸ਼ ਨਾਲ ਕਹੀਦਾ ਹੈ ਕਿ ਇਹ ਪਾਠ ਤੂੰ ਕਰ, ਇਹ ਦੇ ਨਾਲ ਰਾਜ਼ੀ ਹੋ ਜਾਵੇਂਗਾ। ਉਸ ਨੂੰ ਵੀ ਪੂਰਾ ਵਿਸ਼ਵਾਸ਼ ਹੁੰਦਾ ਹੈ ਕਿ ਮੈਂ ਹੁਣ ਜ਼ਰੂਰ ਰਾਜ਼ੀ ਹੋ ਜਾਵਾਂਗਾ। ਇਸ ਤਰ੍ਹਾਂ ਮੈਂ ਉਨ੍ਹਾਂ ਨੂੰ ਅੱਠ ਦੱਸ ਉਦਾਹਰਣਾਂ ਦਿਤੀਆਂ ਜੋ ਰਤਵਾੜਾ ਸਾਹਿਬ ਗੁਰਦੁਆਰੇ ਵਿਚ ਅਸਾਧ ਰੋਗੀਆਂ ਦੇ ਰਾਜ਼ੀ ਹੋਣ ਦੀਆਂ ਸਨ, ਭਈਏ ਬਾਰੇ ਦਸਿਆ ਕਿ ਉਹ ਟੀ.ਬੀ. ਦਾ ਮਰੀਜ਼ ਸੀ। ਟੀ.ਬੀ. ਉਸਨੂੰ Crd ਸਟੇਜ ਤੇ ਪਹੁੰਚ ਕੇ ਉਸ ਨੂੰ ਮੌਤ ਦੇ ਕੰਢੇ ਲੈ ਗਈ ਸੀ। ਡਾਕਟਰਾਂ ਨੇ ਵੀ ਕਹਿ ਦਿਤਾ ਕਿ ਤੂੰ ਬਚ ਨਹੀਂ ਸਕਦਾ। ਪਰ ਉਹ ਸਾਡੇ ਕੋਲ ਆਇਆ ਉਸ ਨੂੰ ਇਕ ਸ਼ਬਦ ਦਿਤਾ ਗਿਆ। ਗੁਰਦੁਆਰਾ ਸਾਹਿਬ ਝਾੜੂ ਦੇਣ ਲਈ ਕਿਹਾ ਗਿਆ ਅਤੇ ਨਾਲ ਹੀ ਕਿਹਾ ਗਿਆ ਕਿ ਸੰਗਤਾਂ ਦੀ ਚਰਨ ਧੂੜ ਆਪਣੀ ਛਾਤੀ ਉਪਰ ਲਾ ਲਿਆ ਕਰੇ। 40 ਦਿਨ ਬਾਅਦ ਉਹ ਬਿਲਕੁਲ ਨੌ ਬਰ ਨੌ ਹੋ ਗਿਆ। ਉਸ ਦਾ ਭਰਾ ਯਾਦਵ ਮੋਹਾਲੀ ਫੈਕਟਰੀ ਵਿਚ ਕੰਮ ਕਰਦਾ ਹੈ। ਉਹ ਉਸ ਨੂੰ ਪੀ.ਜੀ.ਆਈ ਲੈ ਕੇ ਗਿਆ। ਉਸ ਨੇ ਪੁਰਾਣੀਆਂ ਫਿਲਮਾਂ ਐਕਸਰੇ ਦੀਆਂ ਦਿਖਾਈਆਂ ਅਤੇ ਨਵੀਂ ਫਿਲਮ ਨਾਲ ਲੈ ਕੇ ਗਿਆ ਸੀ ਤਾਂ ਡਾਕਟਰਾਂ ਨੇ ਕਿਹਾ ਕਿ ਇਹ ਪੁਰਾਣੀਆਂ ਫਿਲਮਾਂ ਇਸ ਦੀਆਂ ਹੋ ਹੀ ਨਹੀਂ ਸਕਦੀਆਂ। ਜੇ ਸਚਮੁਚ ਇਸ ਦੀਆਂ ਹੀ ਸਨ ਤਾਂ ਪਹਿਲੀਆਂ ਕਿਸੇ ਹੋਰ ਦੀਆਂ ਹੋਣਗੀਆਂ। ਇਹ ਦੀ ਛਾਤੀ ਤੇ ਤਾਂ ਕੋਈ ਨਿਸ਼ਾਨ ਨਹੀਂ ਹੈ। ਸੋ ਐਸੀਆਂ ਮਿਸਾਲਾਂ ਮੈਂ ਕਈ ਦਿੰਦਾ ਰਿਹਾ, ਸਮਾਂ ਕਾਫੀ ਲੰਘ ਗਿਆ,

ਦੂਸਰਾ ਮੈਂ ਕਿਹਾ ਕਿ ਘਰ ਵਿਚ ਸਦਾ ਥੋੜ੍ਹਾ ਖੇੜ੍ਹਾ ਰੱਖਣਾ, ਬੱਚਿਆਂ ਦੇ ਹਿਤ ਵਿਚ ਹੁੰਦਾ ਹੈ ਅਤੇ ਆਪਣੇ ਹਿਤ ਵਿਚ ਵੀ ਹੁੰਦਾ ਹੈ। ਜੇ ਆਪਸ ਵਿਚ ਪਤੀ ਪਤਨੀ ਖਿਝੇ ਖਿਝੇ ਰਹਿਣ ਤਾਂ ਜੀਵਨ ਨਰਕ ਬਣ ਜਾਂਦਾ ਹੈ।

ਕਿਉਂਕਿ ਕਾਫੀ ਸਮਾਂ ਹੋ ਗਿਆ ਸੀ ਮੈਂ ਕਈ ਘਰਾਂ ਵਿਚ ਚਰਨ ਪਾਉਣੇ ਸੀ ਸੋ ਉਥੋਂ ਮੈਂ ਤੇ ਸ. ਮਹਿੰਦਰ ਸਿੰਘ ਗਿੱਲ ਉਠੇ ਅਤੇ ਆਪਣੇ ਅਗਲੇ ਕਾਰਜ ਲਈ ਕਾਰ ਵਿਚ ਬੈਠ ਕੇ ਚਲੇ ਗਏ। ਰਾਤ ਨੂੰ ਦੀਵਾਨ ਲਾ ਕੇ ਆਇਆ ਤਾਂ ਡਾ. ਸੋਨੀ ਮਿਲੇ ਤਾਂ ਉਹ ਬਹੁਤ ਹੀ ਪ੍ਰਸੰਨ ਚਿਤ ਸਨ। ਉਨ੍ਹਾਂ ਦੇ ਚਿਹਰੇ ਤੋਂ ਖੁਸ਼ੀ ਦੇ ਨੂਰ ਦੀ ਫੁਹਾਰ ਪੈ ਰਹੀ ਸੀ। ਕਹਿਣ ਲੱਗੇ ਬਾਬਾ ਜੀ! ਜੋ ਅੱਜ ਉਪਕਾਰ ਸਾਡੇ ਉਪਰ ਕੀਤਾ ਉਹ ਅਸੀਂ ਭੁੱਲ ਨਹੀਂ ਸਕਦੇ, ਸਾਡੇ ਘਰ ਵਿਚ ਪੂਰਨ ਪਿਆਰ, understanding, ਸੁਖੀ ਜੀਵਨ ਸ਼ੁਰੂ ਹੋ ਗਿਆ। ਜੋ ਅਸੀਂ ਪਿਛਲੇ ਚਾਰ-ਪੰਜ ਮਹੀਨਿਆਂ ਤੋਂ ਗਵਾਈ ਬੈਠੇ ਸੀ। ਅਸੀਂ ਡਾਕਟਰ ਹਾਂ, ਬੱਚੇ ਬਹੁਤ ਚੰਗੇ ਹਨ। ਤੁਸੀਂ ਸਾਡੇ ਘਰ ਕੁਝ ਨਹੀਂ ਛਕਿਆ, ਉਹ ਮਠਿਆਈਆਂ ਫੇਰ ਅਸੀਂ ਆਪ ਹੀ ਛਕੀਆਂ।

ਘਰਾਂ ਵਿਚ ਜਦੋਂ ਚਰਨ ਪਾਉਣ ਜਾਈਦਾ ਸੀ ਤਾਂ ਕੋਈ ਨਾ ਕੋਈ ਬਚਨ ਛਿੜ ਹੀ ਜਾਂਦਾ ਸੀ। ਗੁਰੂ ਮਹਾਰਾਜ ਜੀ ਫੁਰਮਾਨ ਕੀਤਾ ਹੈ -

***ਹਰਿ ਅਉਖਧੁ ਸਭ ਘਟ ਹੈ ਭਾਈ॥***
***ਗੁਰ ਪੂਰੇ ਬਿਨੁ ਬਿਧਿ ਨ ਬਨਾਈ॥***
***ਗੁਰਿ ਪੂਰੈ ਸੰਜਮੁ ਕਰਿ ਦੀਆ॥***
***ਨਾਨਕ ਤਉ ਫਿਰਿ ਦੂਖ ਨ ਥੀਆ॥*** ***ਪੰਨਾ - 259***

ਨਾਮ ਸਾਰੇ ਰੋਗਾਂ ਦੀ ਦਵਾਈ ਹੈ ਪਰ ਇਸ ਦੀ ਪੂਰੇ ਗੁਰੂ ਤੋਂ ਬਿਨਾਂ ਸਮਝ ਨਹੀਂ ਆਉਂਦੀ। ਜਦੋਂ ਪੂਰਾ ਗੁਰੂ ਤੁਹਾਡੇ ਅੰਦਰੋਂ ਹੀ ਦਵਾਈ ਦੀ ਵਰਤੋਂ ਦਾ ਤਰੀਕਾ ਦਸ ਦੇਵੇਗਾ ਤਾਂ ਕੋਈ ਚਿੰਤਾ ਨਹੀਂ ਰਹੇਗੀ, ਸਭ ਖਤਮ ਹੋ ਜਾਣਗੀਆਂ। ਸੋ ਅੱਜ ਦਾ ਸੰਸਾਰ ਬਹੁਤ ਹੀ ਭਿਆਨਕ ਬਿਮਾਰੀਆਂ ਵਲ ਜਾਣ ਦੀਆਂ ਤਿਆਰੀਆਂ ਕਰ ਰਿਹਾ ਹੈ, ਉਹ ਹੈ ਘਬਰਾਹਟ ਦੀ, depression ਦੀ।

ਕੀਰਤਨ ਦੂਰ ਜਾ ਕੇ ਗੁਰਦੁਆਰੇ ਵਿਚ ਕੀਤਾ। ਰਾਤ ਨੂੰ ਬਹੁਤ ਲੇਟ ਆਏ ਸੀ। ਡਾ. ਸੋਨੀ ਨੇ ਮੈਨੂੰ ਦਵਾਈ ਦੇ ਦਿਤੀ ਸੀ। ਉਨ੍ਹਾਂ ਵਿਚ ਇਕ ਗੋਲੀ ਨੀਂਦ ਦੀ ਸੀ ਮੈਂ ਸਾਰਾ ਦਿਨ ਨੀਂਦ ਮਹਿਸੂਸ ਕਰੀ

ਗਿਆ। ਜੇ ਬੋਲਣ ਲੱਗਾਂ ਤਾਂ ਵੀ ਨੀਂਦ ਆਈ ਜਾਵੇ। ਦੂਸਰੇ ਦਿਨ 12 ਮਾਰਚ Merced Delhi ਚਰਨ ਪਾਏ। ਸੰਗਤਾਂ ਨੂੰ ਮਿਲਿਆ ਉਨ੍ਹਾਂ ਵਿਚ ਬਹੁਤ ਪ੍ਰੇਮੀ ਵੱਡੇ ਪਿੰਡ ਧਲੇਤੇ ਦੇ ਸਨ, ਛੋਟਾ ਜਿਹਾ ਸਾਫ ਸੁਥਰਾ ਪਿੰਡ ਸੀ ਜਿਸ ਦੇ ਨੇੜੇ ਹੀ ਬਦਾਮਾਂ ਦੇ ਬਾਗ ਦੂਰ ਦਰਾਜ਼ ਤਕ ਨਜ਼ਰ ਆਰਹੇ ਸਨ। ਮੋਹਾਲੀ ਤੋਂ ਟੈਲੀਫੋਨ ਆਇਆ ਡਾ. ਬੀਬੀ ਤੇਜਿੰਦਰ ਮਲਹੋਤਰਾ ਬੋਲ ਰਹੀ ਸੀ ਉਸ ਨੇ ਦਸਿਆ ਕਿ ਅੱਜ ਪੂਰਨਮਾਸ਼ੀ ਹੈ, ਦਫਤਰ ਵਿਚ ਛੁਟੀ ਕਰਨੀ ਚਾਹੁੰਦੇ ਹਨ। ਮੈਂ ਕਿਹਾ ਕਿ ਜ਼ਰੂਰ ਛੁਟੀ ਦੇ ਦੇਵੋ। ਦੀਵਾਨ ਲਾ ਕੇ ਅਸੀਂ ਬਹੁਤ ਲੇਟ ਆਏ। 13 ਮਾਰਚ ਨੂੰ ਅਸੀਂ ਇਕ ਬਹੁਤ ਸੁਥਰਾ ਜਿਹਾ ਪਿੰਡ ਜਿਸ ਦਾ ਨਾਮ Lodhi ਸੀ, ਉਥੇ ਅੰਮ੍ਰਿਤ ਵੇਲੇ ਜਥੇ ਨੇ ਆਸਾ ਜੀ ਦੀ ਵਾਰ ਲਾਈ ਸੀ ਉਥੇ ਕਈ ਘਰਾਂ ਵਿਚ ਚਰਨ ਪਾਏ, ਭਾਈ ਗੁਰਦੀਪ ਸਿੰਘ ਤੇ ਬੀਬੀ ਦਵਿੰਦਰ ਕੌਰ ਦੇ ਘਰ ਆਸਾ ਜੀ ਦੀ ਵਾਰ ਲੱਗੀ ਸੀ, ਉਥੇ ਵੀ ਚਰਨ ਪਾਏ। ਇਕ ਹੋਰ ਜਸਵਿੰਦਰ ਦੇ ਘਰ Lodhi ਵਿਚ ਚਰਨ ਪਾਏ, ਰਾਤ ਦਾ ਦੀਵਾਨ ਟਰਲੋਕ ਤੋਂ ਬਹੁਤ ਦੂਰ ਐਲਸਬਰਾਟੇ ਵਿਚ ਲੱਗਿਆ। ਜਿਥੇ ਨਾਮ ਦੀ ਮਹਿਮਾ ਬਾਰੇ ਬਹੁਤ ਖੋਲ੍ਹ ਕੇ ਦਸਿਆ ਗਿਆ। ਸੰਗਤਾਂ ਬਹੁਤ ਹੁੰਮ ਹੁੰਮਾ ਕੇ ਆਈਆਂ ਹੋਈਆਂ ਸਨ। 14 ਮਾਰਚ ਨੂੰ ਸ਼ਨਿੱਚਰਵਾਰ ਦਾ ਦਿਨ ਸੀ, ਸਵੇਰੇ ਹੀ ਤਿਆਰ ਹੋ ਕੇ ਸਨਹੋਜ਼ੇ ਗਏ ਉਥੇ ਬਹੁਤ ਸਾਰੇ ਸਿੰਘ ਘਰਾਂ ਵਿਚ ਚਰਨ ਪਾਉਣ ਵਾਸਤੇ ਬੇਨਤੀ ਕਰ ਰਹੇ ਸਨ, ਸਭ ਤੋਂ ਪਹਿਲਾਂ ਸ. ਜਗਦੀਸ਼ ਸਿੰਘ ਤੱਖਰ ਦੇ ਗ੍ਰਹਿ ਵਿਖੇ ਜਿਥੇ ਆਸਾ ਜੀ ਦੀ ਵਾਰ ਜਥੇ ਨੇ ਲਾਈ ਸੀ ਉਥੇ ਵੀ ਬਹੁਤ ਸਾਰੇ ਬਚਨ ਹੋਏ, ਉਸ ਤੋਂ ਪਿਛੋਂ ਜਗਜੀਤ ਸਿੰਘ ਜੀ ਦੇ ਵੱਡੇ ਭਰਾ ਭਗਤ ਸਿੰਘ ਤੱਖਰ ਦੇ ਘਰ ਗਏ ਦੋਹਾਂ ਦੇ ਘਰ ਬਹੁਤ ਸਾਫ ਸੁਥਰੇ ਸਨ। ਭਗਤ ਸਿੰਘ ਕਿਉਂਕਿ ਅਸਾਨੂੰ ਪਹਿਲਾਂ ਵੀ ਜਾਣਦਾ ਸੀ 1997 ਵਿਚ ਜਦੋਂ ਮੈਂ ਇੰਗਲੈਂਡ ਗਿਆ ਤਾਂ ਉਹ ਵੀ ਮੇਰੇ ਨਾਲ ਹੀ ਰਿਹਾ ਸੀ। ਉਸ ਨੇ ਇਕ ਪ੍ਰਸ਼ਨ ਕਰ ਦਿਤਾ ਕਿ ਅਖੰਡਪਾਠ ਦੀ ਕੀ ਮਹੱਤਤਾ ਹੁੰਦੀ ਹੈ।

ਭਾਈ ਭਗਤ ਸਿੰਘ ਜੀ ਦਾ ਪ੍ਰਸ਼ਨ ਸਾਰਿਆਂ ਨੇ ਧਿਆਨ ਨਾਲ ਸੁਣਿਆ ਉਸ ਨੇ ਕਿਹਾ ਕਿ ਇਹ ਅਖੰਡਪਾਠ ਕਰਾਉਣ ਦੀ ਕੀ ਮਹੱਤਤਾ ਹੁੰਦੀ ਹੈ? ਜਪੁਜੀ ਸਾਹਿਬ ਦੇ ਪਾਠ ਬਾਰ-ਬਾਰ ਕਰਾਏ ਜਾਂਦੇ ਹਨ, ਉਸ ਦੀ ਕੀ ਮਹੱਤਤਾ ਹੁੰਦੀ ਹੈ?

ਸੰਗਤ ਕਾਫੀ ਬੈਠੀ ਸੀ, ਬੈਠਣ ਵਾਲੀ ਥਾਂ ਕਾਫੀ ਖੁਲ੍ਹੀ ਸੀ।

ਸਿੰਘ ਅਤੇ ਬੀਬੀਆਂ ਬਹੁਤ ਆਏ ਹੋਏ ਸਨ, ਸਾਰਿਆਂ ਦੇ ਮਨਾਂ ਵਿਚ ਇਸ ਪ੍ਰਸ਼ਨ ਦਾ ਉਤਰ ਸੁਣਨ ਦੀ ਲੋਚਾ ਸੀ।

ਮੈਂ ਉਨ੍ਹਾਂ ਨੂੰ ਦਸਿਆ ਕਿ ਬਾਣੀ ਦੇ ਦੋ ਜ਼ਬਰਦਸਤ ਅਸਰ ਹਨ ਪਹਿਲਾ ਤਾਂ ਇਹ ਹੈ ਕਿ ਸਾਡਾ ਵਾਹ ਬਹੁਤ ਹੀ ਭਿਆਨਕ ਸ਼ਤਰੂਆਂ ਨਾਲ ਪਿਆ ਹੋਇਆ ਹੈ ਜਿਹੜੇ ਕਿਸੇ ਤਰ੍ਹਾਂ ਨਾਲ ਵੀ ਜਿੱਤੇ ਨਹੀਂ ਜਾ ਸਕਦੇ। ਇਹ ਬਲਵਾਨ ਸ਼ਤ੍ਰੂ ਬਹੁਤ ਹੀ ਭਿਆਨਕ ਹਨ, ਇਹ ਵੱਡਿਆਂ-ਵੱਡਿਆਂ ਨੂੰ ਲੁੱਟ ਲੈਂਦੇ ਹਨ, ਵੱਡੇ-ਵੱਡੇ ਸਾਧੂਆਂ ਨੂੰ ਆਤਮ ਮਾਰਗ ਤੋਂ ਗਿਰਾ ਕੇ ਪਤਿਤ ਅਵਸਥਾ ਵਿਚ ਪਹੁੰਚਾ ਦਿੰਦੇ ਹਨ, ਇਹ ਕਿਸੇ ਤਰੀਕੇ ਨਾਲ ਵਸ ਵਿਚ ਨਹੀਂ ਆਉਂਦੇ। ਜੇ ਕੋਈ ਤੀਰਥ ਯਾਤਰਾ ਕਰਦਾ ਹੈ, ਕੋਈ ਜਪ ਤਪ ਕਰਦਾ ਹੈ ਇਹ ਉਸ ਦੇ ਸਾਰੇ ਫਲਾਂ ਨੂੰ ਨਸ਼ਟ ਕਰ ਦਿੰਦੇ ਹਨ। ਇਨ੍ਹਾਂ ਸ਼ਤਰੂਆਂ ਦੇ ਨਾਮ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ, ਦ੍ਵੈਤ, ਅਗਿਆਨ, ਸ਼ਬਦ, ਸਪਰਸ਼, ਰੂਪ, ਰਸ, ਗੰਧ, ਰਾਜ, ਮਾਲ, ਰੂਪ, ਜਾਤ, ਜੋਬਨ, ਆਸਾ ਅੰਦੇਸਾ ਆਦਿ ਹਨ। ਉਨ੍ਹਾਂ ਨੂੰ ਮੈਂ ਕਿਹਾ ਕਿ ਤੁਸੀਂ ਸਾਰੇ ਆਤਮ ਮਾਰਗ ਪੜ੍ਹਦੇ ਹੋਂ? ਬਹੁਤਿਆਂ ਪੁਛਿਆ ਕਿ ਕੀ ਅਸੀਂ ਤਾਂ ਬਹੁਤ ਪ੍ਰੇਮ ਨਾਲ ਉਸ ਦਾ ਸਹੀ ਤਰੀਕਾਂ ਉਪਰ ਇੰਤਜ਼ਾਰ ਕਰਦੇ ਹਾਂ। ਉਹ ਠੀਕ ਅੰਗਰੇਜ਼ੀ ਮਹੀਨੇ ਦੀ ਪਹਿਲੀ ਤਰੀਕ ਨੂੰ ਪਹੁੰਚ ਜਾਂਦਾ ਹੈ। ਸੋ ਸਦਾ ਪੜ੍ਹਦੇ ਰਹਿੰਦੇ ਹਾਂ। ਮੈਂ ਕਿਹਾ ਉਸ ਵਿਚ ਇਕ ਵਾਰੀ 'ਮਨ ਮਵਾਸੀ ਰਾਜਾ' ਦਾ ਬਹੁਤ ਹੀ ਵਿਸਥਾਰਪੂਰਵਕ ਲੇਖ ਛਪਿਆ ਸੀ ਜਿਸ ਵਿਚ ਮੈਂ 63 ਵੱਡੇ-ਵੱਡੇ ਜਰਨੈਲਾਂ ਦਾ ਜ਼ਿਕਰ ਕੀਤਾ ਸੀ ਜਿਹੜੇ ਮਹਾਂ ਦੁੰਦਰ ਹਨ ਜੋ ਕਿਸੇ ਤੋਂ ਵੀ ਨਹੀਂ ਜਿੱਤੇ ਜਾਣ ਵਾਲੇ ਉਨ੍ਹਾਂ ਨੂੰ ਕੋਈ ਜਿੱਤ ਨਹੀਂ ਸਕਦਾ।

ਇਕ ਰਾਜਾ ਪਾਰਸਨਾਥ ਹੋਇਆ ਹੈ ਜੋ ਬਹੁਤ ਹੀ ਬਲੀ ਸੀ ਜਿਸ ਨੇ ਦੁਨੀਆਂ ਦੇ ਸਾਰੇ ਰਾਜਿਆਂ ਨੂੰ ਜਿੱਤ ਲਿਆ ਸੀ ਅਤੇ ਇਕ ਲੱਖ ਰਾਜਾ ਕੈਦ ਵਿਚ ਪਾ ਲਿਆ ਸੀ ਉਸ ਦੀ ਪਹੁੰਚ ਸਵਰਗ ਲੋਕ ਵਿਚ ਵੀ ਸੀ। ਸਵਰਗ ਲੋਕ ਵਿਚ ਇੰਦਰ ਆਦਿ ਸਭ ਉਸ ਨੇ ਜਿੱਤ ਲਏ ਸਨ ਇਥੋਂ ਤਕ ਉਹ ਵਧਿਆ ਕਿ ਉਹ ਸ਼ਿਵ ਲੋਕ ਵਿਚ ਪਹੁੰਚ ਗਿਆ। ਸ਼ਿਵ ਜੀ ਵੀ ਉਸ ਦਾ ਮੁਕਾਬਲਾ ਨਾ ਕਰ ਸਕੇ। ਉਸ ਵੇਲੇ ਉਸ ਨੇ ਆਪਣੇ ਵਜ਼ੀਰ ਨੂੰ ਕਿਹਾ ਕਿ ਮੈਂ ਰਾਜਮੇਧ ਯੱਗ ਕਰਨਾ ਚਾਹੁੰਦਾ ਹਾਂ ਕਿਉਂਕਿ ਮੈਂ ਇਕ ਲੱਖ ਰਾਜਾ ਕੈਦ ਕਰ ਲਿਆ ਹੈ।

ਇਸ ਯੱਗ ਵਿਚ ਜੋ ਜੋਤ ਜਗਾਈ ਜਾਂਦੀ ਹੈ ਉਹ ਰਾਜਿਆਂ ਦੀ ਚਰਬੀ ਨਾਲ ਜੋਤ ਜਗਦੀ ਹੈ। ਬਹੁਤ ਰਾਜੇ ਮਾਰੇ ਜਾਂਦੇ ਹਨ ਤਾਂ ਰਾਜਮੇਧ ਯੱਗ ਹੋਇਆ ਕਰਦਾ ਹੈ। ਉਸ ਦਾ ਵਜ਼ੀਰ ਬਹੁਤ ਸਿਆਣਾ ਸੀ, ਉਸ ਨੇ ਕਿਹਾ ਕਿ ਮਹਾਰਾਜ! ਅਜੇ ਤੁਸੀਂ ਇਕ ਰਾਜਾ ਨਹੀਂ ਜਿਤਿਆ। ਜੇ ਉਸ ਰਾਜੇ ਨੂੰ ਜਿੱਤ ਲਵੋਂ ਤਾਂ ਤੁਸੀਂ ਰਾਜਮੇਧ ਯੱਗ ਕਰਨ ਦੇ ਅਧਿਕਾਰੀ ਹੋ ਸਕਦੇ ਹੋਂ। ਪਾਰਸਨਾਥ ਰਾਜਾ ਬਹੁਤ ਨਰਾਜ਼ ਹੋਇਆ ਕਿ ਤੁਸੀਂ ਮੈਨੂੰ ਪਹਿਲਾਂ ਕਿਉਂ ਨਾ ਉਸ ਰਾਜੇ ਬਾਰੇ ਦਸਿਆ ਜੋ ਅਜੇ ਜਿਤਿਆ ਨਹੀਂ ਗਿਆ, ਉਹ ਕਿਹੋ ਜਿਹਾ ਹੈ, ਕਿਥੇ ਰਹਿੰਦਾ ਹੈ, ਉਸ ਦੇ ਸੂਰਮਿਆਂ ਦੇ ਸ਼ਸ਼ਤਰ ਕਿਹੋ ਜਿਹੇ ਹਨ? ਵਜ਼ੀਰ ਨੇ ਕਿਹਾ ਕਿ ਉਹ ਹਰ ਬੰਦੇ ਦੇ ਅੰਦਰ ਰਹਿੰਦਾ ਹੈ। ਉਸ ਨੇ ਹਰ ਬੰਦੇ ਦੇ ਨੱਥ ਪਾਈ ਹੋਈ ਹੈ ਉਹ ਕਿਸੇ ਬੰਦੇ ਨੂੰ ਪ੍ਰਮੇਸ਼ਰ ਦੇ ਨਾਲ ਮਿਲਣ ਨਹੀਂ ਦਿੰਦਾ, ਉਹ ਸੁਤੰਤਰ ਰੂਪ ਵਿਚ ਆਪਣੀਆਂ ਉਡਾਰੀਆਂ ਮਾਰਦਾ ਹੈ, ਕਰਮ ਕਰਦਾ ਹੈ ਪਰ ਉਸ ਦੇ ਕੀਤੇ ਕਰਮ ਉਸ ਨੂੰ ਦੁਖੀ ਨਹੀਂ ਕਰਦੇ। ਜਿਸ ਵਿਚ ਰਹਿੰਦਾ ਹੈ ਜਾਂ ਜਿਸ ਸਰੀਰ ਦੇ ਅੰਤਸ਼ਕਰਣ ਨਾਲ ਉਸ ਦਾ ਸਬੰਧੀ ਹੈ ਉਸ ਨੂੰ ਦੁਖੀ ਕਰਦਾ ਹੈ। ਉਸ ਰਾਜੇ ਦੇ ਕੀਤੇ ਹੋਏ ਕਰਮਾਂ ਦਾ ਫਲ ਭੋਗਦਾ ਜੀਵ ਆਤਮਾ ਹੈ ਉਹ ਆਪ ਕਿਸੇ ਦੇ ਕਾਬੂ ਨਹੀਂ ਆਉਂਦਾ, ਛਿਨ ਭਰ ਕਿਤੇ ਨਹੀਂ ਠਹਿਰਦਾ ਹਰ ਵਕਤ ਲੱਖਾਂ ਮੀਲ ਦੌੜਨਾ, ਭੱਜਣਾ ਉਸ ਦਾ ਕੰਮ ਹੈ, ਉਸ ਦੇ ਜਰਨੈਲ ਅਜਿਤ ਹਨ ਉਸ ਦਾ ਨਾਮ 'ਮਨ' ਰਾਜਾ ਹੈ। ਉਹ ਮਾਇਆ ਦੇ ਅਜਿੱਤ ਕਿਲੇ ਵਿਚ ਰਹਿੰਦਾ ਹੈ। ਅਗਿਆਨ ਉਸ ਦਾ ਬਹੁਤ ਵੱਡਾ ਪਹਿਰੇਦਾਰ ਹੈ, ਮੋਹ ਵੱਡਾ ਜਰਨੈਲ ਹੈ ਅਤੇ ਉਸ ਦੇ ਅਧੀਨ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਬਹੁਤ ਸ਼ਕਤੀਸ਼ਾਲੀ ਜਰਨੈਲ ਹਨ। ਸ਼ਬਦ, ਸਪਰਸ਼, ਰੂਪ, ਰਸ, ਗੰਧ ਪੰਜ ਉਸਦੀਆਂ ਤੋਪਾਂ ਹਨ ਜਦੋਂ ਚਲਦੀਆਂ ਹਨ ਸਭ ਨੂੰ ਬੇਹੋਸ਼ ਕਰ ਦਿੰਦੀਆਂ ਹਨ। ਇਸ ਤਰ੍ਹਾਂ ਉਸ ਦੇ ਅਜਿੱਤ ਸੂਰਮੇ ਹਰੇਕ ਦੇ ਅੰਦਰ ਘੌਰੂ ਪਾ ਰਹੇ ਹਨ। ਬੰਦਾ ਚਾਹੁੰਦਾ ਹੋਇਆ ਵੀ ਕਿ ਮੈਂ ਭਜਨ ਕਰਾਂ ਭਜਨ ਨਹੀਂ ਕਰਦਾ, ਉਸ ਦਾ ਅੰਤਸ਼ਕਰਣ ਇਨ੍ਹਾਂ ਮਹਾਂ ਦੁਰਗੰਧ ਭਰੇ ਜਰਨੈਲਾਂ ਕਰਕੇ ਮਹਾਂ ਅਪਵਿੱਤਰ ਹੋਇਆ ਰਹਿੰਦਾ ਹੈ। ਕਿਸੇ ਜੀਵ ਕੋਲ ਕੋਈ ਸ਼ਕਤੀ ਨਹੀਂ ਹੈ ਕਿ ਉਹ ਇਸ ਮਨ ਰਾਜੇ ਨੂੰ ਵਸ ਕਰ ਲਵੇ, ਇਸ ਦੇ ਜਰਨੈਲਾਂ ਦੇ ਸਾਮ੍ਹਣੇ ਕੁਝ ਦੇਰ ਖੜ੍ਹ ਸਕੇ।

ਐਨੀ ਗੱਲ ਸੁਣਦਿਆਂ ਹੀ ਪਾਰਸਨਾਥ ਬਹੁਤ ਗੰਭੀਰ ਹੋ ਗਿਆ ਅਤੇ ਕਹਿਣ ਲੱਗਿਆ ਕਿ ਮੈਂ ਇਸ ਮਨ ਰਾਜੇ ਨੂੰ ਫਤਹਿ ਕਰਕੇ

ਹੀ ਛਡਾਂਗਾ, ਛੇ ਮਹੀਨੇ ਵਿਚ ਜੇ ਮੈਂ ਇਸ ਨੂੰ ਨਾ ਜਿਤਿਆ ਤਾਂ ਮੈਂ ਚਿਖਾ ਚਿਣ ਕੇ ਜਿਉਂਦਾ ਜਲ ਜਾਵਾਂਗਾ। ਉਸ ਨੇ ਰਾਜ ਭਾਗ ਦੇ ਸਾਰੇ ਕੰਮ ਛਡ ਦਿਤੇ ਅਤੇ ਯੋਗ ਸਾਧਨ ਕਰਨ ਲੱਗਿਆ ਪਰ ਮਨ ਰਾਜਾ ਕਿਸੇ ਤਰ੍ਹਾਂ ਵੀ ਕਾਬੂ ਨਾ ਆਇਆ, ਉਸ ਦੇ ਸੂਰਮੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵੀ ਕਿਸੇ ਤਰ੍ਹਾਂ ਕਾਬੂ ਨਾ ਆਏ। ਪਾਰਸਨਾਥ ਬਹੁਤ ਈਮਾਨਦਾਰ ਰਾਜਾ ਸੀ, ਬਚਨ ਦਾ ਧਨੀ ਸੀ ਉਸ ਨੇ ਦੇਖ ਲਿਆ ਕਿ ਨਾ ਤਾਂ ਮਨ ਹੀ ਟਿਕਦਾ ਹੈ, ਇਕ ਛਿਨ ਵਾਸਤੇ ਵੀ ਇਹ ਟਿਕਣ ਨਹੀਂ ਜਾਣਦਾ, ਹਰ ਵਕਤ ਆਦਮੀ ਨੂੰ ਮੋਂਹਦਾ ਹੈ, ਇਸ ਨੇ ਵੱਡੇ-ਵੱਡੇ ਜਿੱਤ ਲਏ ਹਨ, ਪੂਰੀ ਤਰ੍ਹਾਂ ਨਾਲ ਕਾਬੂ ਕੀਤੇ ਹੋਏ ਹਨ। ਸੋ ਉਸ ਨੇ ਆਪਣਾ ਸਰੀਰ ਚਿਖਾ ਉਪਰ ਰੱਖ ਕੇ ਦਗਧ ਕਰ ਲਿਆ।

ਪ੍ਰਸ਼ਨ ਉਠਦਾ ਹੈ ਕਿ ਫੇਰ ਅਜਿਹੇ ਸਰੀਰ ਰੂਪੀ ਘਰ ਵਿਚ ਮਹਾਂ ਭਿਆਨਕ ਸ਼ਤਰੂ ਦਾ ਕਿਵੇਂ ਮੁਕਾਬਲਾ ਕੀਤਾ ਜਾਵੇ। ਅਸੀਂ ਜਦੋਂ ਰਹਿਰਾਸ ਸਾਹਿਬ ਪੜ੍ਹਦੇ ਹਾਂ ਤਾਂ ਪੂਰੇ ਦਿਲ ਨਾਲ ਬੇਨਤੀਆਂ ਕਰਦੇ ਹਾਂ -

*ਹਮਰੀ ਕਰੋ ਹਾਥ ਦੈ ਰੱਛਾ॥*
*ਪੂਰਨ ਹੋਇ ਚਿਤ ਕੀ ਇੱਛਾ॥*
*ਤਵ ਚਰਨਨ ਮਨ ਰਹੈ ਹਮਾਰਾ॥*
*ਅਪਨਾ ਜਾਨ ਕਰੋ ਪ੍ਰਤਿਪਾਰਾ॥*
*ਹਮਰੇ ਦੁਸਟ ਸਭੈ ਤੁਮ ਘਾਵਹੁ॥*
*ਆਪੁ ਹਾਥ ਦੈ ਮੋਹਿ ਬਚਾਵਹੁ॥*
*ਸੁਖੀ ਬਸੈ ਮੋਰੋ ਪਰਿਵਾਰਾ॥*
*ਸੇਵਕ ਸਿਖ੍ਯ ਸਭੈ ਕਰਤਾਰਾ॥*
*ਮੋ ਰੱਛਾ ਨਿਜੁ ਕਰ ਦੈ ਕਰਿਐ॥*
*ਸਭ ਬੈਰਨ ਕੌ ਆਜ ਸੰਘਰਿਯੈ॥*
*ਪੂਰਨ ਹੋਇ ਹਮਾਰੀ ਆਸਾ॥*
*ਤੋਰਿ ਭਜਨ ਕੀ ਰਹੈ ਪਯਾਸਾ॥* **ਕਬਯੋ ਵਾਚ ਬੇਨਤੀ ਚੌਪਈ**

ਇਸ ਸਾਰੀ ਚੌਪਈ ਵਿਚ ਅਸੀਂ ਮਨ ਰੂਪੀ ਰਾਜੇ ਦੇ ਵੱਡੇ-ਵੱਡੇ ਜਰਨੈਲਾਂ ਨੂੰ ਧਿਆਨ ਵਿਚ ਰਖਦੇ ਹੋਏ ਅਕਾਲ ਪੁਰਖ ਅੱਗੇ ਬੇਨਤੀਆਂ ਕਰਦੇ ਹਾਂ ਕਿ ਹੇ ਪ੍ਰਭੂ! ਇਹ ਅੰਦਰਲੇ ਦੁਸ਼ਮਣ ਮੈਨੂੰ ਬਾਰ-ਬਾਰ ਨਰਕਾਂ ਵਿਚ ਸੁੱਟ ਰਹੇ ਹਨ, ਤੂੰ ਕ੍ਰਿਪਾ ਕਰ ਮੈਨੂੰ ਬਲ ਬਖਸ਼, ਮੈਨੂੰ ਸੋਝੀ ਦੇਹ ਕਿ ਮੈਂ ਕਿਸੇ ਤਰ੍ਹਾਂ ਦੇ ਨਾਲ ਇਨ੍ਹਾਂ ਦੁਸ਼ਟਾਂ

ਦਾ ਮੁਕਾਬਲਾ ਕਰਾਂ ਅਤੇ ਆਪਣੇ ਜੀਵਨ ਮਨੋਰਥ ਨੂੰ ਸਫਲਤਾ ਸਹਿਤ ਪ੍ਰਾਪਤ ਕਰਾਂ। ਇਸ ਦੁਸ਼ਟ ਜੁੰਡਲੀ ਵਿਚ ਸਭ ਤੋਂ ਭਿਆਨਕ ਖਤਰਨਾਕ ਨਾਗਨੀ ਹਉਮੈ ਦੀ ਹੈ, ਜਿਸ ਨੇ ਇਸ ਨੂੰ ਪ੍ਰਭੂ ਦੇ ਨਾਲੋਂ ਤੋੜ ਕੇ ਜੀਵ ਬਣਾ ਦਿਤਾ ਹੈ ਅਤੇ ਇਸ ਦਾ ਐਨਾ ਪਤਨ ਕਰ ਦਿਤਾ ਕਿ ਇਹ ਜੀਵ ਭਾਵ ਤੋਂ ਵੀ ਹੇਠਾਂ ਉਤਰ ਕੇ ਆਪਣੇ ਆਪ ਨੂੰ ਮਹਾਂ ਅਪਵਿੱਤਰ ਦੇਹੀ ਪੰਜਾਂ ਤੱਤਾਂ ਤੋਂ ਬਣੀ ਹੋਈ ਰਜੋ ਗੁਣ, ਤਮੋ ਗੁਣ, ਸਤੋ ਗੁਣ ਦੇ ਅਧੀਨ ਹਲੋਰੇ ਖਾਂਦੀ ਹੋਈ ਮਲਮੂਤਰ ਦੀ ਦੁਰਗੰਧ ਵਾਲੀ ਦੇਹੀ ਸਮਝਦਾ ਹੈ। ਜਦੋਂ ਵਿਚਾਰ ਕਰੀਦੀ ਹੈ ਤਾਂ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਪੁਤਰੀ ਤੇਰੀ ਬਿਧਿ ਕਰਿ ਥਾਟੀ॥*
*ਜਾਨੁ ਸਤਿ ਕਰਿ ਹੋਇਗੀ ਮਾਟੀ॥*
*ਮੂਲੁ ਸਮਾਲਹੁ ਅਚੇਤ ਗਵਾਰਾ॥*
*ਇਤਨੇ ਕਉ ਤੁਮ ਕਿਆ ਗਰਬੇ॥*
*ਤੀਨਿ ਸੇਰ ਕਾ ਦਿਹਾੜੀ ਮਿਹਮਾਨੁ॥*
*ਅਵਰ ਵਸਤੁ ਤੁਝ ਪਾਹਿ ਅਮਾਨ॥*
*ਬਿਸਟਾ ਅਸਤ ਰਕਤੁ ਪਰੇਟੇ ਚਾਮ॥*
*ਇਸੁ ਊਪਰਿ ਲੇ ਰਾਖਿਓ ਗੁਮਾਨ॥*
*ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥*
*ਬਿਨੁ ਬੂਝੇ ਤੂੰ ਸਦਾ ਨਾਪਾਕ॥* *ਪੰਨਾ – 374*

ਗੁਰੂ ਮਹਾਰਾਜ ਨੇ ਇਨ੍ਹਾਂ ਦੁਸ਼ਟਾਂ ਦਾ ਮੁਕਾਬਲਾ ਕਰਨ ਵਾਸਤੇ ਗੁਰਬਾਣੀ ਦਾ ਹਥਿਆਰ ਅਸਾਡੇ ਹੱਥ ਵਿਚ ਦਿਤਾ। ਗੁਰਬਾਣੀ ਅਜਿਹੀ ਸ਼ੇਰਨੀ ਹੈ ਜੋ ਇਸ ਮਾਇਆ ਰੂਪ ਹੱਥਣੀ ਨੂੰ ਜਾਨ ਤੋਂ ਮਾਰ ਦਿੰਦੀ ਹੈ। ਵਿਚਾਰ ਕੇ ਬਾਣੀ ਦਾ ਅਭਿਆਸ ਕਰਨ ਨਾਲ, ਮੂਲਮੰਤਰ ਦਾ ਪਾਠ ਕਰਨ ਨਾਲ, ਵਾਹਿਗੁਰੂ ਮੰਤਰ ਦਾ ਜਾਪ ਕਰਨ ਨਾਲ ਇਨ੍ਹਾਂ ਦੁਸ਼ਟਾਂ ਉਤੇ ਜੀਵ ਦੀ ਵਿਜੈ ਹੋ ਜਾਂਦੀ ਹੈ। ਇਸ ਕਰਕੇ ਅਸੀਂ ਹਰ ਰੋਜ਼ ਨਿਤਨੇਮ ਨਾਲ ਬਾਣੀ ਪੜ੍ਹਦੇ ਹਾਂ ਅਤੇ ਗੁਰੂ ਦੇ ਪਿਆਰ ਵਿਚ ਰਹਿ ਕੇ ਹਰ ਵਕਤ ਇਨ੍ਹਾਂ ਦੁਸ਼ਮਣਾਂ ਨਾਲ ਜੂਝਦੇ ਰਹਿੰਦੇ ਹਾਂ ਜਿਸ ਦੇ ਬਾਰੇ ਅਜਿਹਾ ਆਉਂਦਾ ਹੈ–

*ਖਾਲਸਾ ਸੋ ਜੋ ਚੜ੍ਹੈ ਤਰੰਗ॥*
*ਖਾਲਸਾ ਸੋ ਜੋ ਕਰੈ ਨਿਤ ਜੰਗ॥*

ਖਾਲਸੇ ਦਾ ਲਕਸ਼ਣ ਹਰ ਵਕਤ ਨਾਮ ਤਰੰਗਾਂ ਦੇ ਉਪਰ ਝੂਟਦੇ ਰਹਿਣਾ ਹੈ। ਇਨ੍ਹਾਂ ਦੁਸ਼ਟ ਫੌਜਾਂ ਦੇ ਨਾਲ ਬਾਣੀ ਅਤੇ ਵਿਚਾਰ ਦੇ ਸ਼ਸ਼ਤਰ ਹੱਥ ਵਿਚ ਲੈ ਕੇ ਲੜਦੇ ਰਹਿਣਾ ਹੈ, ਇਕ ਮਿੰਟ ਵੀ ਜੇ

ਅਸੀਂ ਅਵੇਸਲੇ ਹੋ ਜਾਈਏ ਅਤੇ ਇਨ੍ਹਾਂ ਦਾ ਦਾਅ ਲਗ ਜਾਂਦਾ ਹੈ ਅਤੇ ਜੀਵ ਨੂੰ ਦਬੋਚ ਲੈਂਦੇ ਹਨ। ਇਸ ਕਰਕੇ ਇਹ ਲਗਾਤਾਰੀ ਯੁੱਧ ਵਿਚ ਜੂਝਣ ਲਈ ਅਤੇ ਇਸ ਉਪਰ ਫਤਹਿ ਪ੍ਰਾਪਤ ਕਰਨ ਲਈ ਅਸੀਂ ਬਾਣੀ ਦੇ ਪਾਠ ਕਰਦੇ ਹਾਂ। ਹਉਮੈ ਦੇ ਮਹਾਂ ਭਿਆਨਕ ਜਾਲ ਨੂੰ ਕੱਟਣ ਲਈ ਬਾਣੀ ਦਾ ਜੋ ਸਾਰ ਤੱਤ ਵਾਹਿਗੁਰੂ ਮੰਤਰ ਹੈ ਉਸ ਦਾ ਜਾਪ ਕਰਦੇ ਰਹਿੰਦੇ ਹਾਂ। ਸੋ ਬਾਣੀ ਅਤੇ ਨਾਮ ਦੀ ਖੜਗ ਅਤੇ ਸੰਜੋਅ ਪਹਿਨ ਕੇ ਅਸੀਂ ਸ਼ਤਰੂਆਂ ਨਾਲ ਯੁੱਧ ਕਰ ਸਕਦੇ ਹਾਂ ਅਤੇ ਨਿਸ਼ਚੇ ਕਰ ਅਪਨੀ ਜਿਤ ਵੀ ਪ੍ਰਾਪਤ ਕਰ ਸਕਦੇ ਹਾਂ ਪਰ ਅਸੀਂ ਇਕੱਲੇ ਡਾਵਾਂਡੋਲ ਹੋ ਜਾਂਦੇ ਹਾਂ। ਇਸ ਕਰਕੇ ਉਹ ਪੁਰਸ਼ ਜਿਨ੍ਹਾਂ ਨੇ ਮਾਇਆ ਉਤੇ ਫਤਹਿ ਪਾ ਲਈ ਹੈ ਉਨ੍ਹਾਂ ਦੀ ਮਿਹਰ ਦੀ ਲੋੜ ਹੈ, ਮਦਦ ਦੀ ਲੋੜ ਹੈ ਉਹ ਪੁਰਸ਼ ਉਹ ਹੋਇਆ ਕਰਦੇ ਹਨ ਜਿਹੜੇ ਆਪ ਮਾਇਆ ਦੇ ਹਨ੍ਹੇਰੇ ਵਿਚੋਂ ਨਿਕਲ ਕੇ ਸਦਾ ਹੀ ਗਿਆਨ ਦੇ ਪ੍ਰਕਾਸ਼ ਵਿਚ ਵਸਦੇ ਹਨ ਅਤੇ ਜਿਹੜੇ ਨਾਮ ਮੰਡਲ ਵਿਚ ਪ੍ਰਵੇਸ਼ ਰਖਦੇ ਹਨ ਇਨ੍ਹਾਂ ਨੂੰ ਗੁਰਬਾਣੀ ਅਨੁਸਾਰ ਜੋ ਪਦਵੀ ਮਿਲਦੀ ਹੈ ਉਹ ਇਸ ਤਰ੍ਹਾਂ ਹੈ –

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥* *ਪੰਨਾ – 319*

*ਜਿਨਾ ਨਾ ਵਿਸਰੈ ਨਾਮ ਸੇ ਕਿਨੇਹਿਆ।।*
*ਭੇਦੁ ਨ ਜਾਣਹੁ ਮੂਲਿ ਸਾਈ ਜੇਹਿਆ॥* *ਪੰਨਾ – 397*

ਹੁਣ ਦੂਜਾ ਪੱਖ ਜਿਸ ਬਾਰੇ ਭਾਈ ਭਗਤ ਸਿੰਘ ਜੀ ਨੇ ਪ੍ਰਸ਼ਨ ਕੀਤਾ ਹੈ ਕਿ ਅਖੰਡਪਾਠ, ਸੰਪਟਪਾਠ ਕਰਨ ਦਾ ਕੀ ਲਾਭ ਹੁੰਦਾ ਹੈ? ਪਹਿਲਾ ਤਾਂ ਮੈਂ ਤੁਹਾਨੂੰ ਦਸ ਹੀ ਚੁਕਿਆ ਹਾਂ ਕਿ ਬਾਣੀ ਪੜ੍ਹ ਕੇ ਵਿਚਾਰ ਕੇ ਅਸੀਂ ਅਗਿਆਨ ਦੇ ਹਨ੍ਹੇਰੇ ਵਿਚੋਂ ਨਿਕਲ ਕੇ ਗਿਆਨ ਦੇ ਪ੍ਰਕਾਸ਼ ਵਿਚ ਆ ਕੇ ਆਪਣਾ ਜਨਮ ਮਰਨ ਕੱਟ ਸਕਦੇ ਹਾਂ। ਪਰਮ ਪਦ ਦੀ ਪ੍ਰਾਪਤੀ ਕਰਕੇ ਅਸੀਂ ਸਦਾ ਲਈ ਦੁਖਾਂ ਤੋਂ ਬਰੀ ਹੋ ਸਕਦੇ ਹਾਂ। ਦੂਜੇ ਪੱਖ ਬਾਰੇ ਇਹ ਹੈ ਕਿ ਅਸੀਂ ਦੁਨੀਆਂ ਵਿਚ ਇਕ ਲੰਮਾ ਸਫਰ ਕਰ ਰਹੇ ਹਾਂ ਅਸਾਨੂੰ ਇਹ ਕੋਈ ਪਤਾ ਨਹੀਂ ਹੈ ਕਿ ਕਦੋਂ ਦੇ ਸਫਰ ਕਰ ਰਹੇ ਹਾਂ, ਅਰਬ ਸਾਲ ਲੰਘ ਗਏ ਜਾਂ ਬੇਅੰਤ-ਬੇਅੰਤ ਸਮਾਂ ਲੰਘ ਗਿਆ ਹੈ ਜੇ ਪਤਾ ਲੱਗਿਆ ਹੈ ਤਾਂ ਗੁਰੂ ਮਹਾਰਾਜ ਤੋਂ ਪਤਾ ਲੱਗਿਆ ਹੈ, ਗੁਰਬਾਣੀ ਰਾਹੀਂ ਕਿ ਐ ਜੀਵ!

ਇਹ ਮਤ ਸਮਝ ਕਿ ਜਦੋਂ ਤੂੰ ਮਾਤਾ ਦੇ ਪੇਟ ਵਿਚ ਸੀ ਉਦੋਂ ਤੇਰਾ ਆਦਿ ਸੀ, ਤੇਰੀ ਹੋਂਦ ਅਨੰਤ ਕਾਲ ਤੋਂ ਹੈ ਅਤੇ ਲੰਮੇ ਸਮੇਂ ਤੋਂ ਚੱਕਰ ਵਿਚ ਘੁੰਮ ਰਿਹਾ ਹੈਂ –

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥*
*ਕਈ ਜਨਮ ਸੈਲ ਗਿਰਿ ਕਰਿਆ॥*
*ਕਈ ਜਨਮ ਗਰਭ ਹਿਰਿ ਖਰਿਆ॥*
*ਕਈ ਜਨਮ ਸਾਖ ਕਰਿ ਉਪਾਇਆ॥*
*ਲਖ ਚਉਰਾਸੀਹ ਜੋਨਿ ਭ੍ਰਮਾਇਆ॥ ਪੰਨਾ – 176*

ਸੋ 84 ਲੱਖ ਜੂਨਾਂ ਵਿਚ ਘੁੰਮਦਿਆਂ, ਕਦੇ ਨਰਕਾਂ ਵਿਚ ਕਦੇ ਸਵਰਗਾਂ ਵਿਚ ਵਸਦਿਆਂ ਅਨੰਤ ਕਾਲ ਬੀਤ ਗਿਆ। ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥*

*ਪੰਨਾ – 631*

ਆਪ ਪ੍ਰਸ਼ਨ ਵੀ ਕਰਦੇ ਹਨ –

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ॥*
*ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ॥ ਪੰਨਾ – 999*

ਜੀਵਨ ਲਈ ਸਾਨੂੰ ਬਹੁਤ ਚੀਜ਼ਾਂ ਦੀ ਲੋੜ ਹੈ ਜਦੋਂ ਅਸੀਂ ਵੱਡੇ-ਵੱਡੇ ਮਹਾਂਪੁਰਸ਼ਾਂ ਬਾਰੇ ਪੜ੍ਹਦੇ ਹਾਂ ਤਾਂ ਕਬੀਰ ਸਾਹਿਬ ਜੀ ਫੁਰਮਾਨ ਕਰਦੇ ਹਨ –

*ਭੂਖੇ ਭਗਤਿ ਨ ਕੀਜੈ॥ ਯਹ ਮਾਲਾ ਅਪਨੀ ਲੀਜੈ॥*
*ਹਉ ਮਾਂਗਉ ਸੰਤਨ ਰੇਨਾ॥ ਮੈ ਨਾਹੀ ਕਿਸੀ ਕਾ ਦੇਨਾ॥*
*ਮਾਧੋ ਕੈਸੀ ਬਨੈ ਤੁਮ ਸੰਗੇ॥ ਆਪਿ ਨ ਦੇਹੁ ਤ ਲੇਵਉ ਮੰਗੇ॥*
*ਦੁਇ ਸੇਰ ਮਾਂਗਉ ਚੂਨਾ॥ ਪਾਉ ਘੀਉ ਸੰਗਿ ਲੂਨਾ॥*
*ਅਧ ਸੇਰੁ ਮਾਂਗਉ ਦਾਲੇ॥ ਮੋ ਕਉ ਦੋਨਉ ਵਖਤ ਜਿਵਾਲੇ॥*

*ਖਾਟ ਮਾਂਗਉ ਚਉਪਾਈ।। ਸਿਰਹਾਨਾ ਅਵਰ ਤੁਲਾਈ।।*
*ਊਪਰ ਕਉ ਮਾਂਗਉ ਖੀਂਧਾ॥ ਤੇਰੀ ਭਗਤਿ ਕਰੈ ਜਨੁ ਥੀਧਾ॥*
*ਮੈ ਨਾਹੀ ਕੀਤਾ ਲਬੋ॥ ਇਕੁ ਨਾਉ ਤੇਰਾ ਮੈ ਫਬੋ॥*
*ਕਹਿ ਕਬੀਰ ਮਨੁ ਮਾਨਿਆ॥ ਮਨੁ ਮਾਨਿਆ ਤਉ ਹਰਿ ਜਾਨਿਆ॥* *ਪੰਨਾ - 656*

ਧੰਨਾ ਭਗਤ ਜੀ ਕਹਿੰਦੇ ਹਨ -

*ਗੋਪਾਲ ਤੇਰਾ ਆਰਤਾ॥*
*ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ॥*
*ਦਾਲਿ ਸੀਧਾ ਮਾਗਉ ਘੀਉ॥ ਹਮਰਾ ਖੁਸੀ ਕਰੈ ਨਿਤ ਜੀਉ॥*
*ਪਨੀਆ ਛਾਦਨੁ ਨੀਕਾ।। ਅਨਾਜੁ ਮਗਉ ਸਤ ਸੀ ਕਾ॥*
*ਗਊ ਭੈਸ ਮਗਉ ਲਾਵੇਰੀ॥ ਇਕ ਤਾਜਨਿ ਤੁਰੀ ਚੰਗੇਰੀ॥*
*ਘਰ ਕੀ ਗੀਹਨਿ ਚੰਗੀ॥ ਜਨੁ ਧੰਨਾ ਲੇਵੈ ਮੰਗੀ॥*
*ਪੰਨਾ - 696*

ਜੀਵਨ ਦੇ ਨਿਰਵਾਹ ਵਾਸਤੇ ਉਹ ਜੀਵਨ ਨਈਆ ਨੂੰ ਚਲਦੀ ਰੱਖਣ ਵਾਸਤੇ ਉਹ ਕੁਝ ਚੀਜ਼ਾਂ ਮੰਗਦੇ ਹਨ ਕਿਉਂਕਿ ਜੇ ਜੀਵਨ ਵਿਚ ਉਲਝਣਾਂ ਹੀ ਉਲਝਣਾਂ ਰਹੀਆਂ ਅਤੇ ਫਿਕਰਾਂ ਦੇ ਵਿਚ ਜੀਵ ਘਿਰ ਗਿਆ, ਲਾਚਾਰੀਆਂ ਨੇ ਇਸ ਦੇ ਰਸਤੇ ਰੋਕ ਲਏ ਤਾਂ ਇਸ ਨੂੰ ਨਾਮ ਜਪਣਾ ਔਖਾ ਹੋ ਜਾਵੇ ਕਿਉਂਕਿ ਮਨ ਦਾ ਸੁਭਾਅ ਹੈ ਕਿ ਜਿਸ ਚੀਜ਼ ਵਲ ਇਸ ਦੀ ਰੁਚੀ ਜ਼ਿਆਦਾ ਰਹੇ, ਉਸ ਵਲ ਬਾਰ-ਬਾਰ ਉਡਾਰੀਆਂ ਮਾਰਦਾ ਹੈ। ਜੇ ਮਜ਼ਬੂਰੀਆਂ ਦੇ ਵਿਚ ਘਿਰਿਆ ਹੋਇਆ ਹੈ ਤਾਂ ਨਾਮ ਜਪਣਾ ਬੜਾ ਔਖਾ ਹੈ। ਇਸ ਤੋਂ ਬਿਨਾਂ ਸਾਨੂੰ ਕਿਸੇ ਅਜਿਹੀ ਮਦਦ ਦੀ ਲੋੜ ਹੈ ਜੋ ਸਾਡੇ ਕਾਰਜ ਸਿੱਧ ਕਰੇ, ਬਿਮਾਰੀਆਂ ਦੂਰ ਕਰੇ, ਵਿਘਨਾਂ ਦਾ ਨਾਸ਼ ਕਰੇ, ਅਵਿਅਕਤ ਬਦਰੂਹਾਂ ਦੇ ਆਕਰਮਣਾਂ ਤੋਂ ਰਖਿਆ ਕਰੇ। ਉਸ ਵੇਲੇ ਅਸੀਂ ਇਸੇ ਕਲਿਆਣਕਾਰੀ ਬਾਣੀ ਦਾ ਆਸਰਾ ਲੈਂਦੇ ਹਾਂ ਅਤੇ ਪ੍ਰਭੂ ਨਾਲ ਜੁੜ ਕੇ ਬਾਣੀ ਪੜ੍ਹ ਕੇ ਅਸੀਂ ਆਪਣੀਆਂ ਸਮਸਿਆਵਾਂ ਦਾ ਹੱਲ ਚਾਹੁੰਦੇ ਹਾਂ।

ਸਾਧਸੰਗਤ ਜੀ! ਬਾਣੀ ਨਿਰੇ ਅੱਖਰ ਹੀ ਨਹੀਂ ਹੈ ਇਨ੍ਹਾਂ ਵਿਚ ਅਥਾਹ ਸ਼ਕਤੀ ਹੈ। ਵੈਸੇ ਤਾਂ ਹਰ ਅੱਖਰ ਵਿਚ ਹੀ ਸ਼ਕਤੀ ਹੈ ਮੈਂ ਆਪ ਨੂੰ ਮਿਸਾਲ ਦੇ ਤੌਰ ਤੇ ਦਸਦਾ ਹਾਂ ਕਿ ਜੇ ਕੋਈ ਮਿੱਠੇ ਬੋਲ ਬੋਲੇ ਤਾਂ ਚਿੱਤ ਖਿੜ ਜਾਂਦਾ ਹੈ, ਮਨ ਵਿਚ ਖੁਸ਼ੀ ਹੁੰਦੀ ਹੈ, ਜੀਅ

ਕਰਦਾ ਹੈ ਕਿ ਅਸੀਂ ਇਸ ਨੂੰ ਕੁਝ ਦੇ ਦੇਈਏ ਜੇ ਕੋਈ ਫਿੱਕੇ, ਰੁਖੇ, ਤ੍ਰਾਨੇ, ਮੇਹਣਿਆਂ ਭਰੇ ਗੰਦੇ ਸੜਦੇ ਬਲਦੇ ਕੌੜੇ ਬਚਨ ਬੋਲੇ ਤਾਂ ਫੇਰ ਸਾਡਾ ਖ਼ੂਨ ਖੋਲ੍ਹ ਜਾਂਦਾ ਹੈ, ਅਸੀਂ ਲੜਾਈ ਕਰ ਲੈਂਦੇ ਹਾਂ। ਇਥੋਂ ਤਕ ਵੀ ਦੇਖਿਆ ਹੈ ਕਿ ਫਿਕੇ ਬੋਲਾਂ ਨੇ ਗੋਲੀਆਂ ਚਲਵਾ ਦਿਤੀਆਂ ਅਤੇ ਬੰਦੇ ਮਰ ਗਏ। ਇਹ ਬੋਲ ਵਿਚ ਹੀ ਤਾਕਤ ਹੋਈ ਨਾ ਪਰ ਜੇ ਪਿਆਰੇ ਮਿੱਠੇ ਬੋਲ ਬੋਲੇ ਜਾਣ ਫੇਰ ਮਨ ਨੂੰ ਸ਼ਾਂਤੀ ਆਉਂਦੀ ਹੈ। ਇਸੇ ਤਰ੍ਹਾਂ ਜਦੋਂ ਅਸੀਂ ਬਾਣੀ ਪੜ੍ਹਦੇ ਹਾਂ ਤਾਂ ਮਨ ਸ਼ਾਂਤ ਹੋ ਜਾਂਦਾ ਹੈ। ਟੁੱਟਿਆਂ ਢੱਠਿਆ ਜੀਵ ਹੌਂਕਲੇ ਵਿਚ ਆ ਜਾਂਦਾ ਹੈ। ਬਾਣੀ ਵਿਚ ਅਥਾਹ ਸ਼ਕਤੀ ਹੈ ਜਿਥੇ ਇਹ ਜਨਮ ਮਰਨ ਦੇ ਚੱਕਰ ਕਟਦੀ ਹੈ ਉਥੇ ਅਨੇਕ-ਅਨੇਕ ਵਿਘਨਾਂ ਦਾ ਨਾਸ਼ ਕਰਦੀ ਹੈ -

*ਘੋਰ ਦੁਖੵੰ ਅਨਿਕ ਹਤੵੰ ਜਨਮ ਦਾਰਿਦ੍ਰੰ ਮਹਾ ਬਿਖਾਦੰ॥*
*ਮਿਟੰਤ ਸਗਲ ਸਿਮਰੰਤ ਹਰਿ ਨਾਮ*
*ਨਾਨਕ ਜੈਸੇ ਪਾਵਕ ਕਾਸਟ ਭਸਮੰ ਕਰੋਤਿ॥*
*ਪੰਨਾ - 1355*

ਬਾਣੀ ਨਾਮ ਰੂਪ ਹੈ, ਬਾਣੀ ਧਰਤੀ ਹੈ ਜਿਸ ਵਿਚ ਨਾਮ ਦੇ ਕੋਂਪਲ ਨਿਕਲ ਕੇ ਪਾਰਜਾਤ ਰੁਖ ਦਾ ਰੂਪ ਧਾਰਦਾ ਹੈ। ਸੋ ਜੇ ਕਿਸੇ ਨਮਿਤ ਨੂੰ ਸਾਮ੍ਹਣੇ ਰੱਖ ਕੇ ਬਾਣੀ ਪੜ੍ਹੀ ਜਾਵੇ ਤਾਂ ਇਹ ਬਾਣੀ ਕਲਿਆਣਕਾਰੀ ਹੁੰਦੀ ਹੋਈ ਸਭ ਇਛਿਆ ਪੂਰੀ ਕਰਦੀ ਹੈ।

ਗੁਰੂ ਛੇਵੇਂ ਪਾਤਸ਼ਾਹ ਦੇ ਜੀਵਨ ਵਿਚ ਜ਼ਿਕਰ ਆਉਂਦਾ ਹੈ ਕਿ ਆਪ ਅੰਮ੍ਰਿਤਸਰ ਦਾ ਯੁੱਧ ਕਰਨ ਉਪਰੰਤ ਚੌਮਾਸਾ ਕੱਟਣ ਲਈ ਸ੍ਰੀ ਹਰਗੋਬਿੰਦਪੁਰ ਚਲੇ ਗਏ ਪਰ ਇਥੇ ਜਲੰਧਰ ਵਾਲੇ ਸੂਬੇ ਨਾਲ ਮਿਲ ਕੇ ਭਗਵਾਨ ਦਾਸ ਘੇਰੜ ਪਹਿਲਾਂ ਹੀ ਗੁਰੂ ਕੀ ਭੂਮੀ ਉਪਰ ਕਬਜ਼ਾ ਕਰੀ ਬੈਠਾ ਸੀ ਜਦੋਂ ਉਸ ਨੇ ਦੇਖਿਆ ਕਿ ਗੁਰੂ ਦੇ ਸਿੱਖ ਕੈਂਪ ਲਾ ਰਹੇ ਹਨ ਅਤੇ ਤੰਬੂ ਲਗਾ ਰਹੇ ਹਨ ਤਾਂ ਉਸ ਨੇ ਆ ਕੇ ਇਕ ਦਮ ਰੋਕਿਆ ਕਿ ਇਹ ਥਾਂ ਤਾਂ ਮੇਰਾ ਹੈ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਪਿਆਰਿਆ! ਧਰਤੀ ਤਾਂ ਪ੍ਰਭੂ ਦੀ ਹੈ ਇਥੇ ਵੱਡੇ-ਵੱਡਿਆਂ ਨੇ ਆ ਕੇ ਧਰਤੀਆਂ ਰੋਕੀਆਂ ਪਰ ਅੰਤ ਪਛਤਾਉਂਦੇ ਸੰਸਾਰ ਤੋਂ ਚਲੇ ਗਏ। ਚਲ ਜੇ ਤੂੰ ਕਹਿੰਦਾ ਹੈਂ ਜ਼ਮੀਨ ਤੇਰੀ ਹੈ ਤਾਂ ਭੀ ਅਸੀਂ ਚੌਮਾਸਾ ਕਟ ਕੇ ਚਲੇ ਹੀ ਜਾਣਾ ਹੈ। ਅਸੀਂ ਇਸ ਥਾਂ ਨੂੰ ਰੋਕਣ ਨਹੀਂ ਆਏ ਅਸੀਂ ਤਾਂ ਚੌਮਾਸਾ ਕਟਣਾ ਹੈ, ਭੀੜ ਭੜੱਕੇ ਤੋਂ ਦੂਰ ਰੱਖ ਕੇ ਬੰਦਗੀ ਕਰਾਉਣੀ ਹੈ, ਗੁਰਸਿੱਖਾਂ ਨੇ ਆਉਣਾ ਹੈ। ਅੰਮ੍ਰਿਤਸਰ ਦੀ ਥਾਂ ਅਸੀਂ ਕੁਝ ਦਿਨ ਇਥੇ ਕੱਟ ਕੇ ਚਲੇ ਜਾਵਾਂਗੇ। ਤਾਂ ਭਗਵਾਨ

ਦਾਸ ਬਹੁਤ ਖੋਟੇ ਅਤੇ ਫਿੱਕੇ ਬੋਲ ਬੋਲਣ ਲੱਗਿਆ। ਆਪ ਨੇ ਕਿਹਾ ਕਿ ਧਰਤੀ ਤਾਂ ਇਥੇ ਹੀ ਪਈ ਰਹਿਣੀ ਹੈ ਅਸੀਂ ਤਾਂ ਵਿਸ਼ਰਾਮ ਕਰਕੇ ਚਲੇ ਜਾਵਾਂਗੇ। ਤੂੰ ਆਪਣੀ ਮਾਲਕੀ ਸਦਾ ਹੀ ਰੱਖ ਸੂਰਜ ਪ੍ਰਕਾਸ਼ ਵਿਚ ਭਾਈ ਸੰਤੋਖ ਸਿੰਘ ਜੀ ਨੇ ਛੇਵੀਂ ਰਾਸ ਵਿਚ ਲਿਖਿਆ ਹੈ –

*ਪਰੀ ਰਹਹਿ ਭੂਮੀ ਸਭਿ ਇਹਾਂ।*
*ਗਏ ਤਯਾਗ ਸੇ ਗਿਨੀਅਹਿ ਕਹਾਂ।*
*ਤੁਵ ਛਿਤਿ ਤੁਵ ਢਿਗ ਰਹੈ ਸਦਾਮੂ।*
*ਕਰਹਿੰ ਕਿਤਿਕ ਦਿਨ ਹਮ ਬਿਸਰਾਮੂ।*
*ਰਾਖਿ ਮਾਲਕੀ ਆਪਨਿ ਸਦਾ।*
*ਹੁਇ ਆਗਵਨ ਹਮਾਰੋ ਕਦਾ॥*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – 2908*

ਇਹ ਸੁਣ ਕੇ ਹੋਰ ਬਕਵਾਸ ਕਰਨ ਲੱਗਿਆ ਸਿੱਖ ਉਸ ਨੂੰ ਲਾਂਭੇ ਲੈ ਗਏ। ਕੁਝ ਚਾਹਟਾ ਛਕਾਇਆ ਪਰ ਗੁਰੂ ਮਹਾਰਾਜ ਜੀ ਨੂੰ ਬਹੁਤ ਗੰਦੀਆਂ ਗਾਲੀਆਂ ਦਿੰਦਾ ਰਿਹਾ। ਕਿਸੇ ਸਿੱਖ ਨੇ ਅਜਿਹੇ ਫਿੱਕੇ ਵਾਕ ਆਪਣੇ ਸਮਰੱਥ ਮੁਰਸ਼ਦ ਪ੍ਰਤੀ ਨਾ ਸਹਾਰਦਿਆਂ ਉਸ ਨੂੰ ਦਰਿਆ ਬਿਆਸ ਵਿਚ ਸੁੱਟ ਦਿਤਾ ਜਿਥੇਂ ਉਹ ਡੁੱਬ ਮੋਇਆ। ਰਤਨ ਚੰਦ, ਅਬਦੁਲ ਖਾਨ ਫੌਜਾਂ ਲੈ ਕੇ ਆ ਗਏ ਸਿੰਘਾਂ ਨੇ ਉਹ ਵੀ ਮਾਰ ਦਿਤੇ। ਬਹੁਤ ਸਾਰੇ ਮੁਸਲਮਾਨਾਂ ਦੀਆਂ ਲਾਸਾਂ ਇਕੱਠੀਆਂ ਕਰਕੇ ਦਬਾ ਦਿਤੀਆਂ। ਇਥੇ ਵੱਡਾ ਚੌਂਤਰਾ ਬਣਾ ਦਿਤਾ। ਇਨ੍ਹਾਂ ਅਵਗਤ ਰੂਹਾਂ ਦੇ ਕਲਿਆਣ ਕਰਨ ਵਾਸਤੇ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਪਿਆਰਿਓ! ਇਥੇ ਅਵਗਤ ਰੂਹਾਂ ਘੁੰਮ ਰਹੀਆਂ ਹਨ ਉਨ੍ਹਾਂਦੀ ਕਲਿਆਣ ਅਸੀਂ ਚਾਹੁੰਦੇ ਹਾਂ ਕੋਈ ਸਿੱਖ 'ਜਪੁਜੀ ਸਾਹਿਬ' ਦਾ ਪਾਠ ਇਕ ਮਨ ਇਕ ਚਿਤ ਹੋ ਕੇ ਸੁਣਾਵੇ ਤਾਂ ਇਨ੍ਹਾਂ ਦੀ ਕਲਿਆਣ ਹੋ ਜਾਵੇਗੀ। ਇਤਿਹਾਸ ਵਿਚ ਆਉਂਦਾ ਹੈ –

*ਇਕ ਦਿਨ ਬੈਠਿ ਦਿਵਾਨ ਮਝਾਰਾ॥*
*ਸੁਭਟ ਸਿੱਖ ਤਹਿਂ ਸ਼ੁਭਤਿ ਹਜ਼ਾਰਾ।।੧੯॥*
*ਸਭਿਨਿ ਸੁਨਾਇ ਮੁਕੰਦ ਬਖਾਨੀ॥*
*ਕੋ ਸਿਖ ਸੁੱਧ ਪਠਹਿ ਗੁਰੁ ਬਾਨੀ॥*
*ਜਥਾ ਜੋਗ ਮਾਤ੍ਰਾ ਅਰੁ ਬਰਣ॥*
*ਪਠਹਿ ਸੰਭਾਰਿ ਸੁਨਾਵਹਿ ਕਰਣ॥*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2981*

ਉਸ ਵੇਲੇ ਸਾਰੀ ਸੰਗਤ ਦੇ ਵਿਚੋਂ ਇਕ ਗੁਰਸਿੱਖ ਉਠਿਆ ਜੋ ਹਾਫਜ਼ਾਬਾਦ ਦੇ ਰਹਿਣ ਵਾਲਾ ਸੀ। ਉਸ ਦਾ ਨਾਮ ਭਾਈ ਗੋਪਾਲਾ

ਸੀ। ਉਸ ਨੇ ਮਹਾਰਾਜ ਜੀ ਨੂੰ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਬਾਣੀ ਤਾਂ ਅਸੀਂ ਰੋਜ਼ ਪੜ੍ਹਦੇ ਹਾਂ ਪਰ ਆਪ ਦੀ ਕ੍ਰਿਪਾ ਹੋਵੇ ਤਾਂ ਜਿਸ ਤਰ੍ਹਾਂ ਆਪ ਚਾਹੁੰਦੇ ਹੋ ਜਪੁਜੀ ਸਾਹਿਬ ਪੜ੍ਹਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਗੁਰੂ ਮਹਾਰਾਜ ਜੀ ਨੇ ਆਪਣੇ ਤੋਂ ਉਚਾ ਆਸਣ ਉਸ ਦਾ ਲਵਾ ਦਿਤਾ। 'ਨਾਨਕ ਨਦਰੀ ਨਿਹਾਲ' ਤਕ ਉਸ ਨੇ ਕੋਈ ਫੁਰਨਾ ਨਾ ਕੀਤਾ ਪਰ ਜਦੋਂ ਸ਼ਲੋਕ ਪੜ੍ਹਨ ਲੱਗੇ ਤਾਂ ਗੁਰੂ ਮਹਾਰਾਜ ਜੀ ਵਿਚਾਰਨ ਲੱਗੇ ਕਿ ਇਸ ਨੂੰ ਜਪੁਜੀ ਸਾਹਿਬ ਦਾ ਕੀ ਫਲ ਦਿਤਾ ਜਾਵੇ। ਉਸ ਵੇਲੇ ਆਪ ਨੇ ਵਿਚਾਰ ਕੇ ਆਪਣੇ ਆਸਣ ਤੋਂ ਉਤਰਨ ਲਈ ਇਕ ਪੈਰ ਧਰਤੀ ਉਪਰ ਰੱਖਿਆ। ਇਹ ਵੀ ਪਾਠ ਕਰਦੇ 'ਜਿਨੀ ਨਾਮ ਧਿਆਇਆ' ਤਕ ਪਹੁੰਚ ਗਿਆ। ਇਸ ਨੇ ਫੁਰਨਾ ਕੀਤਾ ਕਿ ਮਹਾਰਾਜ ਆਪਣਾ ਸਵਾ ਲੱਖੀ ਘੋੜਾ ਮੈਨੂੰ ਦੇ ਦੇਣ। ਇਹ ਦੇਖ ਕੇ ਮਹਾਰਾਜ ਫੇਰ ਤਖਤ ਤੇ ਬੈਠ ਗਏ। ਆਪ ਨੇ ਫੁਰਮਾਇਆ ਕਿ ਬਹੁਤ ਮੇਹਨਤ ਨਾਲ ਬਾਣੀ ਤੂੰ ਪੜ੍ਹੀ ਹੈ ਅਤੇ ਹੁਕਮ ਕੀਤਾ ਕਿ ਜੋ ਸਵਾ-ਸਵਾ ਲੱਖੀ ਘੋੜੇ ਹਨ ਉਨ੍ਹਾਂ ਵਿਚੋਂ ਇਕ ਘੋੜਾ ਸੁਨਹਿਰੀ ਕਾਠੀਆਂ ਸਮੇਤ ਪਾ ਕੇ ਹਾਜ਼ਰ ਕੀਤਾ ਜਾਵੇ। ਕਹਿਣ ਲੱਗੇ ਪਿਆਰਿਆ! ਅਸੀਂ ਤਾਂ ਤੈਨੂੰ ਗੁਰਗੱਦੀ ਦੇਣ ਲਈ ਸੋਚ ਰਹੇ ਸੀ ਅਤੇ ਤਿਲਕ ਲਾਉਣ ਲਈ ਉਠ ਰਹੇ ਸੀ ਪਰ ਤੇਰੇ ਮਨ ਵਿਚ ਫੁਰਨਾ ਆਉਣ ਕਰਕੇ ਤੂੰ ਛੋਟੀ ਮੰਗ ਮੰਗੀ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਬਾਣੀ ਦਾ ਕਿੰਨਾ ਮਹਾਤਮਾ ਹੈ। ਜੇ ਜਪੁਜੀ ਸਾਹਿਬ ਦਾ ਪਾਠ ਅਵਗਤ ਰੂਹਾਂ ਦੀ ਕਲਿਆਣ ਕਰ ਸਕਦਾ ਹੈ ਤਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡਪਾਠ ਦਾ ਫਲ ਤਾਂ ਕਿੰਨਾ ਕੁ ਹੋਵੇਗਾ।

ਭਾਈ ਭਗਤ ਸਿੰਘ ਜੀ! ਤੁਸੀਂ ਸੰਪਟ ਪਾਠ ਦੀ ਗੱਲ ਕੀਤੀ ਹੈ। ਸੰਪਟ ਕਿਸੇ ਨਾ ਕਿਸੇ ਸ਼ਬਦ ਦਾ ਲਾਇਆ ਜਾਂਦਾ ਹੈ, ਉਸ ਦੇ ਅਨੇਕ ਤਰੀਕੇ ਹਨ। ਕਈ ਵਾਰੀ ਸੰਪਟ ਹਰ ਤੁਕ ਨਾਲ ਲਗਦਾ ਹੈ, ਕਈ ਵਾਰੀ ਸੰਪਟ ਹਰ ਸ਼ਬਦ ਨਾਲ ਲਗਦਾ ਹੈ। ਇਹ ਪਾਠ ਬਹੁਤ ਹੀ ਸਾਵਧਾਨੀ ਨਾਲ ਕਰਨਾ ਪੈਂਦਾ ਹੈ। ਇਸ ਪਾਠ ਨੂੰ ਕਰਨ ਦੀ ਵਿਧੀ ਬਹੁਤ ਹੀ ਔਖੀ ਹੈ। ਮਹਾਤਮਾ ਇਹ ਪਾਠ ਘੱਟ ਹੀ ਕਰਦੇ ਹਨ ਕਿਉਂਕਿ ਪਾਠ ਕਰਨ ਵਾਲੇ ਨਹੀਂ ਮਿਲਦੇ। ਸੰਪਟ ਪਾਠ ਵਿਚ ਪਾਠੀਆਂ ਨੂੰ ਮੋਨ ਵਰਤ ਧਾਰਨਾ ਪੈਂਦਾ ਹੈ ਅਤੇ ਪਾਠ ਕਰਨ ਉਪਰੰਤ ਜੋ ਸਮਾਂ ਉਨ੍ਹਾਂ ਪਾਸ ਬਚਦਾ ਹੈ ਉਸ ਵਿਚ ਵਾਹਿਗੁਰੂ ਮੰਤਰ ਦਾ ਜਾਪ ਲਗਾਤਾਰ ਕਰਨਾ ਪੈਂਦਾ ਹੈ, ਛਕ ਛਕਾ ਕੇ ਇਸ਼ਨਾਨ ਵਗੈਰਾ ਕਰਕੇ ਕਿਸੇ ਨਾਲ ਬੋਲਣਾ ਨਹੀਂ, ਅਖੰਡ ਪਾਠ ਵਾਲੇ ਮੰਡਲ ਤੋਂ

ਬਾਹਰ ਨਹੀਂ ਆਉਣਾ, ਖੁਰਾਕ ਬਹੁਤ ਘੱਟ ਰੱਖੀ ਜਾਂਦੀ ਹੈ, ਫਲ, ਗਊ ਦਾ ਦੁੱਧ ਘੀ ਵਗੈਰਾ ਖਾਣ ਲਈ ਦਿਤੇ ਜਾਂਦੇ ਹਨ, ਗਊ ਦੇ ਘੀ ਦੀ ਜੋਤ ਜਗਾਈ ਜਾਂਦੀ ਹੈ, ਪ੍ਰਸ਼ਾਦਾ ਵਰਤਾਉਣ ਵਾਲੇ ਸਿੰਘ ਵੀ ਮੌਨ ਵਰਤ ਵਿਚ ਹੁੰਦੇ ਹਨ। ਪੰਜ ਸੇਵਾਦਾਰ ਵੀ ਮੌਨ ਵਰਤ ਹੀ ਰਖਦੇ ਹਨ ਅਤੇ ਜਦੋਂ ਤਕ ਪਾਠ ਪੂਰਾ ਨਹੀਂ ਹੁੰਦਾ ਪਾਠ ਮੰਡਲ ਤੋਂ ਬਾਹਰ ਨਹੀਂ ਆਉਣਾ, ਇਹ ਵਿਧਾਨ ਹੁੰਦਾ ਹੈ। ਤਕਰੀਬਨ 15 ਦਿਨ ਅਜਿਹੇ ਪਾਠਾਂ ਨੂੰ ਲਗ ਜਾਂਦੇ ਹਨ। ਜੇ ਪਾਠੀਆਂ ਵਿਚੋਂ ਕੋਈ ਵਿਘਨ ਨਾ ਪੈਣ ਦੇਵੇ ਤਾਂ ਇਸ ਦਾ ਫਲ ਅਵੱਸ਼ ਹੀ ਮਿਲਦਾ ਹੈ। ਸਭ ਤੋਂ ਪਹਿਲਾਂ ਮਹਾਂਪੁਰਸ਼ ਪਰਖਦੇ ਹਨ ਕਿ ਇਹ ਸੰਪਟ ਪਾਠ ਜ਼ਰੂਰੀ ਵੀ ਹੈ। ਐਵੇਂ ਤਾਂ ਨਹੀਂ ਕਰ ਰਹੇ, ਕਿਸੇ ਨੂੰ ਮਾਰਨ ਦੇ ਲਈ, ਕਿਸੇ ਨੂੰ ਨੁਕਸਾਨ ਪਹੁੰਚਾਉਣ, ਕਿਸੇ ਨੂੰ ਦੁਖ ਦੇਣ, ਕਿਸੇ ਦਾ ਕੰਮ ਖਰਾਬ ਕਰਨ ਦੀ ਵਾਸ਼ਨਾ ਤਾਂ ਮਨ ਵਿਚ ਨਹੀਂ ਹੈ। ਕੀ ਇਹ ਸਚਮੁੱਚ ਹੀ ਸੰਕਟ ਵਿਚ ਆਇਆ ਹੋਇਆ ਹੈ ਉਸ ਵੇਲੇ ਮਹਾਂਪੁਰਸ਼ ਵਿਚਾਰ ਕਰਕੇ ਨਿਰਣਾ ਲੈਂਦੇ ਹਨ। ਸਾਰੇ ਪੱਖ ਵਿਚਾਰਨ ਉਪਰੰਤ ਪਾਠ ਸ਼ੁਰੂ ਕਰਾਉਂਦੇ ਹਨ।

ਸੰਤ ਮਹਾਰਾਜ ਜੀ ਨੇ ਪਟਿਆਲੇ ਅਖੰਡ ਪਾਠ ਕਰਾਇਆ ਸੀ ਜੋ ਉਪਰ ਦਿਤੀ ਵਿਧੀ ਅਨੁਸਾਰ ਸੀ। ਇਕ ਵੱਡਾ ਸਰਦਾਰ ਗੱਠੀਏ ਨਾਲ ਬੀਮਾਰੀ ਹੋ ਕੇ ਬਹੁਤ ਪੀੜਾ ਸਹਿ ਰਿਹਾ ਸੀ। ਉਸ ਦੀਆਂ ਬੇਨਤੀਆਂ ਬਾਰ-ਬਾਰ ਸੰਤ ਮਹਾਰਾਜ ਜੀ ਪਾਸ ਪਹੁੰਚ ਰਹੀਆਂ ਸਨ ਕਿ ਕ੍ਰਿਪਾ ਕਰੋ, ਮੇਰੇ ਰੋਗ ਦਾ ਨਾਸ਼ ਕਰੋ। ਆਪ ਨੇ ਵਿਧੀ ਪੂਰਵਕ ਪਾਠ ਕਰਾਇਆ, ਅਰਦਾਸ ਸਮੇਂ ਉਸ ਨੂੰ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਲਿਟਾ ਦਿਤਾ। ਜਦੋਂ ਅਰਦਾਸ ਹੋ ਗਈ, ਸੰਗਤ ਨੇ ਜੈਕਾਰਾ ਬੁਲਾਇਆ ਤਾਂ ਮਹਾਂਪੁਰਸ਼ਾਂ ਨੇ ਕਿਹਾ ਤੂੰ ਵੀ ਖੜ੍ਹਾ ਹੋ ਜਾ, ਉਹ ਐਸ ਤਰ੍ਹਾਂ ਖੜ੍ਹਾ ਹੋ ਗਿਆ ਜਿਵੇਂ ਕਦੇ ਬਿਮਾਰ ਹੋਇਆ ਹੀ ਨਹੀਂ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਇਸੇ ਤਰ੍ਹਾਂ ਨਾਲ ਇਕ ਪਾਠ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ ਕਿ ਬਿਮਾਰ ਨੂੰ ਸਾਰਾ ਪਾਠ ਸੁਣਾਇਆ ਅਤੇ ਅਰਦਾਸ ਕਰਨ ਵੇਲੇ ਉਹ ਨਵਾਂ ਨਰੋਆ ਹੋ ਕੇ ਖੜ੍ਹਾ ਹੋ ਗਿਆ। ਇਸੇ ਤਰ੍ਹਾਂ ਨਾਲ ਕਈ ਘਟਨਾਵਾਂ ਮੇਰੇ ਨਾਲ ਵੀ ਬੀਤੀਆਂ ਉਨ੍ਹਾਂ ਦਾ ਵੇਰਵਾ ਤਾਂ ਬਹੁਤ ਲੰਮਾ ਹੈ ਪਰ ਮੈਂ ਸੰਖੇਪ ਵਿਚ ਦਸਦਾ ਹਾਂ ਕਿ ਰੋਪੜ ਜ਼ਿਲੇ ਵਿਚ ਇਕ ਪਿੰਡ ਬੁਰਜ ਹੈ, ਇਹ

1982-83 ਦੀ ਗੱਲ ਹੈ ਜਦੋਂ ਮੈਂ ਇਸ ਇਲਾਕੇ ਵਿਚ ਦਿਨ ਰਾਤ ਦੀਵਾਨ ਲਾ ਕੇ ਅੰਮ੍ਰਿਤ ਛਕਾ ਰਿਹਾ ਸੀ। ਅਸਾਡੇ ਦੀਵਾਨ ਅਕਾਲਗੜ੍ਹ ਲੱਗੇ ਹੋਏ ਸਨ। ਉਥੇ ਬੁਰਜ ਪਿੰਡ ਤੋਂ ਕੁਝ ਪੜ੍ਹੇ ਲਿਖੇ ਪ੍ਰੇਮੀ ਆਏ। ਉਨ੍ਹਾਂ ਨੇ ਕਿਹਾ ਕਿ ਸਾਡੇ ਪਿੰਡ ਵਿਚ ਹਰ ਸ਼ਨਿਚਰਵਾਰ ਨੂੰ ਇਕ ਪੜ੍ਹਿਆ ਲਿਖਿਆ ਬੰਦਾ ਚੜ੍ਹਾਈ ਕਰ ਜਾਂਦਾ ਹੈ, ਹੁਣ ਤਕ ਸੱਤ ਬੰਦੇ ਮਰ ਚੁੱਕੇ ਹਨ, ਸਭ ਤੋਂ ਵੱਧ ਪੜ੍ਹੇ ਲਿਖੇ ਬੰਦਿਆਂ ਦੀ ਵਾਰੀ ਆ ਰਹੀ ਹੈ। ਉਹ ਬੇਨਤੀ ਕਰਨ ਵਾਲੇ ਪ੍ਰੇਮੀ ਦਾ ਨਾਮ ਤਾਂ ਮੈਂ ਨਹੀਂ ਜਾਣਦਾ, ਪੂਰੀ ਤਰ੍ਹਾਂ ਨਾਲ ਨਹੀਂ ਯਾਦ। ਪਰ ਕਿਸੇ ਸਕੂਲ ਵਿਚ ਹੈਡ ਮਾਸਟਰ ਸੀ। ਉਨ੍ਹਾਂ ਨੂੰ ਮੈਂ ਕਿਹਾ ਕਿ ਸਾਡੇ ਕੋਲ ਇਕੋ ਹੀ ਆਸਰਾ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਪਾਠ ਦਾ ਹੁੰਦਾ ਹੈ ਤੁਸੀਂ ਸਾਰਾ ਪਿੰਡ ਗੁਰਦੁਆਰੇ ਜਾਓ, ਪਾਠ ਕਰਾਓ, ਆਉਣ ਵਾਲੇ ਸ਼ਨਿਚਰਵਾਰ ਕੋਈ ਬੰਦਾ ਨਹੀਂ ਮਰੇਗਾ, ਗੁਰੂ ਤੁਹਾਡੀ ਰਾਖੀ ਕਰਨਗੇ। ਉਨ੍ਹਾਂ ਨੇ ਪਾਠ ਸ਼ੁਰੂ ਕਰ ਲਿਆ ਕੋਈ ਬੰਦਾ ਨਾ ਫੇਰ ਮਰਿਆ। ਫੇਰ ਉਥੇ ਦੀਵਾਨ ਲੱਗੇ, ਜੋ ਬਹੁਤ ਕਰੜੇ ਸਨ ਕਿਉਂਕਿ ਐਨੀ ਤੇਜ਼ੀ ਨਾਲ ਹਨ੍ਹੇਰੀ ਥੋੜ੍ਹੇ ਜਿਹੇ ਥਾਂ ਵਿਚ ਚਲਦੀ ਸੀ ਕਿ ਵੱਡੇ-ਵੱਡੇ ਦਰਖਤ ਤੋੜ ਦਿੰਦੀ ਸੀ, ਸ਼ਾਮਿਆਨੇ ਪਾੜ ਦਿੰਦੀ ਸੀ, ਗੁਰਬਾਣੀ ਨੇ ਉਨ੍ਹਾਂ ਨੂੰ ਬਚਾ ਲਿਆ। ਇਹ ਆਮ ਸੁਭਾਵ ਹੈ ਜਦੋਂ ਔਕੜ ਵਿਚ ਫਸਿਆ ਕੋਈ ਉਸ ਵਿਚੋਂ ਨਿਕਲ ਜਾਵੇ ਫੇਰ ਤਾਂ 'ਨੈਂ ਲੰਘੀ ਖੁਆਜਾ ਵਿਸਰਿਆ' ਵਾਲੀ ਗੱਲ ਹੁੰਦੀ ਹੈ ਉਸ ਪਿੰਡ ਦੇ ਪ੍ਰੇਮੀ ਫੇਰ ਮੁੜ ਕੇ ਕਦੇ ਵੇਖੇ ਹੀ ਨਹੀਂ ਹਨ।

ਇਸੇ ਤਰ੍ਹਾਂ ਨਾਲ ਮੇਰੇ ਦੀਵਾਨ ਕਿਸ਼ਨਪੁਰੇ ਲਗੇ ਹੋਏ ਸਨ, ਚਿੰਤਪੁਰੇ ਦਾ ਸਰਪੰਚ ਪ੍ਰੇਮੀਆਂ ਨੂੰ ਲੈ ਕੇ ਆਇਆ ਉਨ੍ਹਾਂ ਨੇ ਕਿਹਾ ਕਿ ਸਾਡੇ ਪਿੰਡ ਬਹੁਤ ਵੱਡੀ ਬਿਪਤਾ ਆ ਗਈ ਹੈ। ਹਰ ਸ਼ੁਕਰਵਾਰ ਨੂੰ ਸਾਡੇ ਪਿੰਡ 18 ਤੋਂ 24 ਸਾਲ ਦੀ ਉਮਰ ਵਿਚ ਦੇ ਬੰਦੇ ਮਰ ਜਾਂਦੇ ਹਨ। 8 ਸਿੰਘ ਮਰ ਚੁਕੇ ਹਨ ਬਹੁਤ ਉਪਾਅ ਕੀਤੇ ਹਨ ਕੁਝ ਨਹੀਂ ਬਣ ਰਿਹਾ। ਪਿੰਡ ਵਿਚ ਦਹਿਸ਼ਤ ਫੈਲੀ ਪਈ ਹੈ। ਉਥੇ ਵੀ ਪਾਠ ਕਰਾਇਆ ਅਤੇ ਉਹ ਅਕਾਰਨ ਮੌਤਾਂ ਬੰਦ ਹੋ ਗਈਆਂ।

ਇਸੇ ਤਰ੍ਹਾਂ ਨਾਲ ਥੋੜ੍ਹਾ ਸਮਾਂ ਹੋਇਆ ਚੰਡੀਗੜ੍ਹ ਵਿਚ ਪਿੰਡ ਬਟੇਲਾ ਹੈ ਉਥੇ ਦੇ ਪ੍ਰੇਮੀ ਇਕੱਠੇ ਹੋ ਕੇ ਆਏ ਉਨ੍ਹਾਂ ਨੇ ਕਿਹਾ ਕਿ ਅਸਾਡੇ ਪਿੰਡ ਵਿਚ 11-12 ਉਹ ਲੜਕੇ ਮਰ ਚੁੱਕੇ ਹਨ ਜਿਨ੍ਹਾਂ ਦਾ ਮੰਗਣਾ ਹੋਇਆ ਹੈ। ਮੰਗਣਾ ਹੋਣ ਤੋਂ ਥੋੜ੍ਹੇ ਦਿਨ ਪਿਛੋਂ ਲੜਕਾ

ਮਰ ਜਾਂਦਾ ਹੈ ਹੁਣ ਕੋਈ ਵੀ ਮੰਗਣਾ ਨਹੀਂ ਕਰਾ ਰਿਹਾ। ਪਿੰਡ ਉਪਰ ਵੱਡਾ ਭਾਰੀ ਸੰਕਟ ਆ ਗਿਆ। ਮੇਰੇ ਮੂੰਹੋਂ ਨਿਕਲਿਆ ਕਿ ਤੁਸੀਂ ਸਾਰਾ ਪਿੰਡ ਇਕੱਠਾ ਹੋ ਕੇ ਆਓ। ਦੂਜੇ ਦਿਨ ਸਾਰਾ ਪਿੰਡ ਆ ਗਿਆ ਉਸ ਪਿੰਡ ਦੇ ਗੁਰਦੁਆਰੇ ਵਿਚ ਅਸਾਡੇ ਰਹਿਤ ਬਹਿਤ ਵਿਚ ਪੱਕੇ 25 ਸਿੰਘਾਂ ਨੇ ਵਿਧੀਪੂਰਵਕ ਤਿੰਨ ਦਿਨ ਅਖੰਡਪਾਠ, ਜਪੁਜੀ ਸਾਹਿਬ ਅਤੇ ਸ਼ਬਦ ਦਾ ਪਾਠ ਮੋਨ ਵਰਤ ਧਾਰ ਕੇ ਕੀਤਾ, ਪੰਜ ਸੇਵਾਦਾਰ ਅੰਦਰ ਹੀ ਰਹੇ ਅਤੇ ਦੋ ਲਾਂਗਰੀ ਅੰਦਰ ਹੀ ਰਹੇ। ਬਾਕੀ ਪਿੰਡ ਵਾਲਿਆਂ ਨੇ ਦਰਵਾਜ਼ੇ ਉਪਰ ਪਹਿਰਾ ਦਿਤਾ ਤਾਂ ਕਿ ਕੋਈ ਬੰਦਾ ਬਿਨਾਂ ਇਸ਼ਨਾਨ ਕੀਤੇ ਅੰਦਰ ਨਾ ਚਲਿਆ ਜਾਵੇ। ਪਿੰਡ ਵਾਲਿਆਂ ਨੇ ਅਖੰਡਪਾਠ ਦੇ ਭੋਗ ਸਮੇਂ ਬੈਂਡ ਵਾਜੇ ਬਜਾਏ, ਕੀਰਤਨ ਹੋਇਆ। ਮਹਾਰਾਜ ਜੀ ਦਾ ਹੁਕਮਨਾਮਾ ਆਇਆ, ਉਸ ਵਿਚ ਆਇਆ ਕਿ ਤੁਸੀਂ ਜੀਅ ਭਰ ਕੇ ਮੰਗਣੇ ਕਰੋ, ਹੁਣ ਤੁਹਾਡੀ ਰਾਖੀ ਬਾਣੀ ਨੇ ਕਰਨੀ ਹੈ।

ਇਹ ਮੈਂ ਤੁਹਾਨੂੰ ਥੋੜ੍ਹੀਆਂ ਜਿਹੀਆਂ ਗੱਲਾਂ ਦਸੀਆਂ ਹਨ ਜੇ ਇਹ ਬਚਨ ਕਰਨ ਲੱਗੀਏ ਤਾਂ ਇਥੇ ਹੀ ਸ਼ਾਮ ਪੈ ਜਾਵੇਗੀ। ਪ੍ਰੇਮੀਆਂ ਨੇ ਹੋਰ ਵੀ ਘਰਾਂ ਵਿਚ ਜਾਣ ਲਈ ਪ੍ਰੋਗਰਾਮ ਰੱਖੇ ਹਨ, ਇਸ ਕਰਕੇ ਥੋੜ੍ਹੀ ਜਿਹੀ ਵਿਚਾਰ ਨੂੰ ਬਹੁਤੀ ਜਾਣ ਲੈਣਾ। ਬਾਕੀ ਤੁਸੀਂ ਵਿਸ਼ਵਾਸ਼ ਰੱਖੋ ਕਿ ਪ੍ਰਮਾਰਥ ਅਤੇ ਵਿਵਹਾਰ ਦੋਹਾਂ ਵਿਚ ਗੁਰਬਾਣੀ ਦਾ ਪਾਠ ਸਹਾਇਤਾ ਕਰਦਾ ਹੈ। ਇੰਨੇ ਬਚਨ ਕਹਿ ਕੇ ਸੰਗਤ ਸਮੇਤ ਅਸੀਂ ਭਾਈ ਸੁਰਿੰਦਰ ਸਿੰਘ ਦੇ ਗ੍ਰਹਿ ਵਿਖੇ ਚਲੇ ਗਏ, ਇਹ ਸਨਹੋਜ਼ੇ ਦਾ ਜ਼ਿਕਰ ਹੈ।

ਭਾਈ ਸੁਰਿੰਦਰ ਸਿੰਘ ਜੀ ਨੇ ਵੀ ਯੂ.ਪੀ. ਵਿਚ ਮੁਰਾਦਾਬਾਦ ਜ਼ਿਲੇ ਵਿਚ ਵਸਣ ਵਾਲੇ ਪੁਰਾਣੇ ਸਿੱਖਾਂ ਬਾਰੇ ਪ੍ਰਸ਼ਨ ਪੁਛ ਲਿਆ ਉਥੇ ਉਨ੍ਹਾਂ ਨੂੰ ਮੈਂ ਦਸਿਆ ਕਿ ਜਦੋਂ ਜੰਗਾਂ ਯੁੱਧਾਂ ਦੇ ਸਮੇਂ ਸ. ਬਘੇਲ ਸਿੰਘ ਜੀ ਨਜੀਬਾਦਬਾਦ ਦੇ ਸੂਬੇ ਨਜੀਬਦੌਲਾ ਜੀ ਦੇ ਪਾਸ ਗਏ ਤਾਂ ਨਜੀਬਦੌਲਾਂ ਨੇ ਸਿੰਘਾਂ ਨਾਲ ਮਿਤਰਤਾ ਪਾ ਲਈ। ਉਸ ਵੇਲੇ ਬਘੇਲ ਸਿੰਘ ਜੀ ਨੇ ਕਿਹਾ ਕਿ ਪੰਜਾਬ ਵਿਚ ਹਰ ਰੋਜ਼ ਪੱਛਮ ਵਿਚੋਂ ਦਰਗ ਖੈਬਰ ਵਲੋਂ ਨਵੇਂ ਤੋਂ ਨਵੇਂ ਆਕਰਮਣਕਾਰੀ ਆਉਂਦੇ ਹੀ ਰਹਿੰਦੇ ਹਨ। ਅਸੀਂ ਇਸ ਇਲਾਕੇ ਵਿਚ ਸਿੰਘਾਂ ਨੂੰ ਵਸਾਉਣਾ ਚਾਹੁੰਦੇ ਹਾਂ, ਉਸ ਨੇ ਗਜਰੌਲੇ ਦੇ ਨੇੜੇ ਜ਼ਿਲਾ ਮੁਰਾਦਾਬਾਦ ਵਿਚ ਸਿੰਘਾਂ ਨੂੰ ਵਸਣ ਵਾਸਤੇ ਆਗਿਆ ਦੇ ਦਿਤੀ। ਉਸ ਵੇਲੇ ਬਹੁਤ

ਸਾਰੇ ਸਿੰਘ ਸ. ਬਘੇਲ ਸਿੰਘ ਜੀ ਦੇ ਨਾਲ ਉਚੇ ਉਡਾਰ ਦੇ ਟਿੱਬਿਆਂ ਵਿਚ ਜਿਥੇ ਬਹੁਤ ਸਰਕੜੇ ਸਨ, ਮਾਰੂ ਇਲਾਕਾ ਸੀ ਉਥੇ ਆਬਾਦ ਹੋ ਗਏ ਬਹੁਤ ਮਿਹਨਤ ਕਰਕੇ ਉਨ੍ਹਾਂ ਨੇ ਆਪਣੇ ਇਲਾਕੇ ਨੂੰ ਆਬਾਦ ਕਰ ਲਿਆ। ਇਨ੍ਹਾਂ ਨੂੰ ਪਿਛਾਦੀਏ ਜਾਟ ਆਖਿਆ ਜਾਂਦਾ ਹੈ। ਦੂਜਾ ਯੂ.ਪੀ. ਵਿਚ ਥਾਰੂ, ਜਾਟਵ, ਧੀਮਰ, ਕੁਰਮੀ, ਗੁੱਜਰ ਇਹ ਸਾਰੇ ਅਤੇ ਮਹਾਤਮਾ ਲਾਲ ਜੀ ਦੇ ਚੇਲੇ ਕਰੋੜਾਂ ਦੀ ਤਦਾਦ ਵਿਚ ਨਾਨਕ ਪੰਥੀ ਕਰਕੇ ਸੱਦੇ ਜਾਂਦੇ ਸਹਿਜਧਾਰੀ ਰਹਿੰਦੇ ਹਨ। ਨਾਨਕ ਮਤੇ ਉਨ੍ਹਾਂ ਦਾ ਦੀਵਾਲੀ ਸਮੇਂ ਬਹੁਤ ਭਾਰੀ ਇਕੱਠ ਹੋਇਆ ਕਰਦਾ ਹੈ। ਯੂ.ਪੀ. ਵਿਚ ਅਜੇ ਵੀ ਇਹ ਪਿੰਡ ਉਦਾਸੀ ਸਾਧੂਆਂ ਨੇ ਵੰਡੇ ਹੋਏ ਹਨ। ਜਾਟਵਾਂ ਧੀਂਮਰਾਂ ਵਿਚ ਮਸੰਦ ਹਨ ਉਨ੍ਹਾਂ ਦਾ ਕੰਮ ਇਨ੍ਹਾਂ ਨੂੰ ਨਾਨਕ ਮਤੇ ਲਿਆਉਣਾ ਹੁੰਦਾ ਹੈ ਉਂਝ ਉਨ੍ਹਾਂ ਨੂੰ ਕੋਈ ਪਤਾ ਨਹੀਂ ਕਿ ਗੁਰੂ ਨਾਨਕ ਦਾ ਕੀ ਉਪਦੇਸ਼ ਹੈ ਉਹ ਲੋਕ ਇਨ੍ਹਾਂ ਨੂੰ ਗੁਰੂ ਆਖਦੇ ਹਨ।

ਜਦੋਂ ਮੈਂ 1966-78 ਵਿਚ ਯੂ.ਪੀ. ਫਾਰਮਿੰਗ ਕਰਦਾ ਸੀ ਤਾਂ ਮੇਰੇ ਫਾਰਮ ਵਿਚ ਇਕ ਗੁਰੂ ਆ ਗਏ। ਤੁਹਾਡੇ ਬੀਜੀ ਨੇ ਨੌਕਰਾਂ ਨੂੰ ਬੁਲਾਇਆ ਅਤੇ ਇਕ ਵੱਡੀ ਬਾਲਟੀ ਦੁੱਧ ਦੀ ਦੇ ਦਿਤੀ, ਘੀ ਦੇ ਦਿਤਾ, ਸ਼ੱਕਰ ਦੇ ਦਿਤੀ ਅਤੇ ਕਿਹਾ ਕਿ ਆਪਣੇ ਗੁਰੂ ਦੀ ਸੇਵਾ ਕਰੋ। ਜਦੋਂ ਮੈਂ ਸ਼ਹਿਰ ਤੋਂ ਵਾਪਸ ਘਰ ਪਹੁੰਚਿਆ ਤਾਂ ਮੈਨੂੰ ਦਸਿਆ ਗਿਆ ਕਿ ਆਪਣੇ ਨੌਕਰਾਂ ਦੇ ਗੁਰੂ ਆਏ ਹੋਏ ਹਨ। ਮੈਂ ਕਿਹਾ ਕਿ ਉਨ੍ਹਾਂ ਨੂੰ ਕਿਸੇ ਚੰਗੇ ਥਾਂ ਪੱਕੇ ਥਾਂ ਨਿਵਾਸ ਦੇ ਦੇਣਾ ਸੀ। ਇਹ ਕਹਿੰਦੇ ਹੀ ਮੈਂ ਕੋਠੀ ਦੇ ਪਿਛਲੇ ਪਾਸੇ ਚਲਿਆ ਗਿਆ ਉਥੇ ਵੀ ਖਪਰੈਲਾਂ ਪਾਈਆਂ ਹੋਈਆਂ ਸਨ ਜਦੋਂ ਮੈਨੂੰ ਗੁਰੂ ਨੇ ਦੇਖਿਆ ਇਕ ਦਮ ਉਠ ਕੇ ਖੜ੍ਹਾ ਹੋ ਗਿਆ। ਉਸ ਨੇ ਮੈਨੂੰ ਦਸਿਆ ਕਿ ਮੈਂ ਇਨ੍ਹਾਂ ਦਾ ਗੁਰੂ ਹਾਂ। ਮੈਂ ਕਿਹਾ ਕਿ ਤੂੰ ਇਨ੍ਹਾਂ ਨੂੰ ਕਿਹੜਾ ਪਾਠ ਦਿੰਦਾ ਹੈਂ। ਉਹ ਕਹਿਣ ਲੱਗਿਆ ਕਿ ਪਾਠ ਦਾ ਤਾਂ ਮੈਨੂੰ ਵੀ ਨਹੀਂ ਪਤਾ ਪਰ ਮੈਂ ਸਾਲ ਪਿਛੋਂ ਇਨ੍ਹਾਂ ਨੂੰ ਨਾਨਕ ਮਤੇ ਲੈ ਜਾਂਦਾ ਹਾਂ, ਸੁਣ ਕੇ ਮੈਂ ਬਹੁਤ ਹੈਰਾਨ ਹੋਇਆ ਕਿ ਇਹ ਲੋਕ ਅਜੇ ਤਕ ਗੁਰੂ ਨਾਨਕ ਪਾਤਸ਼ਾਹ ਨਾਲ ਜੁੜੇ ਹੋਏ ਹਨ ਪਰ ਇਨ੍ਹਾਂ ਨੂੰ ਕੋਈ ਪਤਾ ਨਹੀਂ ਕਿ ਗੁਰਮਤਿ ਸਿਧਾਂਤ ਕੀ ਹੁੰਦਾ ਹੈ। ਮੈਂ ਦਸਿਆ ਕਿ ਯੂ.ਪੀ. ਵਿਚ ਬੜੀ ਵੱਡੀ ਗਿਣਤੀ ਵਿਚ ਨਾਨਕ ਪੰਥੀ ਹਨ।

ਹੋਰ ਬਹੁਤ ਸਾਰੇ ਘਰਾਂ ਵਿਚ ਚਰਨ ਪਾਏ। ਬੀਬੀ ਹਰਿੰਦਰ ਕੌਰ

ਦੇ ਘਰ ਕੈਸਟੋ ਵੈਲੀ ਵਿਚ ਵੀ ਗਏ। ਦੁਪਹਿਰ ਦਾ ਪ੍ਰਸ਼ਾਦਾ ਸ. ਸਤਨਾਮ ਸਿੰਘ ਜੀ ਦੇ ਗ੍ਰਿਹਿ ਵਿਚ ਛਕਿਆ। ਉਥੇ ਬਹੁਤ ਸਾਰੀਆਂ ਸੰਗਤਾਂ ਇਕੱਠੀਆਂ ਹੋਈਆਂ ਸਨ, ਸਾਰਿਆਂ ਨੂੰ ਮਿਲੇ। ਅੱਜ ਦਾ ਦੀਵਾਨ ਐਲਸਬਰਾਂਟਾਂ ਵਿਖੇ 6.30 ਤੋਂ 10.00 ਵਜੇ ਤਕ ਢਾਈ ਘੰਟੇ ਕੀਰਤਨ ਕੀਤਾ। ਜਿਸ ਵਿਚ ਗੁਰੂ ਉਤੇ ਪ੍ਰਤੀਤ, ਨਾਮ ਦੀ ਕਮਾਈ, ਭਾਣਾ ਮੰਨਣਾ, ਗੁਰੂ ਨਾਲ ਪਿਆਰ, ਗੁਰਮੰਤਰ ਤੇ ਭਰੋਸਾ, ਮੁਰਦਾ ਹੋਇ ਮੁਰੀਦ ਦੇ ਸਿਧਾਂਤ ਭਾਈ ਮੰਝ ਦੀ ਸਾਖੀ ਨੂੰ ਪ੍ਰਤੀਕ ਬਣਾ ਕੇ ਕੀਤਾ। ਸੰਗਤ ਹੁੰਮ-ਹੁੰਮਾ ਕੇ ਆਈ ਹੋਈ ਸੀ। ਤਿਲ ਸੁੱਟਣ ਨੂੰ ਕਿਤੇ ਥਾਂ ਨਹੀਂ ਸੀ ਇਕ ਗੱਲ ਤੇ ਮੈਂ ਹੈਰਾਨ ਸੀ ਕਿ ਸਿਧੀਆਂ ਧਾਰਨਾ ਦਾ ਕੀਰਤਨ ਜਿਥੇ ਵੀ ਹੁੰਦਾ ਸੀ ਉਥੇ ਬੀਬੀਆਂ ਗਜ ਵਜ ਕੇ ਬੋਲਦੀਆਂ ਸਨ ਐਉਂ ਹੀ ਲਗਦਾ ਸੀ ਜਿਵੇਂ ਅਸੀਂ ਪੰਜਾਬ ਵਿਚ ਹੁੰਦੇ ਹਾਂ। ਸਰੋਤੇ ਡੇਢ ਸੌ-ਦੋ ਸੌ ਮੀਲ ਤੋਂ ਆਏ ਹੋਏ ਹੁੰਦੇ ਸਨ ਅਤੇ ਇਕ ਚਿਤ ਹੋ ਕੇ ਬਾਣੀ ਸੁਣਦੇ ਸਨ। ਮੈਂ ਮਹਿਸੂਸ ਕੀਤਾ ਕਿ ਇਥੇ ਬਹੁਤ ਹੀ ਜ਼ਰੂਰਤ ਹੈ ਕਿ ਗੁਰਮਤਿ ਸਿਧਾਂਤਾਂ ਨੂੰ ਖੋਲ੍ਹ ਕੇ ਵਰਣਨ ਕੀਤਾ ਜਾਵੇ। ਸੰਗਤ ਵਿਚ ਭਾਵੇਂ ਸਰੋਤੇ ਕੇਸਧਾਰੀ ਸਨ ਜਾਂ ਸਹਿਜਧਾਰੀ ਸਨ ਉਹ ਇਕ ਟਿਕ ਹੋ ਕੇ ਬਚਨ ਸੁਣਦੇ ਸਨ। ਕੀਰਤਨ ਦੀ ਅਰਦਾਸ ਤਕ ਕੋਈ ਵੀ ਨਹੀਂ ਸੀ ਹਿਲਿਆ ਕਰਦਾ। ਸ਼ਬਦ ਭੇਟ ਮੈਂ ਪੂਰੀ ਤਰ੍ਹਾਂ ਨਾਲ ਬੰਦ ਕਰ ਦਿਤੀ ਸੀ ਮੈਂ ਲਈ ਹੀ ਨਹੀਂ ਸੀ ਕਿਉਂਕਿ ਮੈਂ ਬਾਣੀ ਵੇਚਣ ਨਹੀਂ ਸੀ ਗਿਆ। ਮੈਂ ਤਾਂ ਗੁਰੂ ਸਿਧਾਂਤ ਬਾਰੇ ਪ੍ਰਸਪਰ ਵਿਚਾਰ ਕਰਨ ਗਿਆ ਸੀ। ਗੁਰਦੁਆਰੇ ਤੋਂ ਸਰੋਪਾ ਨਹੀਂ ਸੀ ਲਿਆ ਕਿਉਂਕਿ ਗੁਰਦੁਆਰੇ ਸਾਰੇ ਇਕੋ ਹੀ ਹੁੰਦੇ ਹਨ। ਰਤਵਾੜਾ ਸਾਹਿਬ ਦਾ ਹੋਇਆ ਕਿ ਉਹ ਹੋਇਆ, ਹੈ ਤਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਹੀ। ਸੋ ਦੀਵਾਨ ਉਪਰੰਤ ਬਹੁਤ ਲੰਮਾ ਸਫਰ ਕਰਕੇ ਮੈਂ ਤਾਂ ਟਰਲੋਕ ਆ ਜਾਂਦਾ ਸੀ, ਜਥਾ ਭਾਈ ਸਤਿਨਾਮ ਸਿੰਘ ਅਟਵਾਲ ਉਨ੍ਹਾਂ ਪਾਸ ਸਨਹੋਜ਼ੇ ਠਹਿਰ ਜਾਂਦਾ ਸੀ ਜੋ ਨਜ਼ਦੀਕ ਹੀ ਹੁੰਦਾ ਸੀ ਮੈਨੂੰ 150 ਮੀਲ ਦੇ ਕਰੀਬ ਸਫਰ ਕਰਕੇ ਮੈਂ ਹਰ ਰੋਜ਼ ਟਰਲੋਕ ਮਹਿੰਦਰ ਸਿੰਘ ਗਿੱਲ ਦੀ ਕੋਠੀ ਆਰਾਮ ਕਰਿਆ ਕਰਦਾ ਸਾਂ, ਜੋ ਨਜ਼ਦੀਕ ਹੀ ਹੁੰਦਾ ਸੀ।

15 ਮਾਰਚ ਨੂੰ ਭਾਈ ਸਤਿਨਾਮ ਸਿੰਘ ਸਨਹੋਜ਼ੇ ਜਥੇ ਵਲੋਂ ਆਸਾ ਜੀ ਦੀ ਵਾਰ ਦਾ ਕੀਰਤਨ ਹੋਇਆ। ਸੰਗਤ ਬਹੁਤ ਆਈ ਹੋਈ ਸੀ ਅੱਜ ਵੀ ਕੀਰਤਨ 11.30 ਤੋਂ 1.00 ਵਜੇ ਤਕ ਗੁਰਦੁਆਰਾ ਐਲਸਬਰਾਂਟਾਂ ਵਿਚ ਹੋਇਆ। ਜਿਸ ਵਿਚ ਨਾਮ ਦੀ

ਬਰਕਤ ਦਾ ਜ਼ਿਕਰ ਕੀਤਾ ਗਿਆ। ਭਾਈ ਮਹਿੰਦਰ ਸਿੰਘ ਜੀ ਗਿੱਲ ਸਮੇਤ ਦੋ ਘਰਾਂ ਵਿਚ ਚਰਨ ਪਾਏ। ਅੱਜ ਰਾਤ ਦਾ ਦੀਵਾਨ ਗੁਰਦੁਆਰਾ ਸਿਖ ਟੈਂਪਲ ਸਟਾਕਟਨ ਵਿਚ ਲੱਗਿਆ। ਇਹ ਗੁਰਦੁਆਰਾ ਭਾਰਤ ਦੇ ਇਤਿਹਾਸ ਵਿਚ ਮਹੱਤਤਾ ਰਖਦਾ ਹੈ। ਇਸ ਗੁਰਦੁਆਰੇ ਵਿਚੋਂ ਹੀ ਭਾਰਤ ਦੀ ਅਜ਼ਾਦੀ ਨੇ ਜਨਮ ਲਿਆ। ਇਥੇ ਹੀ ਸੰਤ ਵਿਸਾਖਾ ਸਿੰਘ ਜੀ, ਬਾਬਾ ਜੈਮਲ ਸਿੰਘ ਜੀ ਵਰਗੇ ਮਹਾਂਪੁਰਸ਼ ਕਿਰਤ ਕਰ ਰਹੇ ਸਨ। ਇਨ੍ਹਾਂ ਨੇ ਆਪਣੇ ਦੇਸ਼ ਦੀ ਗੁਲਾਮੀ ਨੂੰ ਦੇਖ ਕੇ ਸਾਰੇ ਸੁਖ ਛੱਡ ਦਿਤੇ ਅਤੇ ਇਥੋਂ ਹੀ ਗਦਰੀ ਬਾਬਿਆਂ ਦੀ ਲਹਿਰ ਚਲੀ ਇਥੋਂ ਹੀ ਗਦਰ ਦੀ ਗੂੰਜ ਅਖਬਾਰ ਨਿਕਲਿਆ। ਇਸੇ ਸ਼ਹਿਰ ਵਿਚ ਲਾਲਾ ਹਰਦਿਆਲ ਜੀ ਵਰਗੇ ਦੇਸ਼ ਭਗਤ ਰਹਿੰਦੇ ਸਨ ਜਿਨ੍ਹਾਂ ਨੇ ਆਪਣੇ ਕਾਰੋਬਾਰ ਛੱਡ ਕੇ ਦੇਸ਼ ਨੂੰ ਅਜ਼ਾਦ ਕਰਾਉਣ ਵਾਸਤੇ ਵਾਪਸ ਭਾਰਤ ਵਿਚ ਆਏ ਅਤੇ ਇਕ ਲਹਿਰ ਤੋਰ ਦਿਤੀ। ਬਹੁਤ ਵੱਡੀਆਂ-ਵੱਡੀਆਂ ਕੁਰਬਾਨੀਆਂ ਦਿਤੀਆਂ। ਬਾਬਾ ਵਸਾਖਾ ਸਿੰਘ ਜੀ ਵਰਗਿਆਂ ਨੂੰ ਕਾਲੇ ਪਾਣੀਆਂ ਦੇ ਵਿਚ ਜੇਲ੍ਹ ਵਿਚ ਭੇਜ ਦਿਤਾ ਗਿਆ। ਜਿਥੇ ਆਟੇ ਵਿਚ ਸ਼ੀਸ਼ਾ ਪੀਹ ਕੇ ਉਨ੍ਹਾਂ ਦੇ ਸਰੀਰਾਂ ਨੂੰ ਰੋਗੀ ਕਰ ਦਿਤਾ ਗਿਆ ਅਤੇ ਟੀ.ਬੀ. ਵਰਗੇ ਭਿਆਨਕ ਰੋਗ ਦੇ ਕਸ਼ਟ ਸਹਾਰਦੇ ਹੋਏ ਭੀ ਦੁਖ ਸੁਖ ਵਿਚ ਸਮਾਨ ਰਹੇ। ਇਸ ਗੁਰਦੁਆਰੇ ਦੀ ਸੰਭਾਲ ਕਰਨ ਵਾਲੀ ਕਮੇਟੀ ਦੇ ਮੈਂਬਰ ਮੈਨੂੰ ਮਿਲੇ ਉਹ ਮੈਨੂੰ ਲਾਇਬ੍ਰੇਰੀ ਵਿਚ ਲੈ ਗਏ ਜਿਥੇ ਸਾਰੇ ਦੇਸ਼ ਭਗਤਾਂ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਸਨ ਉਹ ਕਾਫੀ ਵੱਡਾ ਕਮਰਾ ਸੀ ਪਰ ਮਿੰਟਾਂ ਵਿਚ ਹੀ ਭਰ ਗਿਆ। ਉਥੇ ਦੇਸ਼ ਭਗਤਾਂ ਦੀਆਂ ਗੱਲਾਂ ਚਲਦੀਆਂ ਰਹੀਆਂ ਉਨ੍ਹਾਂ ਨੇ ਉਥੋਂ ਗਏ ਗਦਰੀ ਬਾਬਿਆਂ ਦਾ ਕਾਰੋਬਾਰ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਕੀਤਾ। ਇਸ ਕਮੇਟੀ ਦੇ ਮੈਂਬਰ ਅਜੇ ਵੀ ਬਹੁਤ ਮਾਣ ਦੇ ਪਾਤਰ ਹਨ। ਇਥੇ ਮੈਂ ਭਾਈ ਘਨਈਏ ਦੀ ਸਮਦ੍ਰਿਸ਼ਟੀ, ਬਾਬਾ ਜਵਾਲਾ ਸਿੰਘ ਜੀ ਹਰਖੋਵਾਲ, ਬਾਬਾ ਕਿਸ਼ਨ ਸਿੰਘ ਜੀ ਲੋਹਗੜ੍ਹੀਏ, ਸੰਤ ਮੋਹਨ ਸਿੰਘ ਜੀ ਨਾਮਧਾਰੀ ਅਤੇ ਬੀਜੀ ਦੇ ਪਿਤਾ ਜੀ ਸੰਤ ਹੀਰਾ ਸਿੰਘ ਜੀ ਦਾਊਦਪੁਰੀ, ਭਾਈ ਰਣਧੀਰ ਸਿੰਘ ਜੀ ਦੀਆਂ ਕਰਨੀਆਂ ਕਮਾਈਆਂ ਦਾ ਜ਼ਿਕਰ ਕੀਤਾ। ਧਰੂ ਭਗਤ ਦੀ ਸਾਖੀ ਨੂੰ ਪ੍ਰਤੀਕ ਬਣਾ ਕੇ ਦੋ ਢਾਈ ਘੰਟੇ ਦੀਵਾਨ ਲੱਗਿਆ, ਦੀਵਾਨ ਉਪਰੰਤ ਸਾਰੀ ਕਮੇਟੀ ਹੋਰ ਸਮਾਂ ਮੰਗ ਰਹੀ ਸੀ, ਮੈਨੂੰ ਇਹੋ ਇਕ ਅਜਿਹੀ ਕਮੇਟੀ ਮਿਲੀ ਸੀ ਜਿਸ ਦੇ ਦਿਲ ਵਿਚ ਸਚਮੁਚ ਹੀ ਬਾਹਰੋਂ

ਆਇਆਂ ਲਈ ਸਤਿਕਾਰ ਸੀ ਨਹੀਂ ਤਾਂ ਬਹੁਤੀਆਂ ਕਮੇਟੀਆਂ ਨੂੰ ਭਰਮ ਪੈ ਚੁਕਿਆ ਹੈ ਕਿ ਅਮਰੀਕਾ ਵਿਚ ਸਾਰੇ ਸਾਧੂ, ਸੰਤ, ਪ੍ਰਚਾਰਕ ਡਾਲਰ ਇਕੱਠੇ ਕਰਨ ਆਉਂਦੇ ਹਨ ਪਰ ਮੈਂ ਇਸ ਗੱਲ ਦਾ ਜੂੜ ਪਹਿਲਾਂ ਹੀ ਵੱਢ ਦਿਤਾ ਸੀ ਅਤੇ ਮੇਰੇ ਜਾਣ ਤੋਂ ਪਹਿਲਾਂ ਹੀ ਸਭ ਨੂੰ ਪਤਾ ਲਗ ਜਾਂਦਾ ਸੀ ਕਿ ਨਾ ਇਨ੍ਹਾਂ ਨੇ ਸਰੋਪਾ ਲੈਣਾ ਹੈ ਨਾ ਕਿਸੇ ਕਮੇਟੀ ਨੂੰ ਕੋਈ ਉਸਤਤ ਕਰਨ ਦੀ ਆਗਿਆ ਦੇਣੀ ਹੈ। ਦੀਵਾਨ ਦੀ ਸਮਾਪਤੀ ਪਿਛੋਂ ਸ. ਮਹਿੰਦਰ ਸਿੰਘ ਜੀ ਗਿੱਲ ਕਾਰ ਚਲਾ ਕੇ ਲੰਮਾ ਸਫਰ ਕੱਟ ਕੇ ਟਰਲੋਕ ਪਹੁੰਚ ਗਏ, ਜਥਾ ਨੇੜੇ ਹੀ ਰਹਿ ਗਿਆ।

ਕੀਰਤਨ ਸਮਾਗਮ ਸਹਿਜ ਨਾਲ ਹੀ ਹੋ ਰਹੇ ਸਨ, ਹਰ ਥਾਂ ਸੰਗਤਾਂ ਹੁੰਮਾ ਹੁਮਾ ਕੇ ਪਹੁੰਚ ਜਾਇਆ ਕਰਦੀਆਂ ਸਨ। ਰਾਤ ਦੇ ਦਸ ਵਜੇ ਦੀਵਾਨ ਦੀ ਸਮਾਪਤੀ ਹੋਇਆ ਕਰਦੀ ਸੀ ਅਤੇ ਜਥੇ ਦੇ ਸਿੰਘ ਸਨਹੋਜ਼ੇ ਵਿਚ ਵਿਸ਼ਰਾਮ ਲਈ ਠਹਿਰ ਜਾਇਆ ਕਰਦੇ ਸਨ।

ਭਾਈ ਕੁਲਦੀਪ ਸਿੰਘ ਜੀ ਸ਼ੇਰਗਿੱਲ ਸਨਹੋਜ਼ੇ ਸ਼ਹਿਰ ਦੇ ਰਹਿਣ ਵਾਲੇ ਹਨ ਅਤੇ ਆਪ ਦਾ ਸੰਪਰਕ ਮੇਰੇ ਨਾਲ ਪਹਿਲਾਂ-ਪਹਿਲਾਂ ਟੈਲੀਫੋਨ ਤੇ ਹੀ ਹੋਇਆ ਸੀ। ਉਸ ਨੇ ਮੈਨੂੰ ਫੋਨ ਕੀਤਾ ਕਿ ਬਾਬਾ ਜੀ! ਮੈਂ ਬਹੁਤ ਸਖਤ ਬਿਮਾਰ ਹਾਂ, ਬਿਮਾਰੀ ਕਾਰਨ ਮੈਂ ਬਹੁਤ ਕਮਜ਼ੋਰ ਹੋ ਗਿਆ ਹਾਂ। ਅਮਰੀਕਾ ਵਿਚ ਕਿਸੇ ਡਾਕਟਰ ਤੋਂ ਮੇਰੀ ਬਿਮਾਰੀ ਨਹੀਂ ਗਈ। ਗੱਲਬਾਤ ਕਰਕੇ ਉਸ ਨੇ ਇਥੋਂ ਤਕ ਕਹਿ ਦਿਤਾ ਕਿ ਮੈਂ ਜੀਵਨ ਤੋਂ ਬਹੁਤ ਤੰਗ ਆ ਗਿਆ ਹਾਂ ਅਤੇ ਇਸ ਨੂੰ ਖਤਮ ਕਰਨਾ ਚਾਹੁੰਦਾ ਹਾਂ। ਟੈਲੀਫੋਨ ਮੇਰਾ ਖੁਲ੍ਹਾ ਹੈ ਤੁਸੀਂ ਬੰਦ ਨਾ ਕਰਨਾ, ਰਿਵਾਲਵਰ ਦਾ ਖੜਾਕ ਤੁਹਾਨੂੰ ਇਸ ਵਿਚੋਂ ਹੀ ਸੁਣਨ ਨੂੰ ਮਿਲੇਗਾ। ਮੈਂ ਇਸ ਨੂੰ ਬੜੇ ਪਿਆਰ ਨਾਲ ਕਿਹਾ ਕਿ ਬੇਟਾ! ਖੁਦਕਸ਼ੀ ਕਰਨਾ ਮਹਾਨ ਪਾਪ ਹੈ, ਤੂੰ ਧਿਆਨ ਨਾਲ ਮੇਰੀ ਗੱਲ ਸੁਣ। ਕੋਈ ਦੁਖ ਐਸਾ ਨਹੀਂ ਜਿਸ ਦਾ ਇਲਾਜ ਨਾ ਹੋਵੇ, ਇਸ ਦੇ ਇਲਾਜ ਦੇ ਦੋ ਸਾਧਨ ਅਸੀਂ ਜਾਣਦੇ ਹਾਂ ਕਿ ਚੰਗੇ ਡਾਕਟਰਾਂ ਦੇ ਬੋਰਡ ਨੂੰ ਸਰੀਰ ਦੇ ਸਾਰੇ ਟੈਸਟ ਕਰਾ ਕੇ ਵਿਖਾਏ ਜਾਣ, ਉਨ੍ਹਾਂ ਤੋਂ ਨਿਰਣਾ ਲੈ ਕੇ ਦਵਾਈਆਂ ਦਿਤੀਆਂ ਜਾਣ। ਮੈਂ ਕਿਹਾ ਬੇਟਾ! ਦੁਖਾਂ ਦਾ ਇਲਾਜ ਮੌਤ ਤਾਂ ਨਹੀਂ ਹੈ। ਗੁਰੂ ਮਹਾਰਾਜ ਜੀ ਦਾ ਐਸਾ ਸਿਧਾਂਤ ਹੈ ਕਿ ਜਦੋਂ ਜੀਵ ਸੰਸਾਰ ਵਿਚ ਆਉਂਦਾ ਹੈ ਉਸ ਨਾਲ ਤਿੰਨ ਚੀਜ਼ਾਂ ਆਉਂਦੀਆਂ ਹਨ, ਜਿਵੇਂ ਅਖਬਾਰ ਤੇ ਵੱਡੀਆਂ ਵੱਡੀਆਂ ਸੁਰਖੀਆਂ

ਲਿਖੀਆਂ ਹੁੰਦੀਆਂ ਹਨ ਅਤੇ ਉਸ ਤੋਂ ਪਿਛੋਂ ਜੋ ਅਖਬਾਰ ਵਿਚ ਪੜ੍ਹਨਯੋਗ ਹੈ ਉਹ ਦਸ ਦਿਤਾ ਜਾਂਦਾ ਹੈ। ਇਸੇ ਤਰ੍ਹਾਂ ਜਦੋਂ ਸਰੀਰ ਸੰਸਾਰ ਵਿਚ ਆਉਂਦਾ ਹੈ ਉਸ ਤੋਂ ਪਹਿਲਾਂ ਉਸ ਨੂੰ life span (ਜ਼ਿੰਦਗੀ ਦੀ ਮਿਆਦ) ਸ੍ਵਾਸ ਗਿਣ ਕੇ ਪਾਏ ਜਾਂਦੇ ਹਨ ਅਤੇ ਇਕ ਸ੍ਵਾਸ ਵੀ ਨਾ ਘਟ ਸਕਦਾ ਹੈ, ਨਾ ਵਧ ਸਕਦਾ ਹੈ, ਇਨ੍ਹਾਂ ਸ੍ਵਾਸਾਂ ਦੇ ਪੂਰੇ ਹੋਣ ਪਿਛੋਂ ਜਿਹੜਾ ਬੰਦਾ ਚਾਹੁੰਦਾ ਹੈ ਕਿ ਮੈਂ ਹੋਰ ਜਿਉਂਦਾ ਰਹਾਂ। ਗੁਰੂ ਮਹਾਰਾਜ ਕਹਿੰਦੇ ਹਨ ਕਿ ਉਹ ਮਹਾਂ ਮੂਰਖ ਪੁਰਸ਼ ਹੈ –

***ਫਨਿ ਘਾਲੇ ਸਭ ਦਿਵਸ ਸਾਸ***
***ਨਹ ਬਢਨ ਘਟਨ ਤਿਲੁ ਸਾਰ॥***
***ਜੀਵਨ ਲੋਰਹਿ ਭਰਮ ਮੋਹ ਨਾਨਕ ਤੇਊ ਗਵਾਰ॥***
***ਪੰਨਾ – 254***

ਦੂਸਰਾ ਉਸ ਦੇ ਪ੍ਰਾਲਬਧ ਕਰਮ ਇਸੇ ਜੀਵਨ ਦੇ ਅੰਦਰ ਭੋਗਣ ਲਈ ਉਸ ਦੇ ਨਾਲ ਭੇਜੇ ਜਾਂਦੇ ਹਨ, ਉਹ ਭਾਵੇਂ ਕਿਹੋ ਜਿਹਾ ਹੀ ਬੰਦਾ ਕਿਉਂ ਨਾ ਹੋਵੇ, ਕਿੰਨਾ ਹੀ ਚਲਾਕ ਚੁਸਤ ਹੋਵੇ, ਰਸੂਖ ਵਾਲਾ ਹੋਵੇ, ਲੱਖ ਸਿਆਣਪਾਂ ਰਖਦਾ ਹੋਵੇ ਉਹ ਅਵੱਸ਼ ਭੋਗਣੇ ਪੈਂਦੇ ਹਨ –

***ਭੋਗੇ ਬਿਨ ਭਾਗੇ ਨਹੀ ਕਰਮ ਗਤੀ ਬਲਵਾਨ।***

ਉਸ ਨੂੰ ਕਿਰਤ ਕਰਮ ਆਖਿਆ ਜਾਂਦਾ ਹੈ। ਇਨ੍ਹਾਂ ਕਿਰਤ ਕਰਮਾਂ ਦੇ ਫਲ ਨੂੰ ਕੋਈ ਵੀ ਹਟਾਉਣ ਨੂੰ ਸਮਰੱਥ ਨਹੀਂ ਸਿਰਫ ਗੁਰੂ ਮਹਾਰਾਜ ਜੀ ਦੇ ਪਾਸ ਜਾਂ ਤੱਤ ਬੇਤੇ ਮਹਾਂਪੁਰਸ਼ਾਂ ਪਾਸ veto power ਹੋਇਆ ਕਰਦੀ ਹੈ ਜਿਸ ਨਾਲ ਉਹ ਇਨ੍ਹਾਂ ਪ੍ਰਾਲਬਧ ਕਰਮਾਂ ਦੇ ਬੁਰੇ ਫਲਾਂ ਨੂੰ ਬਿਲਕੁਲ ਹਲਕੇ ਕਰਕੇ ਭੋਗਵਾ ਦਿੰਦੇ ਹਨ, ਦੂਜੇ ਪਾਸੇ ਪ੍ਰਾਲਬਧ ਕਰਮ ਸੁਖਾਂ ਲਈ, ਕਾਰਜ ਸਿੱਧੀ ਲਈ, ਤੰਦਰੁਸਤੀ ਅਤੇ ਵਿਵਹਾਰ ਸੁਧੀ ਲਈ ਸ਼ੁਭ ਹੋਇਆ ਕਰਦੇ ਹਨ, ਉਨ੍ਹਾਂ ਦਾ ਫਲ ਘਟਾਉਣ ਲਈ ਜੀਵ ਆਪ ਹੀ ਸਮਰੱਥ ਹੈ। ਇਸ ਵਿਚ ਨਾ ਕਿਸੇ ਮਹਾਂਪੁਰਸ਼ ਦੀ ਮਦਦ ਦੀ ਲੋੜ ਹੈ। ਮਹਾਂਪੁਰਸ਼ ਤਾਂ ਇਹ ਚਾਹੁੰਦੇ ਹਨ ਕਿ ਇਹ ਜੀਵ ਸੁਖੀ ਰਹੇ ਕਿਸੇ ਨੂੰ ਦੁਖ ਦੇਣ ਵਿਚ ਸਹਾਇਕ ਨਹੀਂ ਹੋਇਆ ਕਰਦੇ। ਜੀਵ ਆਪਣੇ ਆਪ ਹੀ ਅਗਲਾ ਜਨਮ ਧਾਰ ਕੇ ਐਸਾ ਕਰਮ ਕਰਦਾ ਹੈ। ਜੇ ਪ੍ਰਾਲਬਧ ਕਰਮਾਂ ਦੇ ਫਲਾਂ ਨੂੰ ਮੰਦਾ ਪਾ ਦਿੰਦਾ ਹੈ ਅਤੇ ਉਹਨਾਂ ਕਰਮ ਫਲਾਂ ਨੇ ਜਿਨ੍ਹਾਂ ਨੇ ਸੁਖ ਦੇਣਾ ਸੀ ਉਹ ਸੁਪਨੇ ਮਾਤਰ ਹੀ ਰਹਿ ਜਾਂਦੇ ਹਨ।

ਗੁਰੂ ਨਾਨਕ ਪਾਤਸ਼ਾਹ ਵੇਲੇ ਦੀ ਇਕ ਕਥਾ ਹੈ ਕਿ ਇਕ ਵਾਰੀ ਆਪ ਸੰਸਾਰ ਦਾ ਉਧਾਰ ਕਰਦੇ-ਕਰਦੇ ਇਕ ਸੁੰਦਰ ਬਾਗ ਵਿਚ ਇਕ ਬਹੁਤ ਸੋਹਣਾ ਮਕਾਨ ਬਣਿਆ ਦੇਖ ਕੇ ਟਿਕ ਜਾਂਦੇ ਹਨ। ਉਹ ਇਕ ਅਮੀਰ ਖਤਰੀ ਦਾ ਬਾਗ ਸੀ। ਉਸ ਨੂੰ ਜਦੋਂ ਪਤਾ ਲੱਗਿਆ ਕਿ ਕੁਝ ਸਾਧੂ ਬਾਗ ਵਿਚ ਆ ਟਿਕੇ ਹਨ ਉਸ ਨੇ ਬਾਗ ਦੇ ਸਾਰੇ ਮਕਾਨਾਂ ਦੇ ਜੰਦਰੇ ਖੋਲ੍ਹ ਦਿਤੇ, ਸਫਾਈ ਕਰਾ ਦਿਤੀ, ਪਾਣੀ ਵਗੈਰਾ ਛਿੜਕਵਾ ਦਿਤਾ, ਸੁਗੰਧੀਆਂ ਛਿੜਕ ਕੇ ਸੋਹਣਾ ਬਣਾ ਦਿਤਾ, ਗੁਰੂ ਨਾਨਕ ਪਾਤਸ਼ਾਹ ਭਾਈ ਬਾਲਾ ਤੇ ਮਰਦਾਨਾ ਸਮੇਤ ਇਸ ਸੁਹਾਵਣੇ ਬਾਗ ਵਿਚ ਪਹੁੰਚ ਗਏ ਅਤੇ ਚੌਮਾਸੇ ਦਾ ਸਮਾਂ ਕੱਟਣ ਲਈ ਟਿਕ ਗਏ।

ਭਾਈ ਮਰਦਾਨਾ ਗੁਰੂ ਨਾਨਕ ਪਾਤਸ਼ਾਹ ਦੀਆਂ ਖੇਚਲਾਂ ਨੂੰ ਦੇਖ ਕੇ ਤਰਲਾ ਲਿਆ ਕਰਦਾ ਸੀ ਕਿ ਪਾਤਸ਼ਾਹ! ਚੌਮਾਸੇ ਵਿਚ ਤਾਂ ਟਿਕ ਜਾਓ, ਆਪਾਂ ਤੁਰਦੇ ਹੀ ਰਹਿੰਦੇ ਹਾਂ। ਮੈਂ ਦਰਖਤ ਦੀਆਂ ਟਾਹਣੀਆਂ ਤੋੜ ਕੇ ਝਾੜੂ ਬਣਾ ਕੇ ਥਾਂ ਨੂੰ ਕਾਫੀ ਦੇਰ ਤਕ ਸਾਫ ਕਰਦਾ ਰਹਿੰਦਾ ਹਾਂ, ਪਾਣੀ ਛਿੜਕਦਾ ਹਾਂ ਤਾਂ ਕਿ ਮਿੱਟੀ ਨਾ ਉਡੇ, ਫੇਰ ਝਾੜੂ ਦਿੰਦਾ ਹਾਂ ਤਾਂ ਕਿ ਕੋਈ ਜੜ੍ਹੀ ਬੂਟੀ ਗਿਲੀ ਪਈ ਹੋਵੇ ਤਾਂ ਉਹ ਵਸਤਰਾਂ ਨੂੰ ਖਰਾਬ ਨਾ ਕਰੇ। ਪਾਤਸ਼ਾਹ! ਧਰਤੀ ਤੇ ਵਿਛਾਉਣ ਲਈ ਕਪੜਾ ਵੀ ਓਹੀ ਹੈ ਜੋ ਅਸੀਂ ਝਾੜ ਕੇ ਫੇਰ ਮੋਢਿਆਂ ਤੇ ਰਖ ਲੈਂਦੇ ਹਾਂ ਕਿੰਨੀ ਤਕਲੀਫ ਹੁੰਦੀ ਹੈ ਸਾਨੂੰ ਕਿ ਜਦੋਂ ਅਸੀਂ ਇਹ ਦੇਖਦੇ ਹਾਂ ਕਿ ਆਪ ਨੇ ਇਕ ਅੱਧੀ ਘੜੀ ਅਰਾਮ ਕਰਨਾ ਹੈ ਪਰ ਧਰਤੀ ਤੇ ਚਲਣ ਵਾਲੇ ਕੀੜੇ ਕਪੜਿਆਂ ਉਤੇ ਚੜ੍ਹ ਜਾਂਦੇ ਹਨ, ਮੱਛਰ ਬਾਰ-ਬਾਰ ਆ ਕੇ ਡੰਗ ਮਾਰਦੇ ਹਨ, ਕਿੰਨਾ ਵਟ ਪਿਆ ਹੁੰਦਾ ਹੈ, ਹੁਸੜ ਲੱਗਿਆ ਹੁੰਦਾ ਹੈ, ਗਰਮੀ ਸਰੀਰ ਵਿਚੋਂ 'ਚੋਂ ਰਹੀ ਹੁੰਦੀ ਹੈ, ਉਸ ਸਮੇਂ ਕਪੜਾ ਲੈ ਕੇ ਹੋਰ ਗਰਮੀ ਵਧ ਜਾਂਦੀ ਹੈ ਪਰ ਪਾਤਸ਼ਾਹ! ਜਦੋਂ ਕਪੜਾ ਲਾਹ ਕੇ ਕੁਝ ਠੰਢ ਮਹਿਸੂਸ ਕਰਦੇ ਹਾਂ ਚੌਮਾਸੇ ਵਿਚੋਂ ਆ ਕੇ ਵੱਡਾ ਮੱਛਰ ਡੰਗ ਮਾਰਦਾ ਹੈ ਕਈ ਵਾਰੀ ਤਾਂ ਐਸਾ ਹੋਇਆ ਕਰਦਾ ਕਿ ਸੱਪ ਸਲੂਟੀਆਂ ਆਪਣੇ ਵਿਚੋਂ ਲੰਘ ਜਾਂਦੀਆਂ ਹਨ। ਪਾਤਸ਼ਾਹ! ਮੈਂ ਇਹ ਕਿਸ ਤਰ੍ਹਾਂ ਦੇਖ ਸਕਦਾ ਹਾਂ, ਬੇਨਤੀਆਂ ਕਰਦੇ ਹਾਂ ਤਾਂ ਆਪ ਇਸ ਤਰ੍ਹਾਂ ਕਹਿ ਦਿੰਦੇ ਹੋ ਕਿ ਸਾਡਾ ਸਾਰਾ ਫਿਰਨਾ, ਤੁਰਨਾ, ਕਿਤੇ ਜਾਣਾ ਸਭ ਕਰਤਾਰ ਦੇ ਹੱਥ ਹੈ, ਅਸੀਂ ਆਪਣੀ ਮਰਜ਼ੀ ਨਾਲ ਕਿਵੇਂ ਠਹਿਰ ਸਕਦੇ ਹਾਂ। ਤਰਲੇ ਲੈਂਦੇ-ਲੈਂਦੇ ਪਾਤਸ਼ਾਹ ਅਸੀਂ ਰੋਣ ਹਾਕੇ ਹੋ ਜਾਂਦੇ ਹਾਂ ਤਾਂ ਕਿਤੇ ਤੁਸੀਂ ਸਾਡੀ ਬੇਨਤੀ ਮੰਨਦੇ

ਹੋ। ਜਦੋਂ ਤਿੰਨ ਚਾਰ ਮਹੀਨੇ ਵਾਸਤੇ ਟਿਕ ਜਾਂਦੇ ਹੋ, ਫੇਰ ਸਾਡਾ ਚਿੱਤ ਖਿੜ ਜਾਂਦਾ ਹੈ ਕਿਉਂਕਿ ਸੰਗਤ ਆਉਂਦੀ ਹੈ, ਪਰਚਾ ਬਣ ਜਾਂਦਾ ਹੈ ਲਗਾਤਾਰ ਲੰਗਰ ਚਲਦੇ ਹਨ, ਸਮੇਂ ਸਿਰ ਖਾਣ ਪੀਣ ਨੂੰ ਮਿਲਦਾ ਹੈ, ਇਸ਼ਨਾਨ ਕਰਨ ਦੀਆਂ ਸਹੂਲਤਾਂ ਮਿਲ ਜਾਂਦੀਆਂ ਹਨ, ਖੂਹ ਤੋਂ ਪਾਣੀ ਕੱਢਣ ਲਈ ਬਰਤਨ ਮਿਲ ਜਾਂਦਾ ਹੈ। ਜਦੋਂ ਅਸੀਂ ਆਪ ਨੂੰ ਸੁਖ ਸਹਿਤ ਦੇਖਦੇ ਹਾਂ ਤਾਂ ਸਾਡੇ ਚਿਤ ਖਿੜ ਜਾਂਦੇ ਹਨ।

ਅੱਜ ਮਰਦਾਨਾ ਤੇ ਭਾਈ ਬਾਲਾ ਜੀ ਬਹੁਤ ਖੁਸ਼ ਸਨ ਕਿਉਂਕਿ ਗੁਰੂ ਮਹਾਰਾਜ ਜੀ ਸੋਹਣੇ ਫਲਾਂ ਦੇ ਬਾਗ ਵਿਚ ਜੋ ਬਹੁਤ ਸਾਫ ਸੁਥਰਾ ਹੈ, ਜਿਸ ਵਿਚ ਇਕ ਘਾਹ ਦਾ ਤਿਣਕਾ ਵੀ ਕਿਸੇ ਵੱਟ ਬੰਨੇ ਤੇ ਨਹੀਂ ਖੜ੍ਹਾ, ਪਾਣੀ ਵਾਲਾ ਖੂਹ ਬਹੁਤ ਸੋਹਣਾ ਹੈ ਅਤੇ ਰਿਹਾਇਸ਼ ਲਈ ਕਮਰੇ ਬਹੁਤ ਸੋਹਣੇ ਹਵਾਦਾਰ ਬਣਾਏ ਹੋਏ ਹਨ। ਕਿੰਨਾ ਹੀ ਮੀਂਹ ਪਈ ਜਾਵੇ ਉਹ ਚੋਂਦੇ ਨਹੀਂ, ਖੁਲ੍ਹੀ ਹਵਾ ਖਿੜਕੀਆਂ ’ਚੋਂ ਆਉਂਦੀ ਹੈ ਅਤੇ ਸਾਲ ਭਰ ਦੇ ਥਕੇਵੇਂ ਭੁੱਲ ਜਾਂਦੇ ਹਨ। ਮਹਾਰਾਜ ਜੀ! ਆਪ ਨੇ ਐਸੀ ਕਾਰ ਸੰਸਾਰ ਦੀ ਚੁਕੀ ਹੋਈ ਹੈ ਕਿ ਆਪ ਆਪਣੇ ਸਰੀਰ ਦੀ ਪ੍ਰਵਾਹ ਨਹੀਂ ਕਰਦੇ।

ਇਸ ਬਾਗ ਦਾ ਮਾਲਕ ਜੋ ਇਕ ਚੰਗਾ ਵਪਾਰੀ ਸੀ ਉਹ ਦਰਸ਼ਨਾਂ ਲਈ ਰੋਜ਼ ਆਉਂਦਾ ਹੈ ਅਤੇ ਖਾਣ ਪੀਣ ਦਾ ਯਥਾਸ਼ਕਤ ਪ੍ਰਬੰਧ ਉਸ ਨੇ ਇਥੇ ਕਰ ਦਿਤਾ ਅਤੇ ਸੰਗਤ ਇਥੇ ਆਉਣ ਲੱਗੀ। ਸਭ ਨੂੰ ਲੰਗਰ ਛਕਣ ਨੂੰ ਮਿਲਦਾ ਹੈ, ਇਸ ਪਿਛੋਂ ਗੁਰੂ ਮਹਾਰਾਜ ਜੀ ਉਚੇ ਆਸਣ ਤੇ ਬੈਠ ਕੇ ਬਚਨ ਸੁਣਾਉਂਦੇ ਹਨ ਅਤੇ ਉਨ੍ਹਾਂ ਨੂੰ ਭਵਜਲ ਵਿਚੋਂ ਕੱਢਣ ਲਈ ਨਾਮ ਦੀ ਦਾਤ ਬਖਸ਼ਦੇ ਹਨ। ਇਸ ਤਰ੍ਹਾਂ ਸ਼ਹਿਰ ਵਿਚ ਬਹੁਤ ਸੋਹਣਾ ਮਾਹੌਲ ਬਣ ਗਿਆ, ਜਿਥੇ ਸਤਿਸੰਗ ਹੁੰਦਾ ਹੈ ਉਥੇ ਸਾਧੂ ਮਹਾਂਪੁਰਸ਼ ਦੂਰੋਂ-ਦੂਰੋਂ ਆ ਰਹੇ ਹਨ ਅਤੇ ਗੁਰੂ ਬਚਨ ਸੁਣ ਕੇ ਧੰਨ-ਧੰਨ ਕਰਦੇ ਜਾਂਦੇ ਹਨ। ਬਾਗ ਦੇ ਮਾਲਕ ਸ਼ਾਹੂਕਾਰ ਨੇ ਨੇਮ ਨਾਲ ਹੀ ਅੰਮ੍ਰਿਤ ਵੇਲੇ ਆਉਣਾ ਅਤੇ ਆਸਾ ਜੀ ਦੀ ਵਾਰ ਅਤੇ ਹੋਰ ਸ਼ਬਦਾਂ ਦਾ ਕੀਰਤਨ ਭਾਈ ਮਰਦਾਨਾ ਜੀ ਰਾਹੀਂ ਸਰਵਣ ਕਰਨਾ। ਗੁਰੂ ਮਹਾਰਾਜ ਜੀ ਸਮਾਧੀ ਸਥਿਤ ਆਪਣੇ ਸਰੂਪ ਵਿਚ ਲੀਨ ਰਹਿੰਦੇ ਸਨ। ਕੀਰਤਨ ਸਮਾਪਤੀ ਪਿਛੋਂ ਆਪ ਨੇ ਬਹੁਤ ਹੀ ਖਿੱਚ ਭਰੇ ਅਲਮਸਤ ਨੇਤਰ ਖੋਲ੍ਹਣੇ ਅਤੇ ਸਾਰੀ ਸੰਗਤ ਉਪਰ ਦ੍ਰਿਸ਼ਟੀ ਮਾਰਨੀ, ਨਦਰੋ ਨਦਰੀ ਨਿਹਾਲ ਕਰ ਦੇਣਾ ਅਤੇ ਸਭ ਦੇ ਵਿਕਾਰ ਦੂਰ ਕਰ ਦੇਣੇ। ਗੁਰਬਾਣੀ ਅਨੁਸਾਰ ਤਾਂ

ਮਹਾਂਪੁਰਸ਼ਾਂ ਦੇ ਦਰਸ਼ਨ ਕਰਦਿਆਂ ਹੀ ਨਾਮ ਧੁਨੀ ਆਪਣੇ ਆਪ ਅੰਦਰ ਚਲ ਪੈਂਦੀ ਹੈ ਜਿਸ ਤਰ੍ਹਾਂ ਕਿ ਗੁਰੂ ਮਹਾਰਾਜ ਦਾ ਫੁਰਮਾਨ ਹੈ -

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ॥*
*ਮਨ ਕੀ ਕਟੀਐ ਮੈਲੁ ਸਾਧਸੰਗਿ ਵੁਠਿਆ॥ ਪੰਨਾ - 520*

ਗੁਰੂ ਮਹਾਰਾਜ ਜੀ ਨੇ ਆਪਣੇ ਮੁਖਾਰਬਿੰਦ ਤੋਂ ਜੀਵਾਂ ਦੇ ਉਧਾਰ ਲਈ ਬਚਨ ਕਰਨੇ ਅਤੇ ਭੋਗ ਪੈਣ ਉਪਰੰਤ ਲੰਗਰ ਵਿਚੋਂ ਜਲ ਪਾਣੀ ਛਕਣਾ ਅਤੇ ਫੇਰ ਸੰਗਤ ਨੇ ਆਪਣਾ ਕਾਰੋਬਾਰ ਨਿਭਾਉਣ ਵਾਸਤੇ ਚਾਲੇ ਪਾ ਦੇਣੇ, ਟਾਂਵੇ-ਟਾਂਵੇ ਯਾਤਰੀ ਦਿਨ ਵਿਚ ਆ ਜਾਇਆ ਕਰਦੇ ਸਨ ਅਤੇ ਬਚਨ ਸੁਣ ਕੇ ਨਿਹਾਲ ਹੋਇਆ ਕਰਦੇ ਸਨ। ਦੁਪਹਿਰ ਨੂੰ ਜਲ ਪਾਣੀ ਛਕ ਕੇ ਥੋੜ੍ਹੀ ਦੇਰ ਅਰਾਮ ਕਰਨਾ ਅਤੇ ਕਿਸੇ ਪ੍ਰੇਮੀ ਨੇ ਭਾਈ ਬਾਲਾ ਜੀ ਤੋਂ ਚੌਰ ਲੈ ਕੇ ਪੱਖਾ ਵੀ ਝਲਣਾ ਅਤੇ ਮੱਖੀ ਮੱਛਰ ਵੀ ਗੁਰੂ ਮਹਾਰਾਜ ਜੀ ਦੇ ਪਵਿੱਤਰ ਸਰੀਰ ਤੋਂ ਉਡਾ ਦੇਣਾ। ਥੋੜ੍ਹੀ ਦੇਰ ਅਰਾਮ ਕਰਕੇ ਆਪ ਨੇ ਇਸ਼ਨਾਨ ਕਰਨਾ, ਕੁਝ ਜਲ ਪਾਣੀ ਛਕਣਾ, ਐਨੇ ਚਿਰ ਵਿਚ ਸ਼ਾਮ ਦੇ ਬਚਨ ਸੁਣਨ ਵਾਲੀ ਸੰਗਤ ਵੀ ਆ ਜਾਇਆ ਕਰਦੀ ਸੀ। ਬਰਸਾਤ ਦੇ ਦਿਨ ਸਨ। ਗੁਰੂ ਮਹਾਰਾਜ ਜੀ ਨੇ ਦਿਨ ਦੇ ਚਾਨਣੇ ਵਿਚ ਹੀ ਆਪਣੇ ਬਚਨ ਸਮਾਪਤ ਕਰ ਦੇਣੇ ਅਤੇ ਪ੍ਰੇਮੀਆਂ ਨੇ ਦਿਨੇ-ਦਿਨੇ ਲੋਅ ਵਿਚ ਹਨ੍ਹੇਰਾ ਹੋਣ ਤੋਂ ਪਹਿਲਾਂ ਆਪਣੇ ਘਰਾਂ ਵਿਚ ਪਹੁੰਚ ਜਾਣਾ।

ਇਸ ਬਾਗ ਦਾ ਮਾਲਕ ਬਹੁਤ ਅੱਛਾ ਵਪਾਰੀ ਸੀ, ਉਸ ਦਾ ਸੁਭਾਅ ਰੂਹਾਨੀ ਸੀ ਅਤੇ ਮਿਠਬੋਲੜਾ ਸੀ ਚੰਗੇ ਬੰਦੇ ਇਸ ਨੂੰ ਪਿਆਰ ਹੀ ਕਰਦੇ ਸਨ। ਇਕ ਪ੍ਰੇਮੀ ਇਸ ਦਾ ਜਾਣੂੰ ਸੀ ਜਿਸ ਦੀ ਬਿਰਤੀ ਮਾਇਆਕਾਰ ਹੋਣ ਕਰਕੇ ਇਸ ਦੇ ਕਹਿਣ ਤੇ ਵੀ ਉਹ ਸਤਿਸੰਗ ਵਿਚ ਨਹੀਂ ਸੀ ਆਇਆ ਕਰਦਾ। ਸਤਿਸੰਗ ਵਿਚ ਹਰ ਕੋਈ ਨਹੀਂ ਆ ਸਕਦਾ, ਜਿਸ ਦੇ ਪੂਰਬਲੇ ਕਰਮਾਂ ਦੇ ਲੇਖ ਲਿਖੇ ਹੋਣ ਉਹੀ ਸਤਿਸੰਗ ਵਿਚ ਆ ਸਕਦਾ ਹੈ। ਗੁਰੂ ਮਹਾਰਾਜ ਦਾ ਫੁਰਮਾਨ ਹੈ -

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥ ਪੰਨਾ - 642*

ਅਤੇ ਜਿੰਨੀ ਦੇਰ ਤਕ ਪਿਛਲੇ ਜਨਮਾਂ ਦੇ ਕੀਤੇ ਕਰਮ ਫਲ ਨਹੀਂ ਦਿੰਦੇ ਉਨ੍ਹਾਂ ਚਿਰ ਆਦਮੀ ਸਤਿਸੰਗ ਵਿਚ ਨਹੀਂ ਆ ਸਕਦਾ। ਮਹਾਂਪੁਰਸ਼ਾਂ ਦਾ ਮਿਲਾਪ ਹੋਣਾ ਸ਼ੁਭ ਕਰਮਾਂ ਤੇ ਅਧਾਰਿਤ ਹੁੰਦਾ ਹੈ। ਅਚਾਨਕ ਮਹਾਂਪੁਰਸ਼ ਨਹੀਂ ਮਿਲਿਆ ਕਰਦੇ, ਪੂਰਬਲੇ ਕਰਮਾਂ ਵਿਚ ਲਿਖੇ ਲੇਖਾਂ ਦੇ ਫਲ ਕਰਕੇ ਮਹਾਂਪੁਰਸ਼ਾਂ ਦਾ ਮਿਲਾਪ ਹੋਇਆ ਕਰਦਾ ਹੈ –

*ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥* *ਪੰਨਾ – 204*

ਸੋ ਇਸ ਸ਼ਾਹੂਕਾਰ ਨੇ ਆਪਣੇ ਸਾਥੀ ਨੂੰ ਕਈ ਵਾਰੀ ਕਹਿਣਾ ਕਿ ਬਹੁਤ ਵੱਡੇ ਮਹਾਂਪੁਰਸ਼ ਐਉਂ ਸਮਝ ਰੱਬ ਵਰਗੇ ਹੀ ਆਏ ਹੋਏ ਹਨ ਜਿਨ੍ਹਾਂ ਦੇ ਬਚਨ ਸੁਣ ਕੇ ਕਪਾਟ ਖੁਲ੍ਹ ਜਾਂਦੇ ਹਨ। ਤੇਰੇ ਖਿਆਲ ਪ੍ਰਮੇਸ਼ਰ ਤੋਂ ਵਿਪਰੀਤ ਹਨ ਇਨ੍ਹਾਂ ਵਿਚ ਸੁਖ ਨਹੀਂ ਹੋਇਆ ਕਰਦਾ, ਸੁਖ ਉਥੋਂ ਹੀ ਸਭ ਨੂੰ ਮਿਲਦੇ ਹਨ। ਮਾਇਆ ਵਿਚ ਤਾਂ ਦੁਖ ਹੀ ਦੁਖ ਮਿਲਦੇ ਹਨ, ਬੇਚੈਨੀ ਮਿਲਦੀ ਹੈ, (ਨਿਰਾਸ਼ਾ) frustration ਮਿਲਦੀ ਹੈ, ਤ੍ਰਿਸ਼ਨਾਂ ਦੀ ਅੱਗ ਜਲਾ ਦਿੰਦੀ ਹੈ, ਵੈਰ, ਵਿਰੋਧ ਦੀਆਂ ਅਗਨੀਆਂ ਸਦਾ ਹੀ ਉਸ ਨੂੰ ਭਸਮ ਕਰਦੀਆਂ ਹਨ। ਜੇ ਸੁਖ ਹੈ ਤਾਂ ਉਹ ਸਤਿਸੰਗ ਵਿਚੋਂ ਹੀ ਪ੍ਰਾਪਤ ਹੁੰਦਾ ਹੈ।

ਸਤਿਸੰਗ ਵਿਚ ਪ੍ਰਭੂ ਦੇ ਗੁਣ ਗਾਏ ਜਾਂਦੇ ਹਨ, ਨਾਮ ਜਪਣ ਦੀ ਪ੍ਰੇਰਨਾ ਹੁੰਦੀ ਹੈ, ਸਾਰੇ ਸੁਖ ਨਾਮ ਵਿਚ ਹਨ, ਸੰਸਾਰ ਇਸ ਨੂੰ ਨਹੀਂ ਜਾਣਦਾ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਐਸਾ ਜਗੁ ਦੇਖਿਆ ਜੂਆਰੀ॥*
*ਸਭਿ ਸੁਖ ਮਾਗੈ ਨਾਮੁ ਬਿਸਾਰੀ॥* *ਪੰਨਾ – 222*

ਸੁਖ ਕੇਵਲ ਵਾਹਿਗੁਰੂ ਜੀ ਦੀ ਭਗਤੀ ਵਿਚ ਹੈ, ਬਾਕੀ ਚੀਜ਼ਾਂ ਵਿਚ ਸੁਖ ਨਹੀਂ ਹੈ। ਵੱਡੀਆਂ–ਵੱਡੀਆਂ ਪ੍ਰਾਪਟੀਆਂ, ਬੇਅੰਤ ਧਨ, ਸੋਨੇ ਚਾਂਦੀ ਦੇ ਬਰਤਨ, ਅਨੇਕ ਕਿਸਮ ਦੇ ਭੋਗ, ਰਿਧੀਆਂ ਸਿੱਧੀਆਂ ਇਹ ਸੁਖ ਨਹੀਂ ਦਿਆ ਕਰਦੀਆਂ। ਆਦਮੀ ਦੇ ਅੰਦਰ ਜੋ ਕਮਲ ਫੁਲ ਹੋਇਆ ਕਰਦਾ ਹੈ ਉਹ ਕਮਲ ਫੁਲ ਚਿੰਤਾਵਾਂ ਦੇ ਬੋਝ ਦਾ ਲੱਦਿਆ ਹੁੰਦਾ ਹੈ ਪਰ ਜਦੋਂ ਬੰਦਗੀ ਕਰਦਾ ਹੈ ਤਾਂ ਉਹ ਕਮਲ ਫੁੱਲ ਖਿੜ ਜਾਂਦਾ ਹੈ –

*ਸੁਖ ਨਾਹੀ ਰੇ ਹਰਿ ਭਗਤਿ ਬਿਨਾ॥*
*ਜੀਤਿ ਜਨਮੁ ਇਹੁ ਰਤਨੁ ਅਮੋਲਕੁ*
*ਸਾਧਸੰਗਤਿ ਜਪਿ ਇਕ ਖਿਨਾ॥*
*ਸੁਤ ਸੰਪਤਿ ਬਨਿਤਾ ਬਿਨੋਦ॥*
*ਛੋਡਿ ਗਏ ਬਹੁ ਲੋਗ ਭੋਗ॥* *ਪੰਨਾ - 210*

ਇਸ ਤਰ੍ਹਾਂ ਦੀ ਸੁਮੱਤ ਦਿੰਦਿਆਂ ਕਿੰਨਾਂ ਹੀ ਸਮਾਂ ਲੰਘ ਗਿਆ। ਇਕ ਦਿਨ ਉਸ ਨੇ ਕਿਹਾ ਕਿ ਮੈਂ ਤੇਰੇ ਨਾਲ ਚਲਾਂਗਾ। ਜਿਸ ਥਾਂ ਗੁਰੂ ਨਾਨਕ ਪਾਤਸ਼ਾਹ ਰਹਿੰਦੇ ਸੀ ਉਸ ਰਸਤੇ ਵਿਚ ਇਕ ਬਸਤੀ ਸੀ ਜਿਥੇ ਇਕ ਵੇਸਵਾ ਰਹਿੰਦੀ ਜੋ ਮੰਦ ਕਰਮ ਕਰਕੇ ਲੋਕਾਂ ਨੂੰ ਨਰਕਾਂ ਦੇ ਟਿਕਟ ਦਿਵਾਇਆ ਕਰਦੀ ਸੀ। ਜਦੋਂ ਸ਼ਾਹੂਕਾਰ ਨੇ ਆਪਣੇ ਸਾਥੀ ਨੂੰ ਕਿਹਾ ਕਿ ਚਲ, ਤਾਂ ਇਸ ਨੂੰ ਵਿਸ਼ਿਆਂ ਦੀ ਖਿੱਚ ਨੇ ਬੰਨ੍ਹ ਲਿਆ ਅਤੇ ਕਹਿਣ ਲੱਗਿਆ ਕਿ ਤੂੰ ਜਾਹ, ਮੈਂ ਫੇਰ ਕਿਸੇ ਦਿਨ ਚਲਾਂਗਾ। ਇਸ ਨੇ ਇਸ ਪਾਮਰ ਬੰਦੇ ਨੂੰ ਬਹੁਤ ਸਮਝਾਇਆ ਕਿ ਇਹ ਗਲਤ ਕੰਮ ਤੈਨੂੰ ਨਰਕਾਂ ਵਿਚ ਪਹੁੰਚਾ ਦੇਣਗੇ। ਸਤਿਗੁਰੂ ਜੀ ਦਸਦੇ ਹਨ ਕਿ ਉਥੇ ਲੇਖਾ ਪੱਤਾ ਹੁੰਦਾ ਹੈ, ਫੇਰ ਜੀਵ ਨੂੰ ਪਛਤਾਉਣਾ ਪੈਂਦਾ ਹੈ -

*ਨਾਨਕ ਆਖੈ ਰੇ ਮਨਾ ਸੁਣੀਐ ਸਿਖ ਸਹੀ॥*
*ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥*
*ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ॥*
*ਅਜਰਾਈਲੁ ਫਰੇਸਤਾ ਹੋਸੀ ਆਇ ਤਈ॥*
*ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ॥*
*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥* *ਪੰਨਾ - 953*

ਇਹ ਜੀਵ ਇਥੇ ਬਿਰਥਾ ਜਨਮ ਗੁਆ ਦਿੰਦਾ ਹੈ ਪਰ ਜਦੋਂ ਦਰਗਾਹ ਵਿਚ ਜਾ ਕੇ ਲੇਖੇ ਪੱਤੇ ਦੇਣੇ ਪੈਂਦੇ ਹਨ ਫੇਰ ਰੋਂਦਾ ਹੈ। ਉਹ ਕਹਿਣ ਲੱਗਿਆ ਕਿ ਮੇਰੇ ਸਤਿਗੁਰੂ ਦਾ ਫੁਰਮਾਨ ਹੈ -

*ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ।।*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥*
*ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥*
*ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ॥*
*ਮਨਿ ਅੰਧੈ ਜਨਮੁ ਗਵਾਇਆ॥* *ਪੰਨਾ - 464*

ਦੁਨੀਆਂ ਵਿਚ ਆਦਮੀ ਭੁੱਲਿਆ ਹੋਇਆ ਇਥੇ ਹੀ ਚੀਜ਼ਾਂ ਜੋੜਦਾ ਹੈ, ਸੋਹਣੇ ਕਪੜੇ ਪਾਉਂਦਾ ਹੈ, ਰੂਪ ਨੂੰ ਸ਼ਿੰਗਾਰਦਾ ਹੈ ਅਤੇ ਪ੍ਰਮੇਸ਼ਰ ਦਾ ਨਾਮ ਭੁੱਲ ਕੇ ਵੀ ਨਹੀਂ ਲੈਂਦਾ। ਜਦੋਂ ਜਾ ਕੇ ਦਰਗਾਹ ਵਿਚ ਹਿਸਾਬ ਕਿਤਾਬ ਹੁੰਦੇ ਹਨ, ਫੇਰ ਜਿੰਦੜੀ ਰੋਂਦੀ ਹੈ ਅਤੇ ਉਸ ਦੀ ਪੁਕਾਰ ਨੂੰ ਕੋਈ ਨਹੀਂ ਸੁਣਦਾ। ਫੇਰ ਇਹ ਜੀਵ ਉਥੇ ਨੰਗਾ ਜਾਂਦਾ ਹੈ ਕਿਉਂਕਿ ਸਾਰੇ ਪਾਪ ਇਸ ਦੇ ਸੂਖਸ਼ਮ ਸਰੀਰ ਉਤੇ ਛਪੇ ਹੁੰਦੇ ਹਨ ਜਿਵੇਂ ਵੀਡੀਓ ਰੀਲ ਉਤੇ ਫਿਲਮ ਪ੍ਰਿੰਟ ਹੋ ਜਾਂਦੀ ਹੈ ਅਤੇ ਜਦੋਂ ਟੀ.ਵੀ. ਤੇ ਲਗਾ ਕੇ ਕਿਸੇ ਦੇ ਮੰਦੇ ਕਰਮ ਦਿਖਾਏ ਜਾਂਦੇ ਹਨ ਤਾਂ ਇਸ ਨੂੰ ਸ਼ਰਮਿੰਦਾ ਹੋਣਾ ਪੈਂਦਾ ਹੈ। ਦਰਗਾਹ ਵਿਚ ਤਾਂ ਹੋਣਾ ਹੀ ਪੈਂਦਾ ਹੈ ਕਿਉਂਕਿ ਇਨ੍ਹਾਂ ਮੰਦ ਕਰਮਾਂ ਦਾ ਲੇਖਾ ਇਸ ਤਰ੍ਹਾਂ ਲਿਆ ਜਾਂਦਾ ਹੈ –

***ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ॥***
***ਪੰਨਾ – 473***

ਪਰ ਉਹ ਇਕ ਕੰਨ 'ਚੋਂ ਸੁਣ ਕੇ, ਦੂਜੇ ਵਿਚੋਂ ਕੱਢ ਦਿੰਦਾ। ਅੱਜ ਇਹ ਦੋਵੇਂ ਜਣੇ ਕਾਰੋਬਾਰ ਤੋਂ ਵਿਹਲੇ ਹੋ ਕੇ ਇੱਕਠੇ ਹੀ ਆ ਰਹੇ ਸਨ। ਸ਼ਾਹੂਕਾਰ ਦਾ ਸਾਥੀ ਕਹਿਣ ਲੱਗਿਆ ਕਿ ਅੱਜ ਮੈਂ ਤੇਰੇ ਨਾਲ ਜ਼ਰੂਰ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਕਰਨ ਜਾਵਾਂਗਾ। ਪਰ ਜਦੋਂ ਰਾਹ ਵਿਚ ਆਇਆ ਤਾਂ ਵਿਸ਼ਿਆਂ ਦੇ ਵਸ ਆਇਆ ਹੋਇਆ ਕਹਿਣ ਲੱਗਿਆ ਕਲ੍ਹ ਨੂੰ ਚਲਾਂਗਾ ਪਰ ਵਾਪਸ ਇਕੱਠੇ ਹੀ ਮੁੜਾਂਗੇ। ਜੇ ਮੈਂ ਪਹਿਲਾਂ ਆ ਗਿਆ ਤਾਂ ਮੈਂ ਤੇਰੀ ਇਸ ਵੱਡੇ ਦਰਖਤ ਥੱਲੇ ਤੇਰੀ ਉਡੀਕ ਕਰਾਂਗਾ, ਜੇ ਤੂੰ ਪਹਿਲਾਂ ਆ ਗਿਆ ਤਾਂ ਤੂੰ ਮੇਰਾ ਇੰਤਜ਼ਾਰ ਕਰੀਂ।

ਅੱਜ ਜਦੋਂ ਉਹ ਘਰ ਕਾਰੋਬਾਰ ਖਤਮ ਕਰਕੇ ਚੱਲਿਆ ਤਾਂ ਉਸ ਬਸਤੀ ਵਿਚ ਜਦੋਂ ਵੇਸਵਾ ਦੇ ਘਰ ਗਿਆ ਤਾਂ ਉਹ ਬੀਬੀ ਤਾਲਾ ਲਾ ਕੇ ਕਿਸੇ ਹੋਰ ਥਾਂ ਗਈ ਹੋਈ ਸੀ। ਸ਼ਰਾਬ ਦਾ ਠੇਕਾ ਭੀ ਬੰਦ ਸੀ। ਇਹ ਛੇਤੀ ਹੀ ਦਰਖਤ ਥੱਲੇ ਆ ਕੇ ਸ਼ਾਹੂਕਾਰ ਦਾ ਇੰਤਜ਼ਾਰ ਕਰਨ ਲੱਗਿਆ। ਉਥੇ ਬੈਠੇ-ਬੈਠੇ ਨੇ ਇਕ ਤਿਖੀ ਨੋਕ ਵਾਲਾ ਸਖਤ ਡੰਡਾ ਚੁਕਿਆ, ਜਿਸ ਦਾ ਅਗਲਾ ਪਾਸਾ ਕਾਫੀ ਤਿੱਖਾ ਸੀ, ਮੀਂਹ ਪਿਆ ਹੋਣ ਕਰਕੇ ਧਰਤੀ ਨਰਮ ਸੀ ਅਤੇ ਇਹ ਤਿੱਖੇ ਡੰਡੇ ਨਾਲ ਧਰਤੀ ਫਰੋਲਣ ਲਗ ਗਿਆ। ਡੰਡੇ ਦਾ ਮੂੰਹ ਕਿਸੇ ਸਖਤ ਚੀਜ਼ ਨਾਲ ਜਾ ਲੱਗਿਆ ਉਸ ਨੇ ਹੌਲੀ-ਹੌਲੀ ਥਾਂ ਪੁੱਟਣਾ ਸ਼ੁਰੂ ਕਰ

ਲਿਆ ਤਾਂ ਉਸ ਵਿਚੋਂ ਇਕ ਗਾਗਰ ਨਿਕਲੀ। ਜਦੋਂ ਇਸ ਨੇ ਦੇਖਿਆ ਤਾਂ ਉਸ ਵਿਚ ਸਾਰੇ ਕੋਲੇ ਭਰੇ ਹੋਏ ਸਨ, ਅਤੇ ਇਕ ਮੋਹਰ ਸਾਬਤ ਸੀ। ਉਧਰੋਂ ਜਦੋਂ ਸਤਿਸੰਗ ਦੀ ਸਮਾਪਤੀ ਹੋਈ ਤਾਂ ਸੇਠ ਆਪਣੇ ਘਰ ਨੂੰ ਚੱਲਿਆ ਤਾਂ ਰਸਤੇ ਵਿਚ ਇਕ ਕਰੌਂਦੇ ਦਾ ਕੰਡਾ ਪਿਆ ਸੀ ਜੋ ਇਸ ਦੇ ਪੈਰ ਵਿਚ ਜੁੱਤੀ ਵਿਚੋਂ ਨਿਕਲ ਕੇ ਮਾਸ ਵਿਚ ਚਲਿਆ ਗਿਆ। ਬਹੁਤ ਤਕਲੀਫ ਹੋਈ ਇਸ ਨੇ ਕੰਡਾ ਕੱਢਿਆ ਅਤੇ ਖ਼ੂਨ ਚਲ ਪਿਆ। ਇਸ ਨੇ ਆਪਣੀ ਦਸਤਾਰ ਤੋਂ ਕੱਪੜਾ ਪਾੜ ਕੇ ਬੰਨ੍ਹ ਲਿਆ ਅਤੇ ਲੰਗ ਮਾਰਦਾ ਸੋਟੀ ਦੇ ਸਹਾਰੇ ਉਸ ਦਰਖਤ ਕੋਲ ਪਹੁੰਚ ਗਿਆ। ਜਦੋਂ ਦਰਖਤ ਥੱਲੇ ਆਇਆ ਤਾਂ ਆਪਣੇ ਸਾਥੀ ਨੂੰ ਬਹੁਤ ਖੁਸ਼ ਦੇਖਿਆ। ਉਹ ਇਸ ਨੂੰ ਦੇਖ ਕੇ ਬਹੁਤ ਹੱਸਿਆ ਅਤੇ ਕਹਿਣ ਲੱਗਿਆ ਕਿ ਅੱਜ ਤੂੰ ਆਪੇ ਹੀ ਨਿਰਣਾ ਕਰ ਲੈਂ। ਮੇਰੇ ਕੰਮਾਂ ਨੂੰ ਮਾੜਾ ਕਹਿੰਦਾ ਸੀ, ਅੱਜ ਦੇਖ ਮੈਨੂੰ ਮੋਹਰ ਮਿਲੀ ਹੈ ਅਤੇ ਤੂੰ ਸਤਿਸੰਗ ਕਰਕੇ ਆਇਆਂ ਹੈਂ ਤੇ ਤੇਰੇ ਸੂਲ ਲੱਗੀ ਹੈ, ਲੰਗੜਾਉਂਦਾ ਆ ਰਿਹਾ ਹੈਂ। ਤੂੰ ਆਪ ਹੀ ਦਸ ਫਲ ਕਿਸਦਾ ਜ਼ਿਆਦਾ ਹੋਇਆ?

ਉਸ ਵੇਲੇ ਉਹ ਗੁਰਮੁਖ ਪਿਆਰਾ ਕਹਿਣ ਲੱਗਿਆ ਕਿ ਮੈਂ ਤਾਂ ਤ੍ਰਿਕਾਲਦਰਸ਼ੀ ਨਹੀਂ ਹਾਂ। ਮੇਰੇ ਸਤਿਗੁਰੂ ਸਭ ਕੁਝ ਜਾਣਦੇ ਹਨ, ਤੂੰ ਨਿਰਣਾ ਕਰਾਉਣ ਲਈ ਇਸ ਤਰ੍ਹਾਂ ਕਰ ਕਿ ਮੇਰੇ ਨਾਲ ਵਾਪਸ ਚਲ।

ਦੋਵੇਂ ਜਣੇ ਗੁਰੂ ਮਹਾਰਾਜ ਜੀ ਕੋਲ ਆ ਗਏ। ਗੁਰੂ ਮਹਾਰਾਜ ਦੇਖ ਕੇ ਮੁਸਕਰਾ ਪਏ ਅਤੇ ਇਨ੍ਹਾਂ ਨੇ ਨਮਸ਼ਕਾਰ ਕੀਤੀ। ਮਹਾਰਾਜ ਜੀ ਨੇ ਛੇਤੀ ਵਾਪਸ ਆਉਣ ਦਾ ਕਾਰਨ ਪੁਛਿਆ ਤਾਂ ਉਸ ਨੇ ਦਸਿਆ ਕਿ ਪਾਤਸ਼ਾਹ! ਇਹ ਹੈ ਤਾਂ ਮੇਰਾ ਮਿਤਰ ਮੈਂ ਇਸ ਨੂੰ ਰੋਜ਼ ਸਤਿਸੰਗ ਵਿਚ ਆਉਣ ਲਈ ਕਹਿੰਦਾ ਰਹਿੰਦਾ ਸੀ। ਪਰ ਇਹ ਰਸਤੇ ਵਿਚੋਂ ਹੀ ਵੇਸਵਾ ਕੋਲ ਚਲਿਆ ਜਾਂਦਾ ਸੀ ਅਤੇ ਮੈਂ ਸਤਿਸੰਗ ਵਲ ਨੂੰ ਆ ਜਾਂਦਾ ਸੀ। ਸੋ ਅੱਜ ਅਸੀਂ ਫੈਸਲਾ ਕਰਿਆ ਕਿ ਜੇ ਪਹਿਲਾਂ ਇਹ ਆਵੇਗਾ ਤਾਂ ਦਰਖਤ ਥੱਲੇ ਮੇਰਾ ਇੰਤਜ਼ਾਰ ਕਰੇਗਾ ਜੇ ਮੈਂ ਆ ਗਿਆ ਤਾਂ ਮੈਂ ਇਸ ਦਾ ਇੰਤਜ਼ਾਰ ਕਰਾਂਗਾ। ਇਹ ਮੇਰੇ ਤੋਂ ਪਹਿਲਾਂ ਦਰਖਤ ਥੱਲੇ ਪਹੁੰਚ ਗਿਆ, ਮੀਂਹ ਪਿਆ ਹੋਇਆ ਸੀ ਧਰਤੀ ਪੋਲੀ ਸੀ ਇਹ ਡੰਡੇ ਨਾਲ ਉਹ ਥਾਂ ਨੂੰ ਸਹਿਜੇ ਹੀ ਪੁੱਟਣ ਲਗ ਗਿਆ। ਉਥੋਂ ਇਕ ਗਾਗਰ ਨਿਕਲੀ। ਉਸ ਵਿਚ ਬਾਕੀ ਤਾਂ ਕੋਲੇ ਭਰੇ ਹੋਏ

ਸਨ, ਸਿਰਫ ਇਕ ਮੋਹਰ ਸਾਬਤ ਸੀ। ਸੱਚੇ ਪਾਤਸ਼ਾਹ! ਜਿਸ ਵਕਤ ਮੈਂ ਸਤਿਸੰਗ 'ਚੋਂ ਗਿਆ ਇਕ ਬਹੁਤ ਹੀ ਸਖਤ ਕੰਡਾ ਮੇਰੇ ਪੈਰ ਵਿਚ ਲੱਗਿਆ ਅਤੇ ਮੈਂ ਲੰਗ ਮਾਰਦਾ ਇਸ ਕੋਲ ਪਹੁੰਚਿਆ। ਇਸ ਨੇ ਕਿਹਾ ਕਿ ਤੂੰ ਸਤਿਸੰਗ ਕਰਦਾ ਹੈਂ, ਜੋ ਫਲ ਤੈਨੂੰ ਮਿਲਿਆ ਹੈ, ਉਹ ਦੁਖ ਹੈ, ਜੋ ਫਲ ਮੈਨੂੰ ਮਿਲਿਆ ਹੈ ਉਹ ਤੇਰੇ ਸਾਮ੍ਹਣੇ ਮੋਹਰ ਮੇਰੇ ਹੱਥ ਵਿਚ ਹੈ। ਸੱਚੇ ਪਾਤਸ਼ਾਹ! ਆਪ ਤ੍ਰਿਕਾਲਦਰਸ਼ੀ ਹੋ, ਭੂਤ, ਭਵਿੱਖਤ, ਵਰਤਮਾਨ ਬਾਰੇ ਆਪ ਜਾਣਦੇ ਹੋ। ਸਾਡੇ ਚੰਗੇ ਮੰਦੇ ਕਰਮਾਂ ਬਾਰੇ ਆਪ ਨੂੰ ਗਿਆਤ ਹੈ, ਕ੍ਰਿਪਾ ਕਰਕੇ ਆਪ ਹੀ ਇਸ ਪ੍ਰਸ਼ਨ ਦਾ ਸਮਾਧਾਨ ਕਰਨ ਦੀ ਖੇਚਲ ਕਰੋ।

ਗੁਰੂ ਮਹਾਰਾਜ ਨੇ ਕਿਹਾ ਕਿ ਜਦੋਂ ਜੀਵ ਸੰਸਾਰ ਵਿਚ ਆਉਂਦਾ ਹੈ ਤਾਂ ਉਸ ਦੇ ਨਾਲ ਚੰਗੇ ਮੰਦੇ ਕਰਮ ਪਰਾਲਬਧ ਦੇ ਰੂਪ ਵਿਚ ਭੇਜੇ ਜਾਂਦੇ ਹਨ। ਜੀਵ ਦੇ ਅਖਤਿਆਰ ਹੈ ਕਿ ਇਨ੍ਹਾਂ ਚੰਗੇ ਕਰਮਾਂ ਦੇ ਫਲ ਨੂੰ ਬੁਰੇ ਕਰਮ ਕਰਕੇ ਘਟਾ ਲਵੇ ਜਾਂ ਫੇਰ ਇਹ ਵੀ ਹੈ ਕਿ ਬੁਰੇ ਕਰਮਾਂ ਦੇ ਫਲ ਨੂੰ ਸ਼ੁਭ ਕਰਮ ਕਰਕੇ ਖਤਮ ਵੀ ਕਰ ਲਵੇ। ਗੁਰੂ ਮਹਾਰਾਜ ਨੇ ਦਸਿਆ ਕਿ ਇਸ ਨੇ ਪਿਛਲੇ ਜਨਮ ਵਿਚ ਮਹਾਂਪੁਰਸ਼ ਜੋ ਪੂਰਨ ਅਭੇਦ ਅਵਸਥਾ ਦੇ ਸਨ ਉਨ੍ਹਾਂ ਨੂੰ ਇਕ ਮੋਹਰ ਦਾਨ ਕੀਤੀ ਸੀ, ਇਸ ਦਾ ਦਾਨ ਖੂਬ ਫਲਿਆ ਇਸ ਨੂੰ ਅਗਲੇ ਜਨਮ ਵਿਚ ਮੋਹਰਾਂ ਦੀ ਭਰੀ ਹੋਈ ਗਾਗਰ ਮਿਲਣੀ ਸੀ। ਪਰ ਇਸ ਨੇ ਮੰਦ ਕਰਮ ਕਰਕੇ ਸਾਰੀਆਂ ਮੋਹਰਾਂ ਸੁਆਹ ਬਣਾ ਦਿਤੀਆਂ ਅਤੇ ਜੋ ਮੂਲ ਰੂਪ ਵਿਚ ਮੋਹਰ ਇਸ ਨੇ ਦਾਨ ਕੀਤੀ ਸੀ ਉਹ ਬਚੀ ਰਹਿ ਗਈ। ਤੇਰੇ ਪਿਛਲੇ ਕਰਮ ਐਸੇ ਸਨ ਕਿ ਅੱਜ ਦੇ ਦਿਨ ਤੈਨੂੰ ਸੂਲੀ ਮਿਲਣੀ ਸੀ ਪਰ ਤੂੰ ਬਹੁਤ ਸ਼ਰਧਾ ਨਾਲ ਸਤਿਸੰਗ ਕਰਿਆ, ਪ੍ਰਭੂ ਦੀ ਭਗਤੀ ਵਿਚ ਤੇਰਾ ਮਨ ਲੱਗਿਆ, ਸਤਿਸੰਗ ਦੀ ਤੇਰੇ ਉਪਰ ਮਿਹਰ ਹੋਈ, ਉਸ ਮਿਹਰ ਦੇ ਸਦਕੇ ਤੈਂ ਅੱਜ ਚਲਾਣਾ ਕਰ ਜਾਣਾ ਸੀ। ਉਹ ਸਤਿਸੰਗ ਦੇ ਫਲ ਕਰਕੇ ਤੈਨੂੰ ਹੋਰ ਆਯੂ ਮਿਲ ਗਈ। ਜਿਸ ਸੂਲੀ ਨਾਲ ਤੂੰ ਮਰਨਾ ਸੀ ਉਹ ਸੂਲੀ ਤੇਰੇ ਸੂਲ ਦਾ ਰੂਪ ਬਣ ਕੇ ਪੈਰ ਵਿਚ ਚੁਭ ਗਈ. ਤੂੰ ਸ਼ੁਭ ਕਰਮ ਕਰਕੇ ਅਸ਼ੁਭ ਕਰਮਾਂ ਦੇ ਫਲ ਨੂੰ ਘਟਾ ਦਿਤਾ। ਇਸ ਨੇ ਅਸ਼ੁਭ ਕਰਮ ਕਰਕੇ ਸ਼ੁਭ ਕਰਮਾਂ ਦੇ ਫਲ ਨੂੰ ਖਤਮ ਕਰ ਦਿਤਾ।

ਸੋ ਮੈਂ ਭਾਈ ਕੁਲਦੀਪ ਸਿੰਘ ਸ਼ੇਰ ਗਿੱਲ ਦੀ ਗੱਲ ਕਰ ਰਿਹਾ ਸੀ। ਜਦੋਂ ਮੈਂ ਇਹ ਗੱਲ ਸੁਣੀ ਕਿ ਉਹ Shoot ਕਰਨ ਨੂੰ ਤਿਆਰ

ਹੈ ਤਾਂ ਮੈਂ ਉਸ ਨੂੰ ਸਮਝਾਇਆ ਕਿ ਇਕ ਹਫਤਾ ਠਹਿਰ ਜਾ, ਮੈਂ ਤੈਨੂੰ ਜਪੁਜੀ ਸਾਹਿਬ ਦੇ ਪਾਠ ਕਰਨ ਨੂੰ ਕਹਿੰਦਾ ਹਾਂ। ਤੂੰ 25 ਪਾਠ ਰੋਜ਼ ਕਰ ਲਿਆ ਕਰ। ਤੇਰੇ ਕਸ਼ਟ ਗੁਰੂ ਮਹਾਰਾਜ ਜੀ ਕੱਟ ਦੇਣਗੇ। ਮੈਨੂੰ ਪੂਰਨ ਵਿਸ਼ਵਾਸ਼ ਹੈ ਕਿ ਜੋ ਸਭ ਕੁਝ ਛੱਡ ਕੇ ਗੁਰੂ ਮਹਾਰਾਜ ਜੀ ਦੀ ਆਸ ਰਖਦਾ ਹੈ, ਸੱਚੇ ਦਿਲੋਂ ਸ਼ਰਨ ਲੈਂਦਾ ਹੈ ਉਸ ਦੇ ਰੋਗ ਅਤੇ ਦੁਖ ਦੂਰ ਹੋ ਜਾਂਦੇ ਹਨ। ਤੂੰ ਸ਼ਰਧਾ ਨਾਲ ਜਪੁਜੀ ਸਾਹਿਬ ਦਾ ਪਾਠ ਕਰੀਂ, ਜਲ ਪੀ ਲਿਆ ਕਰੀਂ। ਇਸ ਜਲ ਉਪਰ ਜਦੋਂ ਬਾਣੀ ਦਾ ਪਾਠ ਕੀਤਾ ਜਾਂਦਾ ਹੈ ਤਾਂ ਇਹ ਮਹਾਨ ਸ਼ਕਤੀਸ਼ਾਲ ਹੋ ਜਾਂਦਾ ਹੈ।

ਹਫਤੇ ਬਾਅਦ ਮੈਨੂੰ ਕੁਲਦੀਪ ਸਿੰਘ ਦਾ ਫੋਨ ਆਇਆ ਤਾਂ ਉਸ ਨੇ ਦਸਿਆ ਕਿ ਮੈਂ ਬਿਲਕੁਲ ਰਾਜ਼ੀ ਹੋ ਰਿਹਾ ਹਾਂ। ਭਾਈ ਸਤਨਾਮ ਸਿੰਘ ਜੀ ਅਟਵਾਲ ਸਨਹੋਜ਼ੇ ਵਾਲੇ ਨੇ ਵੀ ਇਸ ਨੂੰ ਹੌਂਸਲਾ ਦਿਤਾ। ਉਹ ਛੇਤੀ ਹੀ ਰਾਜ਼ੀ ਹੋ ਕੇ ਅਮਰਾਕਾ ਤੋਂ ਰਤਵਾੜਾ ਸਾਹਿਬ ਆ ਗਿਆ। ਇਥੇ ਉਸ ਨੇ ਕਈ ਦਿਨ ਠਹਿਰ ਕੇ ਸੇਵਾ ਕੀਤੀ। ਉਸ ਨੇ ਸੰਗਤ ਵਿਚ ਦਸਿਆ ਕਿ ਮੈਨੂੰ ਕਿੰਨੇ ਮਹੀਨੇ ਤੋਂ ਨੀਂਦ ਨਹੀਂ ਸੀ ਆਈ, ਕੋਈ ਦਵਾਈ ਅਸਰ ਨਹੀਂ ਸੀ ਕਰ ਰਹੀ ਅਤੇ ਮੈਂ ਸੁਕ ਗਿਆ, ਕਮਜ਼ੋਰ ਹੋ ਗਿਆ ਅਤੇ ਸੋਚਣ ਲੱਗਿਆ ਕਿ ਮੈਂ ਆਪਣੇ ਸਰੀਰ ਦਾ ਖਾਤਮਾ ਕਰ ਲਵਾਂ ਪਰ ਗੁਰਬਾਣੀ ਨੇ ਮੇਰੇ ਸਾਰੇ ਰੋਗ ਕੱਟ ਦਿਤੇ।

ਉਹ ਇਥੋਂ ਸੇਵਾ ਕਰਕੇ ਚਲਿਆ ਗਿਆ। ਉਸ ਨੇ ਫੋਨ ਤੇ ਦਸਿਆ ਕਿ ਪਹਿਲਾਂ ਮੈਨੂੰ ਨੀਂਦ ਨਹੀਂ ਆਉਂਦੀ ਸੀ, ਹੁਣ ਇਹ ਹੋ ਗਿਆ ਹੈ ਕਿ ਮੈਨੂੰ ਜਾਗ ਨਹੀਂ ਆਉਂਦੀ। ਇਹ ਨੌਜਵਾਨ ਬੱਚਾ ਬਹੁਤ ਹੀ ਨੇਕ ਦਿਲ ਵਾਲਾ, ਸੇਵਾ ਦੀ ਮੂਰਤੀ, ਪਿਆਰ ਦਾ ਵਜੂਦ ਹੈ। ਆਪਣੇ ਸਾਰੇ ਸਾਥੀਆਂ ਨੂੰ ਆਪਣੇ ਪਿਆਰ ਨਾਲ ਮੋਹ ਲੈਂਦਾ ਹੈ। ਇਸ ਦੇ ਸਾਥੀ ਸਾਰੇ ਇਕੱਠੇ ਹੋ ਕੇ ਭਾਈ ਸਤਨਾਮ ਸਿੰਘ ਜੀ ਅਟਵਾਲ ਦੇ ਘਰ ਵਾਹਿਗੁਰੂ ਮੰਤਰ ਦਾ ਜਾਪ ਕਰਦੇ ਹਨ। ਡੇਢ ਘੰਟਾ ਨਾਮ ਸਿਮਰਨ ਹਰ ਐਤਵਾਰ ਅੰਮ੍ਰਿਤ ਵੇਲੇ ਕਰਨ ਕਰਕੇ ਗੁਰੂ ਮਹਾਰਾਜ ਜੀ ਦੀ ਬੜੀ ਕ੍ਰਿਪਾ ਹੈ ਕਿ ਨਾਮ ਜਪਣ ਦਾ ਮੰਡਲ ਕਾਇਮ ਹੋਇਆ ਹੋਇਆ ਹੈ।

ਸੋ ਭਾਈ ਕੁਲਦੀਪ ਸਿੰਘ ਜੀ ਨੇ ਕਿਹਾ ਕਿ ਅੱਜ ਮੇਰੇ ਘਰ ਜਥਾ ਆਸਾ ਜੀ ਦੀ ਵਾਰ ਦਾ ਕੀਰਤਨ ਕਰੇ। ਮੈਂ ਦੂਸਰੇ ਦਿਨ

ਟਰਲੋਕ ਤੋਂ ਚਲ ਕੇ ਕਾਫੀ ਪੈਂਡਾ ਕੱਟ ਕੇ ਦਸ ਵਜੇ ਘਰ ਪਹੁੰਚਿਆ, ਆਸਾ ਜੀ ਦੀ ਵਾਰ ਦੀ ਸਮਾਪਤੀ ਹੋ ਚੁਕੀ ਸੀ। ਸੰਗਤ ਅਜੇ ਉਥੇ ਹੀ ਸੀ। ਸਾਰਿਆਂ ਨੂੰ ਪਿਆਰ ਨਾਲ ਮਿਲਿਆ। ਇਸ ਸ਼ਹਿਰ ਵਿਚ Freemount ਗੁਰਦੁਆਰਾ ਬਹੁਤ ਹੀ ਸੁੰਦਰ ਬਣਿਆ ਹੋਇਆ ਹੈ ਪਰ ਇਸ ਥਾਂ ਕੋਈ ਨਾ ਕੋਈ ਝਗੜਾ ਖੜਾ ਹੀ ਰਹਿੰਦਾ ਹੈ। ਪਤਾ ਨਹੀਂ ਕਲਜੁਗ ਨੇ ਆਪਣਾ ਵਾਸਾ ਕਿਵੇਂ ਕੀਤਾ ਹੋਇਆ ਹੈ। ਇਸ ਗੁਰਦੁਆਰੇ ਦੀ ਕਮੇਟੀ ਦੇ ਪ੍ਰੇਮੀ ਟਰਲੋਕ ਆਏ ਸਨ ਉਨ੍ਹਾਂ ਨਾਲ ਮੇਰੀ ਗੱਲਬਾਤ ਹੋਈ ਸੀ। ਉਹ ਇਹ ਗੱਲ ਕਹਿੰਦੇ ਸਨ ਕਿ ਸਾਡੇ ਗੁਰਦੁਆਰਾ ਸਾਹਿਬ ਜ਼ਰੂਰ ਹੀ ਦੀਵਾਨ ਲਾਓ। ਪਰ ਮੈਨੂੰ ਕੁਝ ਹਿਚਕਚਾਹਟ ਜਿਹੀ ਹੀ ਹੁੰਦੀ ਸੀ। ਖਿੱਚ ਦੋਹਾਂ ਪਾਸਿਆਂ ਤੋਂ ਹੋਇਆ ਕਰਦੀ ਹੈ, ਇਹ ਖਿੱਚ ਹੀ ਹੈ ਜੋ ਬਗੈਰ ਕਿਸੇ ਰੀਜ਼ਰਵੇਸ਼ਨ ਦੇ ਮਿਲਾਪ ਕਰਾ ਦਿਆ ਕਰਦੀ ਹੈ। ਇਥੇ ਕਮੇਟੀ ਵਿਚ ਕੁਝ ਪੈਸੇ ਟਕੇ ਦਾ ਅਤੇ ਕੁਝ ਆਪਣੀ ਪੋਜ਼ੀਸ਼ਨ ਦਾ ਪ੍ਰਭਾਵ ਹੈ। ਇਹ ਪ੍ਰਭਾਵ ਮੇਰੇ ਵਰਗੇ ਬੰਦਿਆਂ ਨੂੰ ਕੁਝ ਵੀ ਨਹੀਂ ਗਿਣਿਆ ਕਰਦਾ। ਖਿੱਚ ਨਾ ਹੋਣ ਦੇ ਬਾਵਜੂਦ ਵੀ ਮੈਂ ਉਥੇ ਜਾ ਕੇ ਕੀਰਤਨ ਕੀਤਾ। ਸੰਗਤਾਂ ਹੁੰਮ-ਹੁੰਮਾ ਕੇ ਆਈਆਂ, ਇਕੱਠ ਐਨਾ ਜ਼ਿਆਦਾ ਹੋ ਗਿਆ ਕਿ ਹਾਲ ਭਰ ਗਏ, ਬਾਹਰ ਵੀ ਸੰਗਤ ਖੜੀ ਸੀ, ਮੱਥਾ ਟੇਕ-ਟੇਕ ਕੇ ਬਾਹਰ ਖੜ੍ਹੇ ਸੁਣਦੇ ਸਨ, ਬਹੁਤ ਸਾਰੇ ਪ੍ਰੇਮੀ ਲੰਗਰ ਵਿਚ ਵੀ ਖੜ੍ਹੇ ਸਨ, ਇਥੇ ਮੈਂ ਕਈ ਘਰਾਂ ਵਿਚ ਚਰਨ ਪਾਏ ਅਤੇ ਬਹੁਤ ਸਾਰੇ ਬਚਨ ਕੀਤੇ ਜੋ ਮੈਂ ਅਗਲੇ ਲੇਖ ਵਿਚ ਦੇਣ ਦਾ ਯਤਨ ਕਰਾਂਗਾ।

ਭਾਈ ਕੁਲਦੀਪ ਸਿੰਘ ਜੀ ਸ਼ੇਰਗਿੱਲ ਕਾਫੀ ਮਿਲਣਸਾਰ ਹੋਣ ਕਰਕੇ ਜਦੋਂ ਉਸ ਦੇ ਘਰ ਚਰਨ ਪਾਏ ਤਾਂ ਨੇੜੇ ਤੇੜੇ ਤੋਂ ਸੰਗਤਾਂ ਦਾ ਇਕੱਠ ਹੋ ਗਿਆ, ਬੀਬੀ ਪਰਵਿੰਦਰ ਕੌਰ ਭਾਈ ਕੁਲਦੀਪ ਸਿੰਘ ਦੀ ਛੋਟੀ ਭੈਣ ਹੈ, ਉਸ ਦੇ ਬਾਰ-ਬਾਰ ਬੇਨਤੀ ਕਰਨ ਤੇ ਉਸ ਦੇ ਘਰ ਚਰਨ ਪਾਏ। ਉਹ 1824 wodridge WAT ਸਨਹੋਜ਼ੇ ਵਿਚ ਰਹਿੰਦੀ ਸੀ। ਉਸ ਦੇ ਬੱਚੇ ਲਈ ਸ਼ਬਦ ਦਿਤਾ। ਭਾਈ ਤਲਵਿੰਦਰ ਸਿੰਘ ਮਾਨ ਦੇ ਘਰ ਵੀ ਸੰਗਤਾਂ ਦੇ ਦਰਸ਼ਨ ਕੀਤੇ। ਫੇਰ ਭਾਈ ਬਲਦੇਵ ਸਿੰਘ ਜੀ ਦੇ ਘਰ 2519 VILLON CITY ਦੇ ਘਰ ਚਰਨ ਪਾਏ। ਉਥੇ ਬਹੁਤ ਸਾਰੇ ਪ੍ਰੇਮੀ ਇਕੱਠੇ ਹੋ ਗਏ ਜਿਨ੍ਹਾਂ ਵਿਚ ਕਈ ਬਹੁਤ ਸੋਝੀ ਵਾਲੇ ਸਨ, ਉਸ ਵੇਲੇ ਇਕ ਪ੍ਰਸ਼ਨ ਚਲ ਪਿਆ ਕਿ ਗੁਰੂ ਮਹਾਰਾਜ ਬਾਰ-ਬਾਰ ਤਾਗੀਦ ਕਰਦੇ ਹਨ ਕਿ ਨਾਮ ਜਪੋ, ਜਦੋਂ ਅਸੀਂ ਮਹਾਂਪੁਰਸ਼ਾਂ ਦੇ ਬਚਨ ਸੁਣਦੇ ਹਾਂ ਤਾਂ ਇਸ ਗੱਲ ਉਪਰ

ਬਹੁਤ ਜ਼ੋਰ ਦਿੰਦੇ ਹਨ ਕਿ ਜੇ ਨਾਮ ਜਪਣ ਦੀ ਜੁਗਤੀ ਪ੍ਰਾਪਤ ਹੋ ਜਾਵੇ ਤਾਂ ਕਾਰਜ ਛੇਤੀ ਸਿਧ ਹੋ ਜਾਂਦਾ ਹੈ। ਇਸ ਗੱਲ ਵਿਚ ਕੀ ਭੇਦ ਹੈ ਜੋ ਗੁਰਮੰਤਰ ਗੁਰੂ ਘਰ ਵਿਚ ਪੰਜ ਪਿਆਰਿਆਂ ਤੋਂ ਮਿਲ ਗਿਆ, ਉਹ ਜਪੀ ਜਾਵੇ। ਫੇਰ ਕਿਸੇ ਖਾਸ ਜੁਗਤ ਦੀ ਕੀ ਲੋੜ ਹੈ। ਇਹ ਇਕ ਸ਼ੰਕਾ ਹੈ ਇਸ ਦਾ ਸਮਾਧਾਨ ਜ਼ਰੂਰੀ ਹੈ।

ਸਾਰਿਆਂ ਦੇ ਮਨ ਦੀ ਜਗਿਆਸਾ ਵੇਖ ਕੇ ਬੇਨਤੀ ਕੀਤੀ ਕਿ ਕੋਈ ਵੀ ਦੁਨੀਆਂ ਦਾ ਐਸਾ ਕਾਰਜ ਨਹੀਂ ਜੋ ਜੁਗਤੀ ਤੋਂ ਬਗੈਰ ਅਗੜਾ-ਦੁਗੜਾ ਨੇਪਰੇ ਚੜ੍ਹ ਜਾਵੇ, ਸੰਤਾਂ ਨੇ ਆਪ ਘਾਲ ਕਮਾਈ ਕੀਤੀ ਹੁੰਦੀ ਹੈ ਅਤੇ ਉਹ ਕਪਰ ਪੈਣ ਵਾਲੇ ਪਤਣ ਦੇ ਜਾਣੂੰ ਹੁੰਦੇ ਹਨ। ਮਹਾਰਾਜ ਜੀ ਦਾ ਹੁਕਮ ਹੈ –

*ਜੇ ਤੂੰ ਤਾਰੂ ਪਾਣਿ ਤਾਹੂ ਪੁਛੁ ਤਿੜੰਨ੍ ਕਲ॥*
*ਤਾਹੂ ਖਰੇ ਸੁਜਾਣ ਵੰਞਾ ਏਨੀ ਕਪਰੀ॥* *ਪੰਨਾ – 1410*

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜੇ ਤੂੰ ਪਾਣੀ ਦੇ ਗੰਭੀਰ ਗਹਿਣਾ ਦਾ ਭੇਤੀ ਹੋ ਕੇ ਤਾਰੂ ਹੋਣਾ ਚਾਹੁੰਦਾ ਹੈ ਤਾਂ ਉਨ੍ਹਾਂ ਨੂੰ ਪੁਛ ਜਿਨ੍ਹਾਂ ਨੂੰ ਤਰਨ ਦੀ ਜਾਂਚ ਹੈ। ਉਹ ਅਸਲ ਸਿਆਣੇ ਹਨ ਜੋ ਇਨ੍ਹਾਂ ਕਪਰਾਂ ਵਿਚੋਂ ਲੰਘ ਗਏ ਹਨ।

*ਝੜ ਝਖੜ ਓਹਾੜ ਲਹਰੀ ਵਹਨਿ ਲਖੇਸਰੀ॥*
*ਸਤਿਗੁਰ ਸਿਉ ਆਲਾਇ ਬੇੜੇ ਡੁਬਣਿ ਨਾਹਿ ਭਉ॥*
*ਪੰਨਾ – 1410*

ਦੂਸਰਾ ਗੁਰੂ ਮਹਾਰਾਜ ਜੀ ਨੇ ਆਪ ਨਾਮ ਜਪਣਾ ਅਤੇ ਦੂਸਰਿਆਂ ਨੂੰ ਜਪਾਉਣਾ ਇਹ ਬਹੁਤ ਹੀ ਜ਼ਰੂਰੀ ਸਿਧਾਂਤ ਦਿਤਾ ਹੈ, ਫੁਰਮਾਨ ਕਰਦੇ ਹਨ –

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥* *ਪੰਨਾ – 305*

ਪਹਿਲੇ ਸਮਿਆਂ ਵਿਚ ਤਾਂ ਪੂਰਨ ਯੋਗੀ ਦੀ ਮਦਦ ਬਗੈਰ ਅੰਦਰਲੀ ਖੋਜ ਲਈ ਇਕ ਕਦਮ ਵੀ ਨਹੀਂ ਸੀ ਤੁਰਿਆ ਜਾਂਦਾ ਕਿਉਂਕਿ ਜੋ ਰਸਤਾ ਉਹ ਚੁਣਦੇ ਸਨ ਉਹ ਅਨੇਕ ਖਤਰਿਆਂ ਭਰਪੂਰ ਸੀ, ਉਥੋਂ ਜੀਵ ਨੂੰ ਲੰਘਣਾ ਹਦ ਤੋਂ ਜ਼ਿਆਦਾ ਮੁਸ਼ਕਲ ਹੁੰਦਾ ਸੀ। ਜਿਸ ਦੇ ਅੰਦਰ ਤੀਬਰ ਲਗਨ ਹੁੰਦੀ ਹੈ, ਉਹ ਕਿਸੇ ਪੂਰਨ ਯੋਗੀ

ਦੇ ਪਾਸ ਪਹੁੰਚਦਾ ਅਤੇ ਦਸਵੇਂ ਦੁਆਰ ਜਾਣ ਦੀ ਜੁਗਤੀ ਪੁਛਦਾ। ਉਹ ਉਸ ਨੂੰ ਆਪਣੀ ਯੋਗਸ਼ਾਲਾ ਵਿਚ ਦਾਖਲਾ ਦੇ ਦਿੰਦੇ ਸਨ। ਉਸ ਦੀ ਖੁਰਾਕ, ਉਸ ਦੀਆਂ ਸਾਰੀਆਂ ਕ੍ਰਿਆਵਾਂ ਨਿਯਮਬਧ ਕਰ ਦਿਆ ਕਰਦੇ ਸਨ। ਮਨ ਅਤੇ ਸਰੀਰ ਰਾਹੀਂ ਜੋ ਗਿਰਾਵਟਾਂ ਲਿਆਉਣ ਵਾਲਾ ਮਨ ਅਤੇ ਕਰਮ ਹਨ ਉਨ੍ਹਾਂ ਤੋਂ ਬਚਾਉਣ ਲਈ ਹਦਾਇਤਾਂ ਦੇ ਦਿਆ ਕਰਦੇ ਸਨ ਅਤੇ ਸਰੀਰ ਦੀ ਤੰਦਰੁਸਤੀ ਦੀ ਪੂਰੀ ਜਾਂਚ ਕਰਕੇ ਉਸ ਨੂੰ ਪ੍ਰਾਣਾਯਾਮ ਦਾ ਪਹਿਲਾ ਸਬਕ ਦਿਆ ਕਰਦੇ ਸਨ। ਪ੍ਰਾਣਾਯਾਮ ਵਿਚ ਤਿੰਨ ਨਾੜੀਆਂ ਨਾਲ ਵਾਹ ਪੈਂਦਾ ਹੈ। ਇਨ੍ਹਾਂ ਵਿਚੋਂ ਸੁਖਮਨਾ ਉਹ ਨਾੜੀ ਹੈ ਜਿਸ ਵਿਚ ਸੁਆਸ ਪ੍ਰਵੇਸ਼ ਕਰਕੇ ਜੀਵ ਦਸਵੇਂ ਦੁਆਰ ਵਿਚ ਪਹੁੰਚ ਜਾਇਆ ਕਰਦਾ ਹੈ। ਇਸ ਕੰਮ ਲਈ ਕਈ ਮਹਾਤਮਾ ਤਾਂ ਬਹੁਤ ਹੀ ਕਠਨ ਕ੍ਰਿਆਵਾਂ ਕਰਾਇਆ ਕਰਦੇ ਸਨ ਜਿਵੇਂ ਕਿ ਬਸਤੀ, ਧੋਤੀ, ਨੇਤੀ, ਨਿਉਲੀ, ਤ੍ਰਾਕਟ, ਕਪਾਲਭਾਤੀ, ਧੌਂਕਣੀ ਆਦਿ। ਇਹ ਸਾਰੀਆਂ ਕ੍ਰਿਆਵਾਂ ਬਹੁਤ ਹੀ ਸ਼ਾਂਤ ਵਾਤਾਵਰਣ ਅੰਦਰ ਹੋ ਸਕਦੀਆਂ ਹਨ। ਜਿਥੇਂ ਕੋਈ ਪ੍ਰਦੂਸ਼ਨ, ਰੌਲਾ ਗੋਲਾ, ਕੋਈ ਆਵਾਜਾਈ ਨਾ ਹੋਵੇ; ਸਮੇਂ ਸਿਰ ਆਰਾਮ, ਸਮੇਂ ਸਿਰ ਸੈਰ ਵਗੈਰਾ ਦਾ ਪ੍ਰਬੰਧ ਜਿਥੇ ਹੋ ਸਕੇ ਪ੍ਰਾਣਾਯਾਮ ਇਕ ਤਰ੍ਹਾਂ ਐਸੀ ਹੀ ਕਸਰਤ ਹੈ ਜੋ ਪਹਿਲਵਾਨ ਆਪਣੇ ਚੇਲਿਆਂ ਨੂੰ ਅਖਾੜੇ ਵਿਚ ਘੋਲ ਕਰਕੇ ਸਿਖਾਇਆ ਕਰਦੇ ਹਨ। ਉਸ ਦੀ ਕਰਨੀ ਬਹੁਤ ਹੀ ਸੁਚੱਜੀ ਅਤੇ ਬਹਾਦਰਾਂ ਵਾਲੀ ਕਰਨੀ ਹੈ। ਹਰ ਕੋਈ ਬੰਦਾ ਪੂਰੇ ਉਸਤਾਦ ਤੋਂ ਬਗੈਰ ਉਹ ਦਾਓ ਪੇਚ ਨਹੀਂ ਸਿਖ ਸਕਦਾ ਜਿਨ੍ਹਾਂ ਤੋਂ ਉਹ ਜਿੱਤ ਪ੍ਰਾਪਤ ਕਰਦਾ ਹੈ। ਇਸ ਤਰ੍ਹਾਂ ਸ਼ਸ਼ਤਰ ਵਿਦਿਆ ਸਿਖਣ ਲਈ ਉਸਤਾਦ ਪਹਿਲਾਂ ਲਕੜੀ ਦੇ ਗਤਕਿਆਂ ਤੇ ਫਰੀਆਂ ਰਾਹੀਂ ਪੈਂਤਰੇ ਬਦਲਣ ਦੀ ਸਿਖਿਆ ਦਿੰਦੇ ਹਨ, ਫੇਰ ਵਾਰ ਰੋਕਣ ਲਈ ਬਹੁਤ ਹੀ ਚੁਸਤੀ ਧਾਰ ਕੇ ਬਚਣ ਦੀ ਸਿਖਿਆ ਦਿੰਦੇ ਹਨ। ਉਹ ਦੇਖਦਾ ਹੈ ਕਿ ਇਹ ਵਿਦਿਆਰਥੀ ਆਪਣੀ ਰਖਸ਼ਾ ਕਰਨ ਵਿਚ ਪੂਰੀ ਤਰ੍ਹਾਂ ਨਿਪੁੰਨ ਹੋ ਗਿਆ। ਇਕ ਉਹ ਪ੍ਰਹਾਰ ਕਰਨ ਦੀ ਸਿਖਿਆ ਦਿੰਦਾ ਹੈ। ਇਸੇ ਤਰ੍ਹਾਂ ਨਾਲ ਦੁਨੀਆਂ ਦਾ ਕੋਈ ਕੰਮ ਦੇਖ ਲਓ ਉਸ ਲਈ ਸਿਖਿਆ ਦੀ ਲੋੜ ਹੈ, ਸੋ ਇੜਾ, ਪਿੰਗਲਾ ਤੇ ਸੁਖਮਨਾ ਤਿੰਨ ਨਾੜੀਆਂ ਦਾ ਪ੍ਰਯੋਗ ਕਰਨਾ ਇਹ ਪੂਰੀ ਜੁਗਤ ਬਗੈਰ ਨਹੀਂ ਹੋ ਸਕਿਆ ਕਰਦਾ। ਫੁਰਮਾਨ ਕਰਦੇ ਹਨ –

***ਸੂਰ ਸਰੁ ਸੋਸਿ ਲੈ ਸੋਮ ਸਰੁ ਪੋਖਿ ਲੈ***
***ਜੁਗਤਿ ਕਰਿ ਮਰਤੁ ਸੁ ਸਨਬੰਧੁ ਕੀਜੈ ॥***

*ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ*
*ਉਡੈ ਨਹ ਹੰਸੁ ਨਹ ਕੰਧੁ ਛੀਜੈ॥* *ਪੰਨਾ - 991*

ਮਨ ਨੂੰ ਰੋਕਣ ਦੀ ਜੁਗਤ ਹੋਇਆ ਕਰਦੀ ਹੈ ਜਿਨ੍ਹਾਂ ਨੇ ਮਨ ਨੂੰ ਰੋਕਿਆ ਹੈ ਅਤੇ ਮਨ ਨੂੰ ਜਿਤਿਆ ਹੈ ਉਨ੍ਹਾਂ ਪਾਸ ਬੇਅੰਤ ਜੁਗਤਾਂ ਹੋਇਆ ਕਰਦੀਆਂ ਹਨ, ਕਿਉਂਕਿ ਮਨ ਤੋਂ ਅਵਾਰਾ, ਦੁਨੀਆਂ ਵਿਚ ਹੋਰ ਕੋਈ ਚੀਜ਼ ਨਹੀਂ, ਨਾ ਹੀ ਇਹ ਫੜਿਆਂ ਫੜ ਹੁੰਦਾ ਹੈ, ਨਾ ਹੀ ਰੋਕਿਆ ਰੁਕਦਾ ਹੈ।

ਫੁਰਮਾਨ ਹੈ ਕਿ ਸੂਰਜ ਦੀ ਇੜਾ ਨਾੜੀ ਨੂੰ ਕੰਟਰੋਲ ਕਰਕੇ ਅਤੇ ਤਮੋ ਗੁਣੀ ਸੁਭਾਅ ਨੂੰ ਸਾੜ ਕੇ ਇੜਾ ਵਿਚ ਪ੍ਰਾਣ ਚਾੜ੍ਹਨੇ ਹਨ। ਚੰਦਰਮਾ ਦੀ ਪਿੰਗਲਾ ਨਾੜੀ ਸਤੋ ਗੁਣੀ ਸੁਭਾਵ ਤਕੜਾ ਕਰਕੇ ਜ਼ਿੰਦਗੀ ਨੂੰ ਇਕ ਨਿਅੰਤਰਣ ਵਿਚ ਲਿਆ ਕੇ ਅਤੇ ਪ੍ਰਾਣਾ ਨੂੰ ਸੁਖਮਨਾ ਵਿਚ ਟਿਕਾਣਾ ਦੇ, ਜੁਗਤੀ ਨਾਲ ਮੱਛੀ ਵਾਲੀ ਚਪਲ ਚੰਚਲਤਾ ਵਾਲੇ ਮਨ ਨੂੰ ਸਾਂਭਿਆ ਜਾ ਸਕਦਾ ਹੈ। ਭਾਈ ਗੁਰਦਾਸ ਜੀ ਇਸ ਕ੍ਰਿਆ ਨੂੰ ਦਸਦੇ ਹੋਏ ਫੁਰਮਾਨ ਕਰਦੇ ਹਨ -

*ਉਲਟਿ ਪਵਨ ਮਨ ਮੀਨ ਕੀ ਚਪਲ ਗਤਿ*
*ਸਤਿਗੁਰ ਪਰਚੇ ਪਰਮ ਪਦ ਪਾਏ ਹੈ॥*
*ਸੂਰ ਸਰ ਸੋਖਿ, ਪੋਖਿ ਸੋਮ ਸਰ ਪੂਰਨ ਕੈ,*
*ਬੰਧਨ ਦੈ ਮ੍ਰਿਤ ਸਰ ਅਪਿਅ ਪੀਆਏ ਹੈ॥*
*ਅਜਰਹਿ ਜਾਰਿ, ਮਾਰਿ ਅਮਰਹਿ ਭ੍ਰਾਂਤਿ ਛਾਡਿ,*
*ਅਸਥਿਰ ਕੰਧ ਹੰਸ ਅਨਤ ਨ ਧਾਏ ਹੈ।।*
*ਆਦੈ ਆਦਿ ਨਾਦੈ ਨਾਦਿ ਸਲਿਲੈ ਸਲਿਲ ਮਿਲਿ,*
*ਬ੍ਰਹਮੈ ਬ੍ਰਹਮ ਮਿਲਿ ਸਹਜਿ ਸਮਾਏ ਹੈ॥੧੬॥*

*ਕਬਿੱਤ ਸਵੱਯੇ ਭਾਈ ਗੁਰਦਾਸ ਜੀ*

ਸ੍ਵਾਸਾਂ ਨੂੰ ਬਾਹਰ ਤੋਂ ਅੰਦਰ ਵਲ ਉਲਟਾ ਕੇ ਭਾਵ ਨਾਮ ਸਿਮਰਨ ਦੇ ਅਭਿਆਸ ਨਾਲ ਪਵਨ ਵਰਗੇ ਚੰਚਲ ਮਨ ਨੂੰ, ਮੱਛੀ ਦੀ ਚੰਚਲ ਤਿੱਖੀ ਚਾਲ ਵਾਂਗ ਸਤਿਗੁਰੂ ਦੇ ਸ਼ਬਦ ਨਾਲ ਪਰਚਾ ਪਾਉਣ ਕਰਕੇ ਪਰਮ ਪਦ ਪਾਈਦਾ ਹੈ। ਸੱਜੀ ਸੁਰ (ਇੜਾ) ਪ੍ਰਾਣਾਂ ਨੂੰ ਰੋਕ ਕੇ ਅਤੇ ਖੱਬੀ ਸੁਰ (ਪਿੰਗਲਾ) ਦੁਆਰਾ ਪ੍ਰਾਣਾਂ ਨੂੰ ਚੜ੍ਹਾ ਕੇ (ਸੁਖਮਨਾ ਨਾੜੀ ਵਿਚ) ਪੂਰਨ ਕਰਕੇ, ਅਤੇ ਮ੍ਰਿਤ ਸਰ (ਸੁਖਮਨਾ) ਦੇ ਘਾਟ ਤੇ ਪ੍ਰਾਣਾਂ ਨੂੰ ਟਿਕਾਈਏ ਤਾਂ ਅੰਮ੍ਰਿਤ ਰਸ ਦੇ ਗਟਾਕ ਪੀਵੀਦੇ ਹਨ। ਕਦੀ ਨਾ ਮੁਕਣ ਵਾਲੀ ਹਉਮੈ ਨੂੰ ਸਾੜ ਕੇ, ਨਾ ਮਰਨ ਵਾਲੇ ਮਨ ਨੂੰ ਮਾਰ ਕੇ ਅਤੇ ਭਰਮ ਭ੍ਰਾਂਤੀ ਨੂੰ ਛੱਡ ਕੇ ਜੋ ਪ੍ਰਾਣੀ

ਸਰੀਰ ਨੂੰ ਸਥਿਰ ਕਰਦੇ ਹਨ, ਉਨ੍ਹਾਂ ਦਾ ਜੀਵ ਆਤਮਾ ਮਨ ਦਾ ਬਹਿਕਾਇਆ ਹੋਇਆ ਹੋਰ ਕਿਸੇ ਪਾਸੇ ਨਹੀਂ ਦੌੜਦਾ। ਅਕਾਸ਼ ਦਾ ਤੱਤ ਅਕਾਸ਼ ਵਿਚ ਮਿਲਣ ਵਾਂਗ, ਵਾਯੂ ਦਾ ਵਾਯੂ ਵਿਚ ਅਤੇਜਲ ਦਾ ਤੱਤ ਜਲ ਵਿਚ ਮਿਲ ਜਾਣ ਵਾਂਗ ਪ੍ਰਭੂ ਦੀ ਜੋਤਿ ਵਿਚ ਜੀਵ ਆਤਮਾ ਦੇ ਇਕ-ਮਿਕ ਹੋ ਕੇ ਮਿਲ ਜਾਣ ਨਾਲ ਸਹਿਜ ਸੁਖ ਵਿਚ ਸਮਾਈ ਹੁੰਦੀ ਹੈ।

ਵਿਚਾਰਵਾਨਾਂ ਨੇ ਇਸ ਤੇ ਹੋਰ ਵਿਚਾਰ ਕਰਦਿਆਂ ਹੋਇਆ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਜੋ 'ਅਨਹਦ ਸ਼ਬਦ ਦਸਮ ਦੁਆਰ' ਵਿਚ ਅੰਕਿਤ ਕੀਤੇ ਹਨ ਉਹ ਇਸ ਤਰ੍ਹਾਂ ਹਨ ਕਿ 'ਸ਼ਬਦ ਸੁਰਤਿ ਅਭਿਆਸੀ ਗੁਰਮਖ ਜਨਾਂ ਦੇ ਪ੍ਰਾਣ ਜਦੋਂ ਨਾਭਿ ਨਿਵਾਸ ਦੇ ਠਹਿਰਾਉ-ਸਹਿਜਾਉ ਵਿਚ ਸੁਖ ਲੀਣੇ ਹੋ ਜਾਂਦੇ ਹਨ ਤਦ ਇਕ ਦਮ ਇਹ ਅਵਸਥਾ ਆ ਜਾਂਦੀ ਹੈ ਕਿ ਇਕੋ ਮੀਨ-ਛੜੱਪੇ ਦੁਆਰਾ ਪ੍ਰਾਣ, ਸੁਰਤਿ, ਪਵਨ ਸੰਜੁਗਤ ਦਸਮ ਦੁਆਰ ਵਿਖੇ ਜਾ ਚੜ੍ਹਦੇ ਹਨ। ਨਾਭੀ ਵਿਚੋਂ ਜੋਤਿ ਰਸ ਠਰੰਮੀ ਪਵਨ ਇਕੋ ਹੀ ਪ੍ਰੇਮ-ਹਿਲੋਰੇ ਹਿਜਕੋਰੇ ਨਾਲ ਉਲਟ ਕੇ ਮੀਨ ਨਿਆਈਂ ਪੁਠੀਆਂ ਤਾਰੀਆਂ ਲਾਉਂਦੀ ਹੋਈ ਦਸਮ ਦੁਆਰ ਵਿਖੇ ਜਾਇ ਪ੍ਰਵੇਸ਼ ਕਰਦੀ ਹੈ। ਇਹ ਪਰਮ ਪਦ ਸਤਿਗੁਰੂ ਦ੍ਰਿੜ੍ਹਾਏ ਸ਼ਬਦ ਗੁਰ-ਮੰਤਰ ਨਾਲ ਪਰਚਾ ਪਾਉਣ ਕਰਿ ਪ੍ਰਾਪਤ ਹੁੰਦਾ ਹੈ।

ਫੇਰ ਤਾਂ ਸੂਰਸਰ ਸੋਮਸਰ ਇੜਾ ਪਿੰਗਲਾ ਸੁਖਮਨਾ ਸਾਰੀਆਂ ਨਾੜੀਆਂ ਹੀ ਰਸ ਜੋਤਿ ਭਰਪੂਰ ਲੀਣੀਆਂ ਹੋ ਕੇ ਤੇਜਸਵੀ ਚਾਨਣੇ ਨਾਲ ਜਗਮਗਾ ਉਠਦੀਆਂ ਹਨ। ਸੋਮਸਰ ਲਬਾਲਬ ਹੋ ਕੇ ਮ੍ਰਿਤ ਸਰ ਨੂੰ ਬੰਨ੍ਹ ਲਗ ਜਾਂਦੇ ਹਨ ਅਤੇ ਅੰਮ੍ਰਿਤ-ਗਟਾਕ ਰਸਾਂ ਦਾ ਅਹਿਨਿਸੀ ਅਮਿਉ ਪੀਅਣ ਆਇ ਬਣਦਾ ਹੈ ਅਤੇ ਆਦਿ ਨਾਲ ਆਦਿ ਅਰ ਨਾਦ ਨਾਲ ਨਾਦ ਮਿਲ ਕੇ, ਜਲ ਨਾਲ ਜਲ ਮਿਲਣ ਵਾਂਗ ਓਤਿ ਪੋਤਿ ਇਕ ਜੋਤਿ ਹੋਣ ਵਾਲੀ ਸਹਿਜ ਸਮਾਈ ਹੋ ਜਾਂਦੀ ਹੈ।

ਭਾਈ ਸਾਹਿਬ ਜੀ ਰਸਤਾ ਦਸ ਰਹੇ ਹਨ ਕਿ ਹੱਠ ਯੋਗ ਦੇ ਸੰਕਟ ਭਰੇ ਝਮੇਲੇ ਵਿਚ ਪੈਣ ਦੀ ਲੋੜ ਨਹੀਂ। ਜਿਵੇਂ ਮੀਨ ਤ੍ਰਿਵੇਣੀ ਵਿਖੇ ਉਲਟ ਪਵਨ ਡੁਬਕ ਤਾਰੀਆਂ ਲਾ ਕੇ ਸੁਖੈਨ ਹੀ ਤ੍ਰਿਵੇਣੀ ਦੇ ਆਰ ਪਾਰ ਲੰਘ ਜਾਂਦੀ ਹੈ, ਇਸੇ ਤਰ੍ਹਾਂ ਸਬਦ-ਸੁਰਤਿ ਅਭਿਆਸੀ ਜਨ ਟੁਕ-ਦਮ ਕਰਾਰੀਆਂ, ਉਲਟ ਪਵਨ ਨਾਭ ਉਡਾਰੀਆਂ ਮਾਰ ਕੇ ਤ੍ਰਿਕੁਟੀਆਂ ਸਹਜ ਸੁਖੈਨ ਹੀ ਉਲੰਘ ਕੇ ਸੁਖ ਸਾਗਰ ਵਿਚ ਜਾਇ

ਸਮਾਉਂਦਾ ਹੈ। ਉਸ ਨੂੰ ਪ੍ਰਾਣਾਯਾਮੀ ਹੱਠ ਯੋਗ ਕਰਿ ਤ੍ਰਿਕੁਟੀ ਖੁਲ੍ਹਣ ਦੀ ਕਸ਼ਟ-ਕਿਰਿਆ ਕਰਨੀ ਹੀ ਨਹੀਂ ਪੈਂਦੀ। ਗੁਰੂ ਮਹਾਰਾਜ ਜੀ ਇਸੇ ਸਬੰਧ ਵਿਚ ਫੁਰਮਾਨ ਕਰਦੇ ਹਨ -

*ਸੂਰ ਸਰੁ ਸੋਸਿ ਲੈ ਸੋਮ ਸਰੁ ਪੋਖਿ ਲੈ*
*ਜੁਗਤਿ ਕਰਿ ਮਰਤੁ ਸੁ ਸਨਬੰਧੁ ਕੀਜੈ॥*
*ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ*
*ਉਡੈ ਨਹ ਹੰਸੁ ਨਹ ਕੰਧੁ ਛੀਜੈ॥*
*ਮੂੜੇ ਕਾਇਚੇ ਭਰਮਿ ਭੁਲਾ॥*
*ਨਹ ਚੀਨਿਆ ਪਰਮਾਨੰਦੁ ਬੈਰਾਗੀ॥*
*ਅਜਰ ਗਹੁ ਜਾਰਿ ਲੈ ਅਮਰ ਗਹੁ ਮਾਰਿ ਲੈ*
*ਭ੍ਰਾਤਿ ਤਜਿ ਛੋਡਿ ਤਉ ਅਪਿਉ ਪੀਜੈ॥*
*ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ*
*ਉਡੈ ਨਹ ਹੰਸੁ ਨਹ ਕੰਧੁ ਛੀਜੈ॥*
*ਭਣਤਿ ਨਾਨਕੁ ਜਨੋ ਰਵੈ ਜੇ ਹਰਿ*
*ਮਨੋ ਮਨ ਪਵਨ ਸਿਉ ਅੰਮ੍ਰਿਤੁ ਪੀਜੈ॥*
*ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ*
*ਉਡੈ ਨਹ ਹੰਸੁ ਨਹ ਕੰਧੁ ਛੀਜੈ॥* *ਪੰਨਾ - 991*

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਹੇ ਜਨੋ! ਜੋ ਹਰੀ ਨੂੰ ਸਿਮਰਦਾ ਹੈ ਉਸ ਦੇ ਅੰਦਰ ਅੰਮ੍ਰਿਤ ਝਰਦਾ ਹੈ। ਭਾਵ ਸੁਆਸ ਸੁਆਸ ਨਾਮ ਜਪਦਾ ਹੋਇਆ ਅਨੰਦ ਲੈਂਦਾ ਹੈ।

ਗੁਰਮਤਿ ਰਾਹੀਂ ਨਾਮ ਸਿਮਰਨ ਤੋਂ ਪਹਿਲਾਂ ਕਿਸੇ ਪੂਰੇ ਯੋਗੀ ਦੇ ਆਸ਼ਰਮ ਵਿਚ ਦਾਖਲਾ ਲੈਣਾ ਪੈਂਦਾ ਸੀ। ਉਹ ਪਹਿਲਾਂ ਛੋਟੇ ਪ੍ਰਾਣਾਯਾਮ ਕਰਾਉਂਦੇ ਸਨ, ਫੇਰ ਲੰਮੇ ਪ੍ਰਾਣਾਯਾਮ ਕਰਾ ਕੇ, ਪ੍ਰਾਣ ਵਾਯੂ ਅਤੇ ਅਪਾਨ ਵਾਯੂ ਨੂੰ ਮਿਲਾਉਣ ਦੀ ਜੁਗਤ ਦਸਿਆ ਕਰਦੇ ਸਨ ਜਿਸ ਕਰਕੇ ਸਰੀਰ ਵਿਚ ਐਨੀ ਗਰਮੀ ਵਧ ਜਾਂਦੀ ਸੀ ਕਿ ਜੇ ਸਰੀਰ ਨੂੰ ਪੂਰੇ ਤਰੀਕੇ ਨਾਲ ਨਾ ਸੰਭਾਲਿਆ ਜਾਵੇ, ਬਦਾਮ, ਸ਼ਰਦਾਈਆਂ, ਮੱਖਣ ਵਗੈਰਾ ਨਾ ਵਰਤੇ ਜਾਣ ਤਾਂ ਦਿਮਾਗ ਫੇਲ੍ਹ ਹੋ ਜਾਂਦੇ ਸਨ ਜਿਸ ਵਿਚ ਆਦਮੀ ਅੱਧਾ ਝੱਲਾ ਹੋ ਕੇ ਤੁਰਿਆ ਫਿਰਦਾ ਸੀ। ਇਹ ਰਸਤਾ ਬਹੁਤ ਹੀ ਖਤਰਨਾਕ ਸੀ ਪਰ ਗੁਰੂ ਮਹਾਰਾਜ ਤੋਂ ਪਹਿਲਾਂ ਇਸ ਰਾਹੀਂ ਜਾਣਾ ਪੈਂਦਾ ਸੀ। ਸਭ ਤੋਂ ਪਹਿਲਾਂ ਭੁਜੰਗਾ ਨਾੜੀ ਜੋ ਰੀੜ੍ਹ ਦੀ ਹੱਡੀ ਦੇ ਆਖਰੀ ਸਿਰੇ ਉਪਰ ਢਾਈ ਵਲ ਪਾ ਕੇ ਸੁਖਮਨਾ ਦਾ ਮੂੰਹ ਰੋਕੀ ਬੈਠੀ ਹੈ, ਉਸਦਾ ਮੂੰਹ ਖੁਲ੍ਹ ਜਾਂਦਾ ਸੀ

ਅਤੇ ਪ੍ਰਾਣ ਮੂਲ ਚੱਕਰ ਵਿਚ ਸੁਖਮਨਾ ਰਾਹੀਂ ਪ੍ਰਵੇਸ਼ ਕਰਕੇ ਮੂਲ ਚੱਕਰ ਦਾ ਬੰਧ ਬੇਧ ਕੇ ਮੂਲ ਚੱਕਰ ਵਿਚ ਪ੍ਰਵੇਸ਼ ਕਰ ਜਾਇਆ ਕਰਦੀ ਸੀ। ਇਸ ਤੋਂ ਬਾਦ ਯੋਗੀ ਗੁਰੂ ਉਸ ਨੂੰ ਮਣੀਪੂਰਕ ਚੱਕਰ ਦੇ ਅਨੁਭਵ ਬਾਰੇ ਦਸਦਾ ਹੈ ਅਤੇ ਹੋਣ ਵਾਲੇ ਦੇਵਤੇ ਬਾਰੇ ਦਸਦਾ ਹੈ, ਰੋਸ਼ਨੀ ਫੁੱਲ ਅਤੇ ਪੱਤੀਆਂ ਦਾ ਨਿਰਣਾ ਕਰਦਾ ਹੈ। ਇਸ ਤਰ੍ਹਾਂ ਸਵਾਧਿਸ਼ਠਾਨ, ਮਣੀਪੂਰਕ, ਅਨਾਹਦ, ਵਿਸ਼ੁੱਧ ਚੱਕਰ ਵਿਚੋਂ ਪ੍ਰਾਣਾਂ ਨੂੰ ਗਰਮੀ ਦੇ ਬਲ ਨਾਲ ਰੁਕਾਵਟਾਂ ਦੂਰ ਕਰਕੇ ਆਗਿਆ ਚੱਕਰ ਜਿਥੇ ਦੋਵੇਂ ਅੱਖਾਂ ਤੇ ਨੱਕ ਦੀ ਜੜ੍ਹ ਹੈ ਉਸ ਥਾਂ ਤਕ ਲੈ ਜਾਣ ਦੀ ਜੁਗਤ ਦਸਦਾ ਰਹਿੰਦਾ ਸੀ। ਉਥੋਂ ਪ੍ਰਾਣਾਂ ਦੇ ਬਲ ਨਾਲ ਤ੍ਰਿਕੁਟੀ ਨੂੰ ਵੇਧ ਕੇ ਸਹੰਸਰਾਰ ਦਲ ਕਮਲ ਵਿਚ ਪ੍ਰਵੇਸ਼ ਕਰਾ ਦਿਆ ਕਰਦਾ ਸੀ। ਬਹੁਤ ਸਾਰੇ ਯੋਗੀ ਭਗਤੀ ਮਾਰਗ ਨੂੰ ਨਾ ਅਪਣਾਉਣ ਕਰਕੇ ਸਹੰਸਰਾਰ ਦਲ ਕਮਲ ਦੀਆਂ ਬਿਭੂਤੀਆਂ ਵਿਚ ਐਸੇ ਮਸਤ ਹੁੰਦੇ ਸਨ ਕਿ ਅੱਗੇ ਚਲਣ ਦਾ ਨਾਮ ਹੀ ਨਹੀਂ ਸੀ ਲੈਂਦੇ ਕਿਉਂਕਿ ਇਨ੍ਹਾਂ ਸ਼ਕਤੀਆਂ ਦਾ ਬਹੁਤ ਪ੍ਰਭਾਵ ਹੈ। ਕੋਈ ਇਕ ਅਧ ਯੋਗੀ ਜਿਸ ਨੂੰ ਦ੍ਰਿੜ੍ਹ ਲਗਨ ਲਗੀ ਹੁੰਦੀ ਹੈ, ਉਹ ਦਸਮ ਦੁਆਰ ਵਿਚ ਪ੍ਰਾਣਾਂ ਦਾ ਪ੍ਰਵੇਸ਼ ਕਰ ਲੈਂਦਾ ਸੀ। ਇਸ ਅੰਦਰਲੇ ਅੰਮ੍ਰਿਤ ਦਾ ਅਨੰਦ ਮਾਣਦਾ ਸੀ। ਉਸ ਦੀ ਦ੍ਰਿਸ਼ਟੀ ਐਨੀ ਖੁਲ੍ਹ ਜਾਂਦੀ ਹੈ ਕਿ ਉਹ ਸਾਰੀ ਦੁਨੀਆਂ ਨੂੰ ਦੇਖ ਸਕਦਾ ਸੀ, ਕੋਈ ਰੁਕਾਵਟ ਉਸ ਨੂੰ ਨਹੀਂ ਰਹਿੰਦੀ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਆਪਣੀ ਜੇਲ੍ਹ ਚਿੱਠੀਆਂ ਵਿਚ ਲਿਖਦੇ ਹਨ ਕਿ ਇਕ ਵਾਰੀ ਮੈਨੂੰ ਇਕ ਨਾਂਗਾ ਸਾਧੂ ਮਿਲਿਆ। ਉਸ ਨੇ ਮੈਨੂੰ ਆਪਣਾ ਚੇਲਾ ਬਣਾਉਣ ਦਾ ਯਤਨ ਕੀਤਾ ਅਤੇ ਸੈਰ ਕਰਾਉਣ ਲਈ ਨਾਲ ਲੈ ਗਿਆ। ਉਸ ਦਾ ਜਿਥੇ ਜੀਅ ਕਰਦਾ ਸੀ ਉਹ ਉਥੇ ਹੀ ਚਲਿਆ ਜਾਂਦਾ ਸੀ। ਯੂਨੀਵਰਸਿਟੀ ਵਿਚ ਸਾਰੇ ਬੱਚੇ ਪੜ੍ਹ ਰਹੇ ਸਨ ਉਹ ਮੈਨੂੰ ਨਾਲ ਲੈ ਕੇ ਸਾਰਿਆਂ ਵਿਚ ਘੁੰਮ ਆਇਆ ਪਰ ਕਿਸੇ ਨੇ ਉਸ ਨੂੰ ਨਹੀਂ ਦੇਖਿਆ। ਅਮੀਰ ਘਰਾਂ ਵਿਚ ਸਾਰੇ ਘਰਾਂ ਵਿਚ ਮੇਰੇ ਸਮੇਤ ਘੁੰਮ ਆਇਆ ਪਰ ਕਿਸੇ ਨੇ ਅਸਾਨੂੰ ਨਾ ਦੇਖਿਆ। ਦੂਸਰੇ ਦਿਨ ਫੇਰ ਭਾਈ ਸਾਹਿਬ ਨੂੰ ਲੈ ਕੇ 10-10 ਮੰਜ਼ਲੀਆਂ ਬਿਲਡਿੰਗਾਂ ਤੇ ਇਕ ਲਾਂਘ ਨਾਲ ਚੜ੍ਹਾ ਲਿਆ ਕਰੇ ਇਹ ਬਿਭੂਤੀਆਂ ਸਨ ਇਥੇ ਪਹੁੰਚ ਕੇ ਵੀ ਜੋ ਸਾਧਕ ਹੈ ਉਸ ਦੀ ਮਨ ਦੀ ਮੈਲ ਨਹੀਂ ਜਾਂਦੀ। ਤੀਜੇ ਦਿਨ ਭਾਈ ਸਾਹਿਬ ਨੇ ਉਸ ਨੂੰ ਸੁਲਫਾ ਪੀਂਦੇ ਦੇਖ ਲਿਆ ਅਤੇ ਕਿਹਾ ਕਿ ਪ੍ਰੇਮੀਆਂ-

*ਮੈ ਜਾਨਿਆ ਵਡ ਹੰਸੁ ਹੈ ਤਾ ਮੈ ਕੀਆ ਸੰਗੁ॥*
*ਜੇ ਜਾਣਾ ਬਗੁ ਬਪੁੜਾ ਤ ਜਨਮਿ ਨ ਦੇਦੀ ਅੰਗੁ॥*
*ਪੰਨਾ - 585*

ਅਤੇ ਉਸ ਤੋਂ ਲਾਂਭੇ ਹੋ ਗਏ।

ਅੱਜ ਦੇ ਜੋ ਕਥਾਕਾਰ ਹਨ ਉਹ ਸਿਰਫ ਅੱਖਰਾਂ ਦੇ ਅਰਥ ਜਾਣਦੇ ਹਨ, ਅਗਰ-ਮਗਰ ਦੇ ਅੱਖਰਾਂ ਰਾਹੀਂ ਵੇਲਾ ਪੂਰਾ ਕਰਦੇ ਹਨ। ਗੁਰਮਤਿ ਦੇ ਗਹਿਰੇ ਸਿਧਾਂਤਾਂ ਤੋਂ ਅੰਦਰਲੀਆਂ ਗਹਿਰਾਈਆਂ, ਸਚਾਈਆਂ ਤੋਂ 100% ਅੰਨ੍ਹੇ ਹਨ। ਉਹ ਇਥੋਂ ਤਕ ਕਹਿ ਦਿੰਦੇ ਹਨ ਕਿ ਇਨ੍ਹਾਂ ਗੱਲਾਂ ਦੀ ਗੁਰਮਤਿ ਵਿਚ ਲੋੜ ਹੀ ਨਹੀਂ। ਗੁਰੂ ਮਹਾਰਾਜ ਜੀ ਨੇ ਤਾਂ ਸੁਖੈਨ ਦਾ ਮਾਰਗ ਦਿਤਾ ਹੈ। ਤੁਸੀਂ ਇਨ੍ਹਾਂ ਨੂੰ ਪੁਛੋ ਕਿ ਤੁਸੀਂ ਕੋਈ ਅਨੁਭਵ ਵੀ ਪ੍ਰਾਪਤ ਕੀਤਾ ਹੈ? ਸੋ ਇਨ੍ਹਾਂ ਅੱਖਾਂ ਦੇ ਅੰਨ੍ਹਿਆਂ ਨੇ ਧਰਮ ਵਿਚ ਆ ਕੇ ਆਪਣੀਆਂ ਕਥਾਵਾਂ, ਵਾਰਤਾਵਾਂ ਰੋਲੇ-ਗੋਲੇ ਵਿਚ ਜਗਿਆਸੂ ਨੂੰ ਰੋਲ ਦਿਤਾ। ਮਾਨਸ ਜਨਮ ਬਹੁਤ ਹੀ ਮੁਸ਼ਕਲ ਦੇ ਨਾਲ ਮਿਲਿਆ ਹੈ। ਜਿਨ੍ਹਾਂ ਦੇ ਅੰਦਰ ਲਗਨ ਹੈ, ਖੋਜ ਹੈ, ਉਹ ਚਾਹੁੰਦੇ ਹਨ ਕਿ ਸਾਨੂੰ ਕੋਈ ਐਸਾ ਗੁਰਮੁਖ ਪਿਆਰਾ ਮਿਲੇ ਜੋ ਕਿਸੇ ਕਿਨਾਰੇ ਪਹੁੰਚਾ ਦੇਵੇ। ਬਾਣੀ ਵਿਚ ਅਨੇਕ ਤਰ੍ਹਾਂ ਦੇ ਬਚਨ ਆਉਂਦੇ ਹਨ -

*ਹਉ ਮਨੁ ਅਰਪੀ ਸਭੁ ਤਨੁ ਅਰਪੀ ਅਰਪੀ ਸਭਿ ਦੇਸਾ॥*
*ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ ਜੋ ਪ੍ਰਭ ਦੇਇ ਸਦੇਸਾ॥*
*ਅਰਪਿਆ ਤ ਸੀਸੁ ਸੁਥਾਨਿ ਗੁਰ ਪਹਿ ਸੰਗਿ ਪ੍ਰਭੂ ਦਿਖਾਇਆ॥*
*ਖਿਨ ਮਾਹਿ ਸਗਲਾ ਦੂਖੁ ਮਿਟਿਆ ਮਨਹੁ ਚਿੰਦਿਆ ਪਾਇਆ॥*
*ਪੰਨਾ - 247*

ਸੋ ਵੱਡੀ ਤੋਂ ਵੱਡੀ ਕੁਰਬਾਨੀ ਕੀਤੀ ਜਾ ਸਕਦੀ ਹੈ ਜੇ ਕੋਈ ਜਨ ਸਾਧਕ ਵਾਹਿਗੁਰੂ ਜੀ ਦੇ ਦਰਸ਼ਨ ਕਰਾ ਦੇਵੇ। ਗੁਰਮਤਿ ਦਾ ਜੋ ਮਾਰਗ ਹੈ ਉਹ ਸੁਖੈਨ ਹੈ। ਉਸ ਦੀ ਜੋ ਪਹਿਲੀ ਵਿਧੀ ਹੈ ਉਹ ਹਰ ਪ੍ਰਾਣੀ ਨੂੰ ਨਿਭਾਉਣੀ ਪੈਂਦੀ ਹੈ। ਉਹ ਹੈ ਕਿ ਗੁਰੂ ਤੋਂ ਮੂਲਮੰਤਰ ਲੈਣਾ। ਗੁਰਸਿੱਖੀ ਮੰਡਲ ਵਿਚ ਮੰਤਰ ਪ੍ਰਾਪਤੀ ਲਈ ਜੋ ਵਿਧਾਨ ਬੰਨ੍ਹਿਆ ਗਿਆ ਹੈ ਉਹ ਪੰਜ ਪਿਆਰਿਆਂ ਦੇ ਪੇਸ਼ ਹੋ ਕੇ ਅੰਮ੍ਰਿਤ ਛਕ ਕੇ ਮੰਤਰ ਲਿਆ ਜਾਂਦਾ ਹੈ। ਉਸ ਦੀ ਕਮਾਈ ਕਰਨ ਲਈ ਗੁਰਮੁਖ ਦੀ ਮਦਦ ਬਹੁਤ ਹੀ ਜ਼ਰੂਰੀ ਹੈ। ਨਾਮ ਜਪਣ ਦੀਆਂ ਜੁਗਤੀਆਂ ਬਹੁਤ ਹੀ ਸੁਖਾਲੇ ਤਰੀਕੇ ਨਾਲ ਉਨ੍ਹਾਂ ਮਹਾਂਪੁਰਸ਼ਾਂ ਨੇ

ਜਿਨ੍ਹਾਂ ਨੇ ਆਪ ਕਮਾਈਆਂ ਕੀਤੀਆਂ ਹਨ, ਉਹ ਦਸਿਆ ਕਰਦੇ ਹਨ। ਆਪਣੇ ਆਪ ਜ਼ੋਰ ਨਾਲ ਜੇ ਕੋਈ ਕੋਸ਼ਿਸ਼ ਕਰੇ ਤਾਂ ਉਸ ਦਾ ਸਮਾਂ ਬਹੁਤ ਲਗਦਾ ਹੈ, ਪ੍ਰਾਪਤੀ ਬਹੁਤ ਘੱਟ ਹੁੰਦੀ ਹੈ ਕਿਉਂਕਿ ਹਰ ਚੀਜ਼ ਜੁਗਤ ਨਾਲ ਛੇਤੀ ਹਾਸਲ ਹੋ ਜਾਂਦੀ ਹੈ। ਦੁਨੀਆਂ ਦੀਆਂ ਜਿੰਨੀਆਂ ਵਿਦਿਆਵਾਂ ਹਨ ਉਨ੍ਹਾਂ ਲਈ ਉਸਤਾਦਾਂ ਦੀ ਲੋੜ ਹੈ। ਇਸੇ ਤਰ੍ਹਾਂ ਨਾਲ ਅਧਿਆਤਮ ਵਿਦਿਆ ਜੋ ਕਿਸੇ ਕਿਤਾਬ ਰਾਹੀਂ ਪ੍ਰਾਪਤ ਨਹੀਂ। ਸਿਰਫ ਅੰਦਰਲੀ ਖੋਜ ਰਾਹੀਂ ਪ੍ਰਾਪਤ ਹੁੰਦੀ ਹੈ। ਇਸ ਲਈ ਬਹੁਤ ਹੀ ਸਾਵਧਾਨੀ ਵਰਤਣ ਦੀ ਲੋੜ ਹੈ। ਇਸੇ ਕਰਕੇ ਗੁਰੂ ਮਹਾਰਾਜ ਜੀ ਨੇ ਕਿਹਾ ਕਿ ਜੇ ਤੂੰ ਤਾਰੂੰ ਵੀ ਹੈਂ ਤਾਂ ਉਸ ਨੂੰ ਪੁਛ ਜਿਨ੍ਹਾਂ ਨੇ ਕਪਰਾਂ ਦੇ ਖਤਰੇ ਆਪ ਦੇਖੇ ਹਨ ਅਤੇ ਉਨ੍ਹਾਂ ਵਿਚੋਂ ਪਾਰ ਹੋਏ ਹਨ। ਮੋਟੀ ਗੱਲ ਹੈ ਕਿ ਸ੍ਵਾਸ-ਸ੍ਵਾਸ ਨਾਮ ਜਪਣ ਲਈ ਵੀ ਜੁਗਤੀ ਹੋਇਆ ਕਰਦੀ ਹੈ। ਕਈ ਵਾਰੀ ਐਸਾ ਹੁੰਦਾ ਹੈ ਕਿ ਸਾਧਕ ਆਪੇ ਹੀ ਸੁਣੀਆਂ ਸੁਣਾਈਆਂ ਗੱਲਾਂ ਜਾਂ ਪੁਸਤਕਾਂ ਤੋਂ ਪੜ੍ਹ ਕੇ ਜੁਗਤੀਆਂ ਧਾਰਨ ਕਰਦਾ ਹੈ। ਕਈ ਵਾਰੀ ਉਹ ਗਲਤ ਤਰੀਕੇ ਤੇ ਜ਼ੋਰ ਲਾ ਦਿੰਦਾ ਹੈ ਅਤੇ ਆਪਣੇ ਦਿਮਾਗ ਦਾ ਸੰਤੁਲਨ ਗਵਾ ਲੈਂਦਾ ਹੈ। ਬਹੁਤ ਵਾਰੀ ਦੇਖਿਆ ਹੈ ਕਿ ਨਾਮ ਜਪਣ ਲਗਦੇ ਤਾਂ ਬਹੁਤ ਉਤਸ਼ਾਹ ਨਾਲ ਹਨ ਪਰ ਵਿਚ ਵਿਚਾਲੇ ਹੀ ਛੱਡ ਦਿੰਦੇ ਹਨ ਕਿਉਂਕਿ ਉਨ੍ਹਾਂ ਨੂੰ ਕੋਈ ਰਸਦਾਇਕ ਅਵਸਥਾ ਪ੍ਰਾਪਤ ਨਹੀਂ ਹੋਈ ਹੁੰਦੀ। ਇਸ ਕਰਕੇ ਗੁਰੂ ਮਹਾਰਾਜ ਜੀ ਨੇ ਸਭ ਤੋਂ ਸ਼੍ਰੋਮਣੀ ਕਰਮ ਵਾਹਿਗੁਰੂ ਜੀ ਦਾ ਕੀਰਤਨ ਦਸਿਆ ਹੈ -

***ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥***
***ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥***
***ਪੰਨਾ - 642***

ਕਿਉਂਕਿ ਮੈਂ ਅੱਜ ਹੋਰ ਵੀ ਘਰਾਂ ਵਿਚ ਜਾਣਾ ਸੀ ਉਹ ਪ੍ਰੇਮੀ ਇੰਤਜ਼ਾਰ ਕਰ ਰਹੇ ਸਨ, ਸੋ ਸ. ਬਲਵੇਦ ਸਿੰਘ ਜੀ ਦੇ ਘਰ ਤੋਂ ਇਥੇ ਹੀ ਗੱਲ ਛੱਡ ਕੇ ਭਾਈ ਹਰਵਿੰਦਰ ਸਿੰਘ ਜੀ ਦੇ ਗ੍ਰਹਿ ਵਿਚ ਜਾ ਕੇ ਸੰਗਤਾਂ ਨੂੰ ਮਿਲਿਆ। ਕਿਉਂਕਿ ਅੱਜ ਦਾ ਪ੍ਰੋਗਰਾਮ ਯੂਬਾ ਸਿਟੀ ਵਿਚ ਸੀ ਜਿਥੇ ਪੰਥ ਦੇ ਜਾਣੇ ਪਛਾਣੇ ਮਸ਼ਹੂਰ ਸੇਵਕ ਸ. ਦੀਦਾਰ ਸਿੰਘ ਜੀ ਬੈਂਸ ਨਿਵਾਸ ਰਖਦੇ ਸਨ, ਜਿਨ੍ਹਾਂ ਬਾਰੇ ਭਾਰਤ ਵਿਚ ਸ਼ਾਇਦ ਹੀ ਕੋਈ ਘਰ ਹੋਵੇ ਜਿਹੜਾ ਨਾ ਜਾਣਦਾ ਹੋਵੇ। ਰਸਤੇ ਵਿਚੋਂ ਸਾਈਕਰੋਮੈਂਟ ਆਉਂਦਾ ਹੈ ਉਹ ਕੈਲੇਫੋਰਨੀਆਂ ਦੀ ਰਾਜਧਾਨੀ ਹੋਣ ਕਰਕੇ ਬਹੁਤ ਉਘਾ ਸ਼ਹਿਰ ਹੈ। ਉਥੇ ਵੱਡੇ-ਵੱਡੇ ਕਾਰੋਬਾਰ ਹੁੰਦੇ

ਹਨ। ਉਥੇ ਦੇ ਹਸਪਤਾਲ ਸੰਸਾਰ ਭਰ ਵਿਚ ਪ੍ਰਸਿੱਧ ਹਨ। ਉਥੇ ਮੈਂ ਕੀਰਤਨ ਦਾ ਪ੍ਰੋਗਰਾਮ ਤਾਂ ਦਿਤਾ ਨਹੀਂ ਸੀ ਪਰ ਭਾਈ ਕੁਲਦੀਪ ਸਿੰਘ ਜੀ ਦੇ ਭਣਵੀਏ ਉਥੇ ਹਸਪਤਾਲ ਵਿਚ ਭਰਤੀ ਸਨ ਜਿਨ੍ਹਾਂ ਦੀ ਖਤਰਨਾਕ ਹਾਲਤ ਸੀ, ਉਹ ਕੌਮਾ (ਬੇਹੋਸ਼ੀ) ਵਿਚ ਸਨ, ਸੰਗਤਾਂ ਦੇ ਅਤੇ ਬੀਬੀ ਦੇ ਕਹਿਣ ਤੇ ਮੈਂ ਹਸਪਤਾਲ ਵਿਚ ਗਿਆ।

ਅੱਜ 17 ਮਾਰਚ ਸੀ, ਕਲ੍ਹ ਦਾ ਜੋ ਪ੍ਰੋਗਰਾਮ ਸੀ ਉਹ Freemount ਦੇ ਗੁਰਦੁਆਰੇ ਸੀ। ਜਿਥੇ ਮੈਂ ਸ਼ਰਧਾ ਬਾਰੇ ਦਸਿਆ ਸੀ। ਅੱਜ ਯੂਬਾ ਸਿਟੀ ਪ੍ਰੋਗਰਾਮ ਹੋਣ ਕਰਕੇ ਟਰਲੋਕ ਤੋਂ ਦੂਸਰੇ ਰਸਤੇ ਤੇ ਜਾ ਰਹੇ ਸੀ। ਸੈਕਰੋਮੈਂਟ ਤੋਂ ਚਲ ਕੇ ਸ. ਮਹਿੰਦਰ ਸਿੰਘ ਗਿੱਲ ਦੀ ਭਤੀਜੀ ਦੇ ਘਰ ਪਹੁੰਚ ਕੇ ਪ੍ਰਸ਼ਾਦਾ ਛਕਿਆ ਅਤੇ ਕਾਫੀ ਲੰਮਾ ਸਫਰ ਕੱਟ ਕੇ ਸੂਰਜ ਛਿਪਣ ਤੋਂ ਥੋੜ੍ਹਾ ਚਿਰ ਪਹਿਲਾਂ ਯੂਬਾਸਿਟੀ ਪਹੁੰਚੇ। ਇਥੇ ਸ਼ਹਿਰ ਤਾਂ ਨਜ਼ਰ ਨਹੀਂ ਸੀ ਆਉਂਦਾ। ਅਸੀਂ ਪਹਿਲਾਂ ਇਕ ਗੁਰਦੁਆਰਾ ਸਾਹਿਬ ਚਲੇ ਗਏ, ਉਹ ਬਹੁਤ ਹੀ ਸੋਹਣਾ ਬਣਿਆ ਹੋਇਆ ਸੀ ਉਥੇ ਦੇ ਸੇਵਾਦਾਰ ਅਤੇ ਪ੍ਰਬੰਧਕ ਬੜੇ ਹੀ ਸੂਝ ਵਾਲੇ ਸਨ ਉਨ੍ਹਾਂ ਨੇ ਸਮਾਂ ਲੈਣ ਦੀ ਬੇਨਤੀ ਕੀਤੀ। ਪਰ ਸਾਡਾ ਸਮਾਂ ਪਹਿਲਾਂ ਹੀ ਅਲਾਟ ਹੋ ਚੁਕਿਆ ਸੀ। ਉਸ ਵਿਚ ਕਿਸੇ ਹੋਰ ਨੂੰ ਸਮਾਂ ਦੇਣ ਦੀ ਗੁੰਜਾਇੰਸ਼ ਨਹੀਂ ਸੀ। ਬਦਾਮਾਂ ਦੇ ਬਾਗ ਹੀ ਬਾਗ ਖੜ੍ਹੇ ਸਨ, ਲੰਮੇ ਪੈਂਡੇ ਬਦਾਮਾਂ ਦੇ ਬਾਗਾਂ ਵਿਚੋਂ ਲੰਘ ਕੇ ਗਏ। ਆਪਣੇ ਪੰਜਾਬ ਵਾਂਗੂ ਛੋਟੇ-ਛੋਟੇ ਬਾਗ ਨਹੀਂ ਉਥੇ ਹੁੰਦੇ, ਸ. ਚਰਨਜੀਤ ਸਿੰਘ ਜੀ ਨੇ ਅੰਗੂਰਾ ਦਾ ਬਾਗ ਲਾਇਆ ਹੋਇਆ ਸੀ ਅਤੇ 8 ਹਜ਼ਾਰ ਏਕੜ ਭੂਮੀ ਹੈ ਜਿਸ ਦੀਆਂ ਬਾਹੀਆਂ ਚਾਰ ਮੀਲ ਇਕ ਪਾਸੇ ਨੂੰ, ਤਿੰਨ ਮੀਲ ਇਕ ਪਾਸੇ ਨੂੰ ਸਨ। ਉਹ ਦਾਖਾਂ ਬਣਾਉਂਦੇ ਹਨ ਅਤੇ ਉਨ੍ਹਾਂ ਨੂੰ ਦਾਖਾਂ ਦੇ ਬਾਦਸ਼ਾਹ ਕਿਹਾ ਜਾਂਦਾ ਹੈ, ਬੜੇ ਮਿਲਣਹਾਰ ਪ੍ਰੇਮੀ ਹਨ। ਇਥੇ ਯੂਬਾਸਿਟੀ ਵਿਚੋਂ ਸ. ਦੀਦਾਰ ਸਿੰਘ ਜੀ ਮਸ਼ਹੂਰ ਫਾਰਮਰ ਹਨ ਜਿਹੜੇ ਬਹੁਤ ਪੁਰਾਣੇ ਆਏ ਹੋਣ ਕਰਕੇ ਅਮਰੀਕਾ ਵਿਚ ਬਹੁਤ ਮਾਣ ਤੇ ਸਤਿਕਾਰ ਰਖਦੇ ਹਨ। ਬਾਗਾਂ ਵਿਚੋਂ ਲੰਘ ਕੇ ਮੈਂ ਭਾਈ ਨਾਨਕ ਸਿੰਘ ਜੀ ਦੇ ਘਰ ਚਰਨ ਪਾਏ, ਨਾਨਕ ਸਿੰਘ ਕਿਉਂਕਿ ਚੜ੍ਹਾਈ ਕਰ ਗਏ ਸਨ, ਉਹ ਮੇਰੇ ਨਾਲ ਟੈਲੀਫੋਨ ਤੇ ਬਹੁਤ ਸੰਪਰਕ ਰੱਖਿਆ ਕਰਦੇ ਸਨ। ਦਰਸ਼ਨ ਮੈਂ ਉਨ੍ਹਾਂ ਦੇ ਨਹੀਂ ਸੀ ਕੀਤੇ। ਜਦੋਂ ਮੈਂ ਉਨ੍ਹਾਂ ਦੀ ਤਸਵੀਰ ਦੇਖੀ, ਬਹੁਤ ਹੀ ਸੁਚੱਜਾ ਜਵਾਨ ਸੀ। ਜਿਨ੍ਹਾਂ ਨੂੰ ਵੇਖ ਕੇ ਖਿੱਚ ਪੈਂਦੀ ਸੀ। ਵਾਹਿਗੁਰੂ ਜੀ ਨੇ ਉਨ੍ਹਾਂ ਨੂੰ ਛੇਤੀ ਸਦ ਲਿਆ। ਉਨ੍ਹਾਂ ਨੇ ਦਸਿਆ ਕਿ ਕੁਛ

ਦੇਰ ਪਹਿਲਾਂ ਨੇੜੇ ਹੀ ਡੈਮ ਹੈ, ਐਨੀ ਬਾਰਸ਼ ਹੋਈ ਕਿ ਡੈਮ ਟੁੱਟ ਗਿਆ, ਉਸਦੇ ਕੱਚੇ ਕੰਢੇ ਉਛਲ ਗਏ ਅਤੇ ਦੱਸ-ਦੱਸ ਫੁਟ ਪਾਣੀ ਆ ਗਿਆ। ਘਰ ਦਾ ਸਾਰਾ ਸਮਾਨ, ਟਰੈਕਟਰ ਰੋੜ੍ਹ ਕੇ ਲੈ ਗਿਆ। ਅਸੀਂ ਬੜੀ ਮੁਸ਼ਕਲ ਨਾਲ ਉਚੇ ਥਾਵਾਂ ਤੇ ਬੈਠ ਕੇ ਬਚੇ।

ਗੁਰਦੁਆਰਾ ਸਾਹਿਬ ਜਾਣ ਤੋਂ ਪਹਿਲਾਂ ਸਾਡਾ ਜੱਥਾ ਕੀਰਤਨ ਕਰ ਰਿਹਾ ਸੀ। ਜਿਨ੍ਹਾਂ ਵਿਚ ਭਾਈ ਹਰਪਾਲ ਸਿੰਘ ਜੀ ਜਥੇਦਾਰ, ਭਾਈ ਕੁਲਬੀਰ ਸਿੰਘ, ਭਾਈ ਗੁਰਦੀਪ ਸਿੰਘ ਤੇ ਭਾਈ ਪਰਮਿੰਦਰ ਸਿੰਘ ਸਨ। ਇਥੇ ਮੈਂ ਢਾਈ ਘੰਟੇ ਦੀ ਡਰਾਈਵਿੰਗ ਕਰਕੇ ਪਹੁੰਚਿਆ ਸੀ। ਢਾਈ ਘੰਟੇ ਇਥੇ ਕੀਰਤਨ ਕੀਤਾ, ਸੇਵਾ ਬਾਰੇ ਖੋਲ੍ਹ ਕੇ ਦਸਿਆ ਗਿਆ ਅਤੇ ਸੇਵਾ ਤੋਂ ਮੇਵਾ ਦੇ ਸਿਧਾਂਤ ਨੂੰ ਗੁਰਬਾਣੀ ਰਾਹੀਂ ਦਸਿਆ। ਦੀਵਾਨ ਦੀ ਸਮਾਪਤੀ ਉਪਰੰਤ ਸ. ਦੀਦਾਰ ਸਿੰਘ, ਸੇਵਾ ਬਾਰੇ ਬੋਲਦੇ ਰਹੇ। ਉਨ੍ਹਾਂ ਦੇ ਬੋਲ ਵਿਚੋਂ ਐਉਂ ਲਗਿਆ ਕਿ ਉਨ੍ਹਾਂ ਨੂੰ ਇਤਿਹਾਸ ਦੀ ਜਾਣ ਪਛਾਣ ਜ਼ਰੂਰ ਹੈ।

10 ਵਜੇ ਦੀਵਾਨ ਦੀ ਸਮਾਪਤੀ ਹੋਈ ਉਥੋਂ ਟਰਲੋਕ ਢਾਈ ਘੰਟੇ ਦੀ ਡਰਾਈਵਿੰਗ ਸੀ, ਅਸੀਂ ਸਾਢੇ ਬਾਰ੍ਹਾਂ ਵਜੇ ਰਾਤ ਨੂੰ ਘਰ ਪਹੁੰਚੇ, ਸ. ਮਹਿੰਦਰ ਸਿੰਘ ਗਿੱਲ ਅਣਥੱਕ ਸੇਵਕ ਸੀ, ਉਹ ਸਵੇਰੇ ਹੀ ਕਾਰ ਚਲਾਉਣ ਲੱਗੇ ਸਨ ਅਤੇ ਰਾਤ ਦੇ ਸਾਢੇ ਬਾਰਾਂ ਜਾ ਕੇ ਘਰ ਆਰਾਮ ਕੀਤਾ।

ਡਾ. ਜਸਬੀਰ ਸਿੰਘ ਸੋਨੀ ਜਿਨ੍ਹਾਂ ਦਾ ਜ਼ਿਕਰ ਮੈਂ ਪਹਿਲਾਂ ਕਰ ਚੁਕਿਆ ਹਾਂ, ਉਨ੍ਹਾਂ ਨੇ ਮੇਰਾ ਮੈਡੀਕਲ ਚੈਕਅਪ ਕੀਤਾ। ਆਪਣੇ ਕਲੀਨਿਕ ਵਿਚ ਲੈ ਕੇ ਗਏ। ਉਹ Heart ਦੇ specialist ਹਨ। ਉਨ੍ਹਾਂ ਨੇ ਨੌ-ਦੱਸ ਦਵਾਈਆਂ ਲਿਆਂਦੀਆਂ। ਮੈਂ ਕਿਹਾ ਕਿ ਮੈਂ ਤਾਂ ਬਹੁਤ ਘੱਟ ਦਵਾਈਆਂ ਖਾਣੀਆਂ ਹਨ। ਮੇਰੇ ਉਪਰ ਇਨ੍ਹਾਂ ਦਾ side effect ਹੋ ਜਾਵੇਗਾ।

ਰਸ਼ਪਾਲ ਮਲਹੋਤਰਾ ਜੀ ਸਾਰਾ ਦਿਨ ਮੇਰੇ ਨਾਲ ਰਹੇ ਸਨ। ਉਹ ਵੀ ਅਣਥੱਕ ਬੰਦੇ ਹਨ ਕਿਉਂਕਿ ਮੇਰੇ ਨਾਲ ਚਲਣ ਵਾਲੇ ਸਾਥੀਆਂ ਨੂੰ ਇਕ ਬੜਾ ਭਾਰੀ ਘਾਟਾ ਰਹਿੰਦਾ ਹੈ ਕਿ ਮੈਂ ਆਪ ਤਾਂ ਕੁਝ ਖਾਂਦਾ ਨਹੀਂ ਅਤੇ ਮੇਰੇ ਤੋਂ ਸੰਗਦੇ ਦੂਜੇ ਵੀ ਕੁਝ ਨਹੀਂ ਖਾਂਦੇ। ਮੈਨੂੰ ਕਹਿਣਾ ਪੈਂਦਾ ਹੈ ਕਿ ਤੁਸੀਂ ਕੁਛ ਛਕ ਲਓ, ਮੈਨੂੰ ਭੁੱਖ ਬਹੁਤ ਹੀ ਘੱਟ ਲਗਦੀ ਹੈ। ਮੈਨੂੰ ਉਨ੍ਹਾਂ ਦਾ ਖਿਆਲ ਰਖਣਾ ਪੈਂਦਾ ਸੀ। ਜਦੋਂ

Mcdonald ਹੋਟਲ ਆ ਜਾਣਾ ਉਥੇ ਅਸੀਂ ਇਕ-ਇਕ ਕੱਪ ਕੌਫੀ ਪੀ ਲੈਣੀ ਅਤੇ ਸ. ਮਹਿੰਦਰ ਸਿੰਘ ਗਿੱਲ ਅਤੇ ਮਲਹੋਤਰਾ ਸਾਹਿਬ ਵਾਸਤੇ ਇਕ-ਇਕ ਪੈਕਟ ਤਲੇ ਹੋਏ ਆਲੂਆਂ ਦਾ ਲੈ ਲਿਆ ਕਰਦੇ ਸਾਂ। ਵੈਸੇ ਮੈਂ ਉਨ੍ਹਾਂ ਨੂੰ ਬਦਾਮਾਂ ਵਗੈਰਾਂ ਦਾ ਪ੍ਰਸ਼ਾਦ ਕਾਫੀ ਦੇ ਦਿਆ ਕਰਦਾ ਸੀ ਕਿਉਂਕਿ ਮੈਨੂੰ ਪਤਾ ਸੀ ਕਿ ਅਸੀਂ ਲੰਮਾ ਸਫਰ ਕਟਣਾ ਹੈ ਅਤੇ ਰਸਤੇ ਵਿਚ ਖਾਂਦੇ ਪੀਂਦੇ ਜਾਣ ਤਾਂ ਕਿ ਨੀਂਦ ਵੀ ਨਾ ਆਵੇ। ਮੇਰਾ ਵੀ ਹੱਠ ਹੀ ਸੀ ਕਿ ਰੋਜ਼ ਕੀਰਤਨ ਤੇ ਜਾਂਦਾ ਸੀ। ਐਉਂ ਸਮਝ ਲਓ ਕਿ ਜਿਵੇਂ ਮੈਂ ਰੋਜ਼ ਮੋਹਾਲੀ ਤੋਂ ਦਿੱਲੀ ਜਾਂਦਾ ਹੋਵਾਂ। 400 ਮੀਲ ਦੇ ਕਰੀਬ ਉਹ ਕਾਰਾਂ ਸਫਰ ਕਟਦੀਆਂ ਸਨ। ਥੋੜ੍ਹੇ ਦਿਨ ਪਹਿਲਾਂ ਉਥੇ ਸਾਨੂੰ ਪਤਾ ਲੱਗਿਆ ਸੀ ਕਿ ਪੰਜਾਬ ਦੇ ਚੀਫ ਮਨਿਸਟਰ ਪ੍ਰਕਾਸ਼ ਸਿੰਘ ਬਾਦਲ ਉਪਰੇਸ਼ਨ ਕਰਾਉਣ ਆਏ ਹੋਏ ਸਨ। ਮੇਰੇ ਮਨ ਵਿਚ ਉਨ੍ਹਾਂ ਦਾ ਕਾਫੀ ਸਤਿਕਾਰ ਹੈ। ਇਸ ਕਰਕੇ ਕਿ ਉਨ੍ਹਾਂ ਨੇ ਰਾਜਨੀਤੀ ਨੂੰ ਗੰਦਾ ਨਹੀਂ ਹੋਣ ਦਿਤਾ। ਉਹ ਇਕ ਸਾਰ ਹੀ ਚਲ ਰਹੇ ਹਨ। ਉਨ੍ਹਾਂ ਦੀ ਤੰਦਰੁਸਤੀ ਲਈ ਰਤਵਾੜਾ ਸਾਹਿਬ ਅਖੰਡਪਾਠ ਲਈ ਟੈਲੀਫੋਨ ਕੀਤਾ ਗਿਆ। ਮਲਹੋਤਰਾ ਸਾਹਿਬ ਨੇ ਦਸ ਦਿਤਾ ਕਿ ਬਾਦਲ ਸਾਹਿਬ ਦੀ ਸਿਹਤ ਲਈ ਸੰਪਟ ਪਾਠ ਕਰਨਾ ਹੈ। ਉਸ ਸੰਪਟ ਪਾਠ ਦਾ ਹੁਕਮਨਾਮਾ ਕੋਰੀਅਰ ਰਾਹੀਂ ਟਰਲੋਕ ਪਹੁੰਚ ਗਿਆ ਸੀ। ਸ੍ਰੀ ਰਸ਼ਪਾਲ ਮਲਹੋਤਰਾ ਜੀ ਨੇ ਟੈਲੀਫੋਨ ਤੇ ਸ. ਪ੍ਰਕਾਸ਼ ਬਾਦਲ ਨੂੰ ਇਹ ਗੱਲ ਦਸ ਦਿਤੀ ਸੀ ਕਿ ਰਤਵਾੜਾ ਸਾਹਿਬ ਗੁਰਦਵਾਰਾ ਈਸ਼ਰ ਪ੍ਰਕਾਸ਼ ਵਿਚ ਤੁਹਾਡੀ ਸਿਹਤਯਾਬੀ ਲਈ ਸੰਪਟ ਪਾਠ ਕਰਾ ਕੇ ਸੰਗਤ ਨੇ ਅਰਦਾਸ ਕੀਤੀ ਹੈ, ਹੁਕਮਨਾਮਾ ਉਸ ਨੂੰ ਭੇਜ ਦਿਤਾ।

ਅੱਜ 18 ਮਾਰਚ ਨੂੰ ਹਰ ਰੋਜ਼ ਦੀ ਤਰ੍ਹਾਂ ਨਾਸ਼ਤਾ ਕਰਕੇ ਬਾਹਰ ਬੈਠੀਆਂ ਸੰਗਤਾਂ, ਜੋ ਦੂਰ-ਦੂਰ ਤੋਂ ਸਰਦਾਰ ਮਹਿੰਦਰ ਸਿੰਘ ਗਿੱਲ ਦੇ ਗ੍ਰਹਿ ਵਿਚ ਆ ਕੇ ਮਿਲਣ ਲਈ ਪਹੁੰਚੀਆਂ ਸਨ, ਉਨ੍ਹਾਂ ਨੂੰ ਮਿਲਿਆ। ਉਥੇ ਵੀ ਦੋ ਤਿੰਨ ਕਿਸਮ ਦੀਆਂ ਹੀ ਗੱਲਾਂ ਮੇਰੇ ਸਾਮ੍ਹਣੇ ਆਇਆ ਕਰਦੀਆਂ ਸਨ, ਪਹਿਲੀ ਤਾਂ ਇਹ ਹੋਇਆ ਕਰਦੀ ਸੀ ਕਿ ਸਾਡੀ ਕਮਾਈ ਵਿਚ ਬਰਕਤ ਨਹੀਂ ਪੈਂਦੀ, ਸਾਰਾ ਟੱਬਰ ਦਿਨ ਰਾਤ ਕੰਮ ਕਰਦਾ ਰਹਿੰਦਾ ਹੈ। ਦੂਸਰੀ ਗੱਲ ਇਹ ਹੋਇਆ ਕਰਦੀ ਸੀ ਕਿ ਮੈਂ ਸਾਰੀਆਂ ਦਵਾਈਆਂ ਕਰਕੇ ਦੇਖ ਲਈਆਂ ਪਰ ਮੇਰਾ ਸਵੱਸਥ ਠੀਕ ਨਹੀਂ ਰਹਿੰਦਾ। ਤੀਸਰੀ ਗੱਲ ਹੋਇਆ ਕਰਦੀ ਸੀ ਓਲਾਦ ਬਾਰੇ। ਕਦੇ-ਕਦੇ ਕੋਈ ਕੋਈ ਪ੍ਰੇਮੀ ਆਇਆ ਕਰਦਾ ਸੀ ਜੋ ਰੂਹਾਨੀ

ਪ੍ਰਸ਼ਨ ਪੁਛਿਆ ਕਰਦਾ ਸੀ। ਪ੍ਰੇਮੀਆਂ ਨੂੰ ਉਤਰ ਦਿੰਦੇ ਕਾਫੀ ਸਮਾਂ ਲਗ ਜਾਇਆ ਕਰਦਾ ਸੀ, ਫੇਰ ਹਰ ਰੋਜ਼ ਦੀ ਤਰ੍ਹਾਂ ਕਾਰ ਵਿਚ ਸਵਾਰ ਹੋ ਜਾਣਾ ਅਤੇ ਮਿਥੇ ਹੋਏ ਪ੍ਰੋਗਰਾਮ ਦੇ ਮੁਤਾਬਿਕ ਸਰਦਾਰ ਮਹਿੰਦਰ ਸਿੰਘ ਗਿੱਲ ਨੇ ਉਨ੍ਹਾਂ ਥਾਵਾਂ ਲਈ ਚਲ ਪੈਣਾ। ਅਸਾਡੀ ਕਾਰ ਦੇ ਪਿਛੇ ਜਥੇ ਦੇ ਸਿੰਘਾਂ ਦੀ ਵੈਨ ਹੋਇਆ ਕਰਦੀ ਸੀ।

ਅੱਜ 18 ਮਾਰਚ ਨੂੰ ਅਸੀਂ ਸਾਊਥ ਵਲ ਨੂੰ ਜਾ ਰਹੇ ਸੀ, ਡਾਕਟਰ ਜਸਬੀਰ ਸੋਨੀ ਨੇ ਮੈਨੂੰ ਦਵਾਈਆਂ ਮਿਥੇ ਸਮੇਂ ਮੁਤਾਬਿਕ ਲੈਣ ਲਈ ਬਹੁਤ ਸਾਵਧਾਨ ਕੀਤਾ ਹੋਇਆ ਸੀ ਪਰ ਮੈਂ ਇਸ ਮਸਲੇ ਵਿਚ ਬਹੁਤ ਹੀ ਅਵਸੇਲਾ ਰਹਿੰਦਾ ਸੀ। ਮੇਰਾ ਸਰੀਰ ਠੀਕ ਸੀ, ਸਵਸੱਥ ਵਿਚ ਕੋਈ ਗੜਬੜ ਨਹੀਂ ਸੀ। ਉਂਝ ਮੈਨੂੰ ਖਾਣ ਪੀਣ ਦੀ ਬੇਪਰਹੇਜ਼ੀ ਨੇ ਖੰਘ ਵੀ ਕਰ ਦਿਤੀ ਅਤੇ ਪੇਟ ਵਿਚ ਗੈਸ ਰਹਿਣ ਲੱਗੀ। ਅੱਜ ਦਾ ਪ੍ਰੋਗਰਾਮ ਫਾਰਮਾਂ ਵਿਚ ਸੀ। ਛੋਟੇ-ਛੋਟੇ ਫਾਰਮਾਂ ਵਿਚ ਮੈਂ ਗਿਆ, ਜ਼ਿਆਦਾਤਰ ਫਾਰਮ ਬਦਾਮਾਂ ਦੇ ਹੀ ਸਨ, ਬਦਾਮਾਂ ਦੇ ਫਾਰਮਾਂ ਨੂੰ ਚਿੱਟੇ ਗੁਲਾਬੀ ਭਾਅ ਮਾਰਦੇ ਫੁੱਲ ਆਏ ਹੋਏ ਸਨ। ਅਜੇ ਬਦਾਮਾਂ ਦੀਆਂ ਡੋਡੀਆਂ ਬਹੁਤ ਛੋਟੀਆਂ ਗੁਛਿਆਂ ਦੇ ਰੂਪ ਵਿਚ ਸਨ। ਸੋ ਇਨ੍ਹਾਂ ਦੇ ਵਿਚੀਂ ਹੁੰਦੇ ਹੋਏ ਅਸੀਂ ਕਈ ਫਾਰਮਾਂ ਵਿਚ ਗਏ, ਫਾਰਮਾਂ ਵਾਲੇ ਆਪਣੇ ਫਾਰਮ ਵਿਚ ਹੀ ਰਹਿੰਦੇ ਸਨ, ਅਮਰੀਕਾ ਵਿਚ ਅਸਾਡੇ ਵਾਂਗੂੰ ਲੇਬਰਾਂ ਫਾਰਮਾਂ ਵਿਚ ਨਹੀਂ ਰਿਹਾ ਕਰਦੀਆਂ, ਲੇਬਰ ਦੀ ਵਰਤੋਂ ਬਹੁਤ ਹੀ ਘੱਟ ਕੀਤੀ ਜਾਂਦੀ ਹੈ ਕਿਉਂਕਿ ਲੇਬਰ ਕਰਨ ਵਾਲੇ ਮਜ਼ਦੂਰ ਦੀ ਘੱਟੋ ਘੱਟ ਤਨਖਾਹ ਛੇ-ਸੱਤ-ਅੱਠ ਡਾਲਰ ਇਕ ਘੰਟੇ ਦੀ ਹੋਣ ਕਰਕੇ ਕਾਫੀ ਮਹਿੰਗੀ ਪੈਂਦੀ ਹੈ। ਇਸ ਦੇ ਮੁਕਾਬਲੇ ਵਿਚ ਹਰ ਫਾਰਮ ਵਿਚ ਲੋੜੀਂਦੀਆਂ ਮਸ਼ੀਨਾਂ ਹਨ ਜਿਨ੍ਹਾਂ ਰਾਹੀਂ ਕੰਮ ਲਿਆ ਜਾਂਦਾ ਹੈ। ਇਸ ਕਰਕੇ ਫਾਰਮ ਵਿਚ ਫਾਰਮ ਦਾ ਮਾਲਕ ਆਪਣੇ ਪਰਿਵਾਰ ਨਾਲ ਇਕੱਲਾ ਹੀ ਰਹਿੰਦਾ ਹੈ। ਇਸ ਤਰ੍ਹਾਂ ਦੂਰ ਤਕ ਇਹ ਫਾਰਮ ਫੈਲੇ ਹੁੰਦੇ ਹਨ। ਆਮ ਤੌਰ ਤੇ ਪੰਜਾਬੀ ਸਿੱਖਾਂ ਨੇ ਆਪਣੇ ਸੁਭਾਅ ਦੇ ਮੁਤਾਬਿਕ ਬਹੁਤ ਸਾਰੇ ਫਾਰਮ ਖਰੀਦੇ ਹੋਏ ਹਨ, ਮੈਂ ਉਨ੍ਹਾਂ ਦੀ ਮਾਇਕ ਹਾਲਤ ਬਾਰੇ ਤਾਂ ਕੋਈ ਗੱਲ ਨਹੀਂ ਕਰ ਸਕਿਆ ਕਿਉਂਕਿ ਐਨੀ ਪੁਛਗਿੱਛ ਦਾ ਸਮਾਂ ਹੀ ਨਹੀਂ ਸੀ ਹੁੰਦਾ। ਪਰ ਮੈਂ ਅੰਦਾਜ਼ਾ ਲਾ ਲੈਂਦਾ ਸੀ ਕਿ ਇਨ੍ਹਾਂ ਕਿਸਾਨਾਂ ਦੀ ਹਾਲਤ ਉਸੇ ਤਰ੍ਹਾਂ ਦੀ ਹੈ ਜਿਸ ਤਰ੍ਹਾਂ ਯੂ.ਪੀ. ਵਿਚ ਵਸਦੇ ਕਿਸਾਨਾਂ ਦੀ ਮੈਂ ਦੇਖੀ ਹੈ। ਆਮ ਤੌਰ ਤੇ ਇਹ ਛੋਟੇ ਫਾਰਮ 100-150 ਏਕੜ ਦੇ ਹੋਇਆ ਕਰਦੇ ਹਨ। ਉਥੇਂ ਬੈਂਕ ਬਹੁਤ ਖੁਲ੍ਹੇ ਦਿਲ ਨਾਲ ਕਰਜ਼ੇ

ਦਿੰਦੇ ਹਨ ਜਿਸ ਦਾ ਵਿਆਜ ਵੀ ਕਾਫੀ ਹੈ, ਉਹ ਆਮ ਤੌਰ ਤੇ ਕਿਸਾਨਾਂ ਦੀ ਹਾਲਤ ਪਤਲੀ ਹੀ ਰਖਦਾ ਸੀ। ਸੋ ਮੈਂ ਬਹੁਤ ਸਾਰਿਆਂ ਦੇ ਚਿਹਰਿਆਂ ਤੇ ਚਿੰਤਾਂ ਦੇ ਚਿੰਨ੍ਹ ਪੜ੍ਹ ਲਿਆ ਕਰਦਾ ਸੀ। ਕਿਤੇ-ਕਿਤੇ ਕੋਈ ਕਿਸਾਨ ਐਸਾ ਮਿਲਦਾ ਸੀ ਜੋ ਬਹੁਤ ਹੀ ਵੱਡੀਆਂ ਪ੍ਰਾਪਤੀਆਂ ਕਰ ਚੁਕਿਆ ਹੁੰਦਾ ਸੀ, ਕਲ੍ਹ ਹੀ ਮੈਂ ਜ਼ਿਕਰ ਕੀਤਾ ਸੀ ਕਿ ਮੈਂ ਯੂਬਾਸਿਟੀ ਕੀਰਤਨ ਲਈ ਗਿਆ ਅਤੇ ਅਮਰੀਕਾ ਦਾ ਪ੍ਰਸਿੱਧ ਕਿਸਾਨ ਸਰਦਾਰ ਦੀਦਾਰ ਸਿੰਘ ਬੈਂਸ ਮੈਨੂੰ ਮਿਲਿਆ ਸੀ, ਜਿਸ ਦੇ ਬਾਰੇ ਮਸ਼ਹੂਰ ਹੈ ਕਿ ਉਸ ਦੀ ਜ਼ਮੀਨ ਵਿਚ ਹੀ ਯੂਬਾਸਿਟੀ ਬਣੀ ਹੋਈ ਹੈ।

ਇਸੇ ਤਰ੍ਹਾਂ ਨਾਲ ਅੱਜ ਮੈਂ Silma Sikh Centre ਵਿਚ ਕੀਰਤਨ ਕਰਨਾ ਸੀ, ਉਸ ਤੋਂ ਪਹਿਲਾਂ ਦਿਨ ਵਿਚ ਕਈ ਫਾਰਮਾਂ ਵਿਚ ਚਰਨ ਪਾਏ, ਜਿਨ੍ਹਾਂ ਵਿਚੋਂ ਸਰਦਾਰ ਚਰਨਜੀਤ ਸਿੰਘ ਬਾਠ ਦੇ ਫਾਰਮ ਵਿਚ ਗਿਆ, ਫਾਰਮ ਵਿਚ ਬਹੁਤ ਹੀ ਸੋਹਣੀ ਕੋਠੀ ਉਨ੍ਹਾਂ ਨੇ ਆਪਣੀ ਰਿਹਾਇਸ਼ ਲਈ ਬਣਾਈ ਹੋਈ ਸੀ ਜਿਸ ਵਿਚ ਛੇ ਰਿਹਾਇਸ਼ੀ ਕਮਰੇ ਸਨ, ਕੋਠੀ ਦੋ ਮੰਜ਼ਲੀ ਸੀ, ਉਸ ਦੀ ਸਜਾਵਟ ਪੁਰਾਣੇ ਸਮੇਂ ਦੇ ਰਾਜਿਆਂ ਮਹਾਰਾਜਿਆਂ ਨਾਲੋਂ ਘੱਟ ਨਹੀਂ ਸੀ, ਉਸ ਤੋਂ ਵਧ ਹੀ ਹੋਵੇਗੀ। ਘਰ ਦੇ ਪਿਛਲੇ ਪਾਸੇ ਐਨੀ ਮਸ਼ੀਨਰੀ ਸੀ ਜਿਸ ਨੂੰ ਦੇਖ ਕੇ ਹੈਰਾਨ ਹੋ ਜਾਈਦਾ ਹੈ ਅਤੇ ਵਾਹਿਗੁਰੂ ਜੀ ਦਾ ਧੰਨਵਾਦ ਕੀਤਾ ਜਾਂਦਾ ਹੈ ਕਿ ਪਾਤਸ਼ਾਹ ਨੇ ਜੀਅ ਭਰ ਕੇ ਅਮੀਰੀਆਂ ਆਪਣੇ ਗੁਰਸਿਖਾਂ ਨੂੰ ਬਖਸ਼ੀਆਂ ਹਨ। ਸਰਦਾਰ ਚਰਨਜੀਤ ਸਿੰਘ ਬਾਠ ਦਾ ਫਾਰਮ 8000 ਏਕੜ ਦਾ ਸੀ ਜਿਸ ਦੀਆਂ ਬਾਹੀਆਂ ਦੀ ਲੰਬਾਈ ਚਾਰ ਮੀਲ ਲੰਮੀ ਅਤੇ ਤਿੰਨ ਮੀਲ ਚੌੜੀ ਸੀ। ਉਹ ਕੇਵਲ ਦਾਖਾਂ ਹੀ ਆਪਣੇ ਫਾਰਮ ਵਿਚ ਤਿਆਰ ਕਰਦੇ ਹਨ। ਆਮ ਤੌਰ ਤੇ ਕਾਲੀ ਦਾਖ ਜ਼ਿਆਦਾ ਪਸੰਦ ਕੀਤੀ ਜਾਂਦੀ ਹੈ। ਵਾਹਿਗੁਰੂ ਜੀ ਦੀ ਉਸ ਉਪਰ ਐਨੀ ਕ੍ਰਿਪਾ ਹੈ ਕਿ ਜਦੋਂ ਕੈਲੇਫੋਰਨੀਆਂ ਵਿਚ ਬਹੁਤ ਸਾਰੇ ਕਿਸਾਨਾਂ ਦੀ ਅਗੂੰਰਾਂ ਦੀ ਖੇਤੀ ਨੂੰ ਭਾਰੀ ਨੁਕਸਾਨ ਪਹੁੰਚਿਆ ਸੀ ਤਾਂ ਚਰਨਜੀਤ ਸਿੰਘ ਬਾਠ ਦੀ ਖੇਤੀ ਪੂਰੀ ਤਰ੍ਹਾਂ ਸੁਰਖਿਸ਼ਤ ਰਹੀ। ਇਸ ਨੂੰ ਦਾਖਾਂ ਦਾ ਬਾਦਸ਼ਾਹ ਆਖਦੇ ਹਨ। ਸਰਦਾਰ ਚਰਨਜੀਤ ਸਿੰਘ ਜੀ ਵਿਚ ਆਪਣੀ ਅਮੀਰੀ ਦਾ ਕੋਈ ਵੀ ਮਾਣ ਨਹੀਂ ਹੈ, ਉਹ ਇਕ ਬਹੁਤ ਸੁਲਝੇ ਹੋਏ ਪ੍ਰੇਮੀ ਹਨ। ਉਨ੍ਹਾਂ ਨੇ ਹੋਰ ਕਿਸਾਨਾਂ ਨਾਲ ਰਲ ਕੇ Silma Sikh Centre ਫਾਰਮਾਂ ਵਿਚਕਾਰ ਵਸੇ ਛੋਟੇ ਜਿਹੇ ਸੁੰਦਰ ਸ਼ਹਿਰ ਵਿਚ

ਬਣਾਇਆ ਹੋਇਆ ਸੀ। ਸਰਦਾਰ ਚਰਨਜੀਤ ਸਿੰਘ ਜੀ ਨੇ ਕਿਹਾ ਕਿ ਮੈਂ ਆਪਣੀ ਜ਼ਮੀਨ ਵਿਚ ਲੱਗੇ ਬਾਗ ਆਪ ਨੂੰ ਵਿਖਾਉਣਾ ਚਾਹੁੰਦਾ ਹਾਂ ਪਰ ਮੈਂ ਕਿਹਾ ਕਿ ਤੁਹਾਡੇ ਫਾਰਮਾਂ ਦੇ ਦੁਆਲੇ ਘੁੰਮਣ ਲਈ ਸਾਨੂੰ 20 ਕਿਲੋਮੀਟਰ ਸਫਰ ਕਰਨਾ ਪੈਣਾ ਹੈ। ਮੈਂ ਕੋਠੀ ਉਪਰ ਚੜ੍ਹ ਕੇ ਹੀ ਦੇਖ ਲਿਆ। ਸਮਾਂ ਨਾ ਹੋਣ ਕਰਕੇ ਐਨਾ ਸਫਰ ਕਰਨਾ ਮੁਸ਼ਕਲ ਸੀ। ਇਸ ਪਿਛੋਂ ਇਸੇ ਨਾਮ ਦਾ ਇਕ ਹੋਰ ਪ੍ਰੇਮੀ ਚਰਨਜੀਤ ਸਿੰਘ ਸਹੋਤਾ ਸੀ, ਉਹ ਫਿਲੌਰ ਨੇੜੇ ਬੜੇ ਪਿੰਡ ਦਾ ਵਸਨੀਕ ਸੀ ਉਸ ਨੇ ਵੀ ਉਥੇ ਜਾ ਕੇ ਫਾਰਮ ਖਰੀਦਿਆ ਹੋਇਆ ਸੀ, ਉਹ ਗੁਰਦਵਾਰਾ ਸਾਹਿਬ ਦਾ ਪ੍ਰਧਾਨ ਵੀ ਹੈ ਅਤੇ ਚੰਗਾ ਮਾਨਯੋਗ ਪ੍ਰੇਮੀ ਹੈ, ਉਸ ਨੇ ਬੇਨਤੀ ਕਰਕੇ ਰਾਤ ਦਾ ਪ੍ਰਸ਼ਾਦਾ ਛਕਾਉਣ ਲਈ ਪ੍ਰੋਗਰਾਮ ਬਣਾ ਲਿਆ। ਕੀਰਤਨ ਪਿਛੋਂ ਜਥੇ ਨੇ ਉਥੇ ਜਾ ਕੇ ਪ੍ਰਸ਼ਾਦਾ ਛਕਿਆ। ਅੱਜ ਪਹਿਲੀ ਵਾਰੀ ਮੈਂ ਵੀ ਇਕ ਫੁਲਕਾ ਉਥੇ ਛਕਿਆ ਕਿਉਂਕਿ ਮੈਂ ਆਮ ਤੌਰ ਤੇ ਰਾਤ ਦਾ ਪ੍ਰਸ਼ਾਦਾ ਰਾਤ ਦੇ ਬਾਰ੍ਹਾਂ-ਇਕ ਵਜੇ ਆ ਕੇ ਟਰਲੌਕ ਹੀ ਛਕਿਆ ਕਰਦਾ ਸੀ। ਸਰਦਾਰ ਮਹਿੰਦਰ ਸਿੰਘ ਗਿੱਲ ਦੇ ਘਰੋਂ ਬੀਬੀ ਨਰਿੰਦਰ ਗਿੱਲ ਬਹੁਤ ਹੀ ਸੂਝ ਵਾਲੀ ਬੀਬੀ ਹੈ, ਉਹ ਵੀ ਦੀਵਾਨ ਤੇ ਦੂਰ-ਦੂਰ ਤਕ ਜਾਇਆ ਕਰਦੀ ਸੀ। ਸਰਦਾਰ ਮਹਿੰਦਰ ਸਿੰਘ ਗਿੱਲ ਦਾ ਪਰਿਵਾਰ ਵੱਖੋ-ਵੱਖਰੇ ਸ਼ਹਿਰਾਂ ਤੋਂ ਟਰਲੋਕ ਆ ਕੇ ਪ੍ਰਸ਼ਾਦੇ ਵਗੈਰਾ ਦੀ ਸੇਵਾ ਕਰਿਆ ਕਰਦਾ ਸੀ। ਸੋ ਬੀਬੀ ਨਰਿੰਦਰ ਨੇ ਇਕ ਵਜੇ ਰਾਤ ਦੇ ਤਾਜ਼ਾ ਪ੍ਰਸ਼ਾਦਾ ਤਿਆਰ ਕਰਕੇ ਛਕਾਉਣ ਦਾ ਨੇਮ ਰੱਖਿਆ ਹੋਇਆ ਸੀ।

ਅੱਜ ਸਾਰੇ ਫਾਰਮਾਂ ਵਿਚ ਮੈਂ ਚਰਨ ਪਾਏ, ਉਥੇ ਇਕ ਛੋਟਾ ਜਿਹਾ ਸ਼ਹਿਰ ਕਿਸਾਨਾਂ ਦਾ ਬਣਿਆ ਹੋਇਆ ਸੀ ਉਥੇ ਇਕ ਘਰ ਮੈਂ ਚਰਨ ਪਾਉਣ ਗਿਆ ਤਾਂ ਮੈਂ ਹੈਰਾਨ ਹੋ ਗਿਆ ਕਿ ਸਰਦਾਰ ਗੁਰਦਿਆਲ ਸਿੰਘ ਬੈਂਸ ਦੀ ਲੜਕੀ ਇਥੇ ਰਹਿ ਰਹੀ ਹੈ, ਸਰਦਾਰ ਗੁਰਦਿਆਲ ਸਿੰਘ ਬੈਂਸ ਦਾ ਫਾਰਮ ਯੂ.ਪੀ. ਵਿਚ ਕੋਤਲਖੇੜੇ ਪਿੰਡ ਵਿਚ ਹੈ, ਜੋ ਮੇਰੇ ਫਾਰਮ ਤੋਂ ਡੇਢ ਕੁ ਮੀਲ ਦੀ ਵਿਥ ਤੇ ਸਥਿਤ ਹੈ। ਉਸ ਦੀਆਂ ਦੋ ਲੜਕੀਆਂ ਅਮਰੀਕਾ ਵਿਚ ਹਨ, ਬਹੁਤ ਸਮਾਂ ਬੀਤਣ ਪਿਛੋਂ ਮੈਂ ਉਸ ਬੱਚੀ ਨੂੰ ਮਿਲਿਆ ਸੀ। ਇਹ ਬੱਚੀ ਜਦੋਂ ਛੋਟੀ ਜਿਹੀ ਸੀ ਤਾਂ ਅਸਾਡੀ ਰਿਸ਼ਤੇਦਾਰੀ ਹੋਣ ਕਰਕੇ ਮੇਰੇ ਪਾਸ ਆਪਣੀ ਭੈਣ ਸਮੇਤ ਮਿਲਣ ਆਇਆ ਕਰਦੀ ਸੀ। ਉਥੇ ਕਾਫੀ ਸੰਗਤ ਇਕੱਠੀ ਹੋਈ ਹੋਈ ਸੀ, ਉਸ ਬੀਬੀ ਦੇ ਮਨ ਵਿਚ ਬਹੁਤ

ਉਦਾਸੀ ਸੀ ਕਿਉਂਕਿ ਉਨ੍ਹਾਂ ਦਾ ਇਕੋ ਇਕ ਭਰਾ ਬਲੱਡ ਕੈਂਸਰ ਨਾਲ ਚੜ੍ਹਾਈ ਕਰ ਚੁਕਿਆ ਸੀ, ਉਥੇ ਮੈਂ ਸਾਰੀ ਸੰਗਤ ਵਿਚ ਹੀ ਦਸਿਆ ਕਿ ਸੰਸਾਰ ਦੇ ਵਿਚ ਜੋ ਕੁਝ ਵੀ ਬਣਿਆ ਹੋਇਆ ਹੈ ਉਸ ਵਿਚ ਬਣਦੇ ਸਾਰ ਹੀ ਪਰਿਵਰਤਨ ਸ਼ੁਰੂ ਹੋ ਜਾਂਦਾ ਹੈ, ਇਕ ਮਿੰਟ ਦੇ ਲਖਵੇਂ ਹਿੱਸੇ ਸਮੇਂ ਵਿਚ ਵੀ ਪਰਿਵਰਤਨ ਹੁੰਦਾ ਹੈ। ਪਹਿਲਾਂ ਪ੍ਰਕ੍ਰਿਤੀ ਦਾ ਹਰ ਰੂਪ ਹੋਂਦ ਵਿਚ ਆਇਆ ਹੋਇਆ ਉਸੇ ਵਿਉਂਤ ਦੇ ਹਿਸਾਬ ਨਾਲ ਪਸਰਦਾ ਹੈ ਜੋ ਉਸ ਦੀ ਬਣਤਰ ਮੁਤਾਬਿਕ ਉਸ ਦਾ ਰੂਪ ਪ੍ਰਗਟ ਹੋਣਾ ਹੁੰਦਾ ਹੈ। ਹਰ ਰੂਪ ਆਪਣੇ ਬੀਜ ਰੂਪ ਵਿਚ ਹੀ ਪੂਰੀ ਤਰ੍ਹਾਂ ਵਸਿਆ ਹੁੰਦਾ ਹੈ। ਪਹਿਲਾਂ ਪ੍ਰਕ੍ਰਿਤੀ ਦੀ ਹਰ ਚੀਜ਼ ਵਧਦੀ ਹੈ, ਫੇਰ ਠਹਿਰਦੀ ਪ੍ਰਤੀਤ ਦਿੰਦੀ ਹੈ, ਉਸ ਪਿਛੋਂ ਉਹ ਘਟਣੀ ਸ਼ੁਰੂ ਹੋ ਜਾਂਦੀ ਹੈ ਅਤੇ ਅਖੀਰ ਨਾਸ਼ ਹੋ ਜਾਂਦੀ ਹੈ, ਇਹ ਇਕ ਮਾਇਕ ਚੱਕਰ ਹੈ ਜੋ ਅਨੰਤ ਕਾਲ ਤੋਂ, ਜਦੋਂ ਤੋਂ ਵਾਹਿਗੁਰੂ ਜੀ ਨੇ ਸ੍ਰਿਸ਼ਟੀ ਸਾਜ ਕੇ ਆਪਣੀ ਮਾਇਆ ਦਾ ਪਸਾਰਾ ਕੀਤਾ ਹੈ, ਵਰਤ ਰਹੀ ਹੈ। ਗੁਰੂ ਮਹਾਰਾਜ ਜੀ ਨੇ ਆਪਣੀ ਪਵਿੱਤਰ ਬਾਣੀ ਵਿਚ ਕਿਹਾ ਹੈ –

***ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ॥***

***ਪੰਨਾ – 138***

ਦਾਸ ਸਾਲ ਦੀ ਆਯੂ ਤਕ ਬਾਲਕ ਬੁੱਧ ਰਹਿੰਦਾ ਹੈ, ਜਿਸ ਨੂੰ ਕਿਸ਼ੋਰ ਅਵਸਥਾ ਵੀ ਕਹਿੰਦੇ ਹਨ, ਦਸ ਸਾਲ ਲੰਘ ਜਾਣ ਪਿਛੋਂ ਜਵਾਨੀ ਸ਼ੁਰੂ ਹੁੰਦੀ ਹੈ ਅਤੇ 20 ਸਾਲ ਦੀ ਉਮਰ ਵਿਚ ਹਰ ਪ੍ਰਾਣੀ ਜਵਾਨੀ ਮਹਿਸੂਸ ਕਰਦਾ ਹੈ, 30 ਸਾਲ ਦੀ ਉਮਰ ਤਕ ਪਹੁੰਚਦਿਆਂ ਉਹ ਆਪਣੇ ਜੋਬਨ ਦੇ ਸਿਖਰ ਤੇ ਹੁੰਦਾ ਹੈ, 40 ਸਾਲ ਦੀ ਉਮਰ ਤਕ ਜਿੰਨਾਂ ਉਸ ਨੇ ਵਧਣਾ ਹੁੰਦਾ ਹੈ ਉਨਾਂ ਪੂਰਾ ਹੋ ਜਾਂਦਾ ਹੈ, ਉਸ ਪਿਛੋਂ ਇਕ ਘੋਲ ਚਲਦਾ ਰਹਿੰਦਾ ਹੈ ਕਿ ਇਸ ਪੂਰੇ ਜੋਬਨ ਨੂੰ ਕਾਇਮ ਰੱਖਿਆ ਜਾਵੇ ਪਰ ਇਹ ਦੂਜਾ ਮੋੜ ਲੈ ਲੈਂਦਾ ਹੈ। ਇਹ ਸੰਘਰਸ਼ ਹਰ ਸਰੀਰ ਵਿਚ ਹੁੰਦਾ ਹੈ। ਇਹ ਦੱਸ ਸਾਲ ਦਾ ਸੰਘਰਸ਼ ਸਰੀਰ ਨੂੰ 50 ਸਾਲ ਦੀ ਉਮਰ ਤਕ ਲੈ ਜਾਂਦਾ ਹੈ ਅਤੇ ਉਥੋਂ ਇਸ ਦਾ ਪੈਰ ਖਿਸਕ ਜਾਂਦਾ ਹੈ, ਹੁਣ ਇਸੇ ਸਰੀਰ ਦੀ ਤਿਲਕਣ ਬੁਢਾਪੇ ਵਲ ਨੂੰ ਰੇੜ੍ਹ ਖਾਂਦੀ ਹੈ। 50 ਤੋਂ 60 ਸਾਲ ਤਕ ਇਹ ਅਨੇਕ ਜਤਨ ਕਰਦਾ ਹੈ ਕਿ ਮੇਰੇ ਉਪਰ ਬੁਢਾਪਾ ਨਾ ਆਵੇ ਪਰ ਜਦੋਂ 60 ਸਾਲ ਦੀ ਉਮਰ ਵਿਚ ਪਹੁੰਚ ਜਾਂਦਾ ਹੈ ਫੇਰ ਦੇਖਦਾ ਹੈ ਕਿ ਬੁਢੇਪਾ ਤਾਂ

ਰੋਕਦਿਆਂ ਪਹੁੰਚ ਹੀ ਗਿਆ। ਬੁਢੇਪਾ ਅਣਸੱਦਿਆ ਮਹਿਮਾਨ ਹੈ ਜੋ ਆ ਕੇ ਫੇਰ ਪਿਛੇ ਨਹੀਂ ਪਰਤਦਾ ਅਤੇ ਅੰਤ ਵਿਚ ਆਪਣੇ ਨਾਲ ਹੀ ਲੈ ਜਾਂਦਾ ਹੈ ਜਿਸ ਦੇ ਬਾਰੇ ਬਾਬਾ ਫਰੀਦ ਜੀ ਫੁਰਮਾਨ ਕਰਦੇ ਹਨ-

*ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ॥*
*ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ॥*
*ਪੰਨਾ - 1378*

ਬੁਢਾਪੇ ਵਲ ਇਸ ਦਾ ਪੈਰ ਤੇਜ਼ੀ ਨਾਲ ਵਧਦਾ ਹੈ, ਇਸ ਦੀ ਯਾਦਦਾਸ਼ਤ ਕਮਜ਼ੋਰ ਹੋਣੀ ਸ਼ੁਰੂ ਹੋ ਜਾਂਦੀ ਹੈ ਬਹੁਤੇ ਜਾਣਿਆਂ ਪਛਾਣਿਆਂ ਦੀਆਂ ਸ਼ਕਲਾਂ ਦੀ ਪਛਾਣ ਭੁੱਲ ਜਾਂਦੀ ਹੈ ਅਤੇ 70 ਸਾਲ ਦੀ ਉਮਰ ਤਕ ਪਹੁੰਚਦਿਆਂ ਦਵਾਈਆਂ ਦਾ ਮੁਹਤਾਜ ਹੋ ਜਾਂਦਾ ਹੈ ਕਿਉਂਕਿ ਗੁਰੂ ਮਹਾਰਾਜ ਜੀ ਨੇ ਬੁਢਾਪੇ ਨੂੰ ਲਗਾਤਾਰ ਨਾ ਹਟਣ ਵਾਲਾ ਰੋਗ ਦਸਿਆ ਹੈ ਜਿਸ ਤਰ੍ਹਾਂ ਕਿ -

*ਜਬ ਲਗੁ ਜਰਾ ਰੋਗੁ ਨਹੀ ਆਇਆ॥*
*ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥*
*ਜਬ ਲਗੁ ਬਿਕਲ ਭਈ ਨਹੀ ਬਾਨੀ॥*
*ਭਜਿ ਲੇਹਿ ਰੇ ਮਨ ਸਾਰਿਗਪਾਨੀ।।* *ਪੰਨਾ - 1159*

ਇਸ ਸਮੇਂ ਆਦਮੀ ਦੇ ਅੰਤਸ਼ਕਰਣ ਵਿਚ ਸਾਰੀ ਜ਼ਿੰਦਗੀ ਦੇ ਕੀਤੇ, ਸੋਚੇ ਕੰਮਾਂ ਦੇ ਪ੍ਰਭਾਵ ਪੈ ਜਾਂਦੇ ਹਨ। ਇਕ ਗੁਰਮੁਖ ਤੋਂ ਬਗੈਰ ਬਾਕੀ ਪ੍ਰਾਣੀ ਜ਼ਿੰਦਗੀ ਦੇ ਘੋਲ ਦੇ ਬੋਝ ਵਿਚ ਝੁੰਜਲਾਏ ਹੋਏ ਆਪਣੀ ਮਤ ਗਵਾਉਣੀ ਸ਼ੁਰੂ ਕਰ ਦਿੰਦੇ ਹਨ ਅਤੇ ਉਨ੍ਹਾਂ ਦੀ ਰਾਏ ਕੋਈ ਜਵਾਨ ਮੰਨਣ ਨੂੰ ਤਿਆਰ ਨਹੀਂ ਹੁੰਦਾ। ਸਗਮਾਂ ਉਸ ਨੂੰ ਮਤਹੀਣ ਵੀ ਕਹਿਣਾ ਸ਼ੁਰੂ ਕਰ ਦਿੰਦੇ ਹਨ। ਜੋ 70 ਤੋਂ 80 ਤਕ ਦੀ ਉਮਰ ਹੈ ਉਸ ਵਿਚ ਬੁੱਧੀ ਦਾ ਬਲ ਘਟਦਾ ਜਾਂਦਾ ਹੈ, ਅੱਸੀਆਂ ਤਕ ਪਹੁੰਚਦਾ ਵਿਵਹਾਰ ਦੇ ਕਾਬਲ ਨਹੀਂ ਰਹਿੰਦਾ, 80 ਸਾਲ ਤੋਂ ਉਪਰ ਇਸ ਨੂੰ ਪ੍ਰਤੱਖ ਰੂਪ ਵਿਚ ਪਤਾ ਲਗ ਜਾਂਦਾ ਹੈ ਕਿ ਹੁਣ ਮੈਂ ਭਾਵੇਂ ਲੱਖਾਂ ਦਵਾਈਆਂ ਖਾ ਲਵਾਂ, ਚਾਹੇ ਡਾਕਟਰਾਂ ਦੀਆਂ ਟੀਮਾਂ ਨੂੰ ਲਗਾਤਾਰ ਆਪਣੇ ਸਵੱਸਥ ਨੂੰ ਥੋੜ੍ਹੀ-ਥੋੜ੍ਹੀ ਦੇਰ ਪਿਛੋਂ ਪਰਖਣ ਲਈ ਪੱਕੇ ਤੌਰ ਤੇ ਰਖ ਲਵਾਂ ਪਰ ਹੁਣ ਦਿਨੋ ਦਿਨ ਸੰਸਾਰ ਤੋਂ ਜਾਣ ਦਾ ਹੀ ਸਮਾਂ ਨੇੜੇ ਆ ਰਿਹਾ ਹੈ। ਬੰਦੇ ਦੀ ਸੋਚ ਵਿਚ ਬਹੁਤ ਫਰਕ ਆ ਜਾਂਦਾ ਹੈ। ਅੰਨੀ ਜਵਾਨੀ ਵਿਚ ਹੋਣ ਵਾਲੀਆਂ ਬੇ-ਵਿਚਾਰੀਆਂ ਗੱਲਾਂ ਹੁਣ ਇਸ ਤੋਂ ਨਹੀਂ ਹੋਣ ਲੱਗੀਆਂ, ਇਸ ਨੂੰ ਅੱਗਾ ਨੇੜੇ

ਦਿਸਦਾ ਹੈ ਅਤੇ ਕਿਸੇ ਵਿਵਹਾਰ ਵਿਚ ਫਸਣ ਤੋਂ ਸੰਕੋਚ ਕਰਦਾ ਹੈ। ਗੁਰੂ ਮਹਾਰਾਜ ਜੀ ਕਹਿੰਦੇ ਹਨ ਕਿ ਇਸ 80-90 ਸਾਲ ਦੀ ਉਮਰ ਵਿਚ ਵਿਵਹਾਰ ਕਰਨੇ ਇਸ ਨੂੰ ਸ਼ੋਭਦੇ ਨਹੀਂ ਹਨ। 90 ਤਕ ਪਹੁੰਚਦਾ ਬਲਹੀਣ ਹੋ ਜਾਂਦਾ ਹੈ, ਕੋਈ ਵੀ ਅੰਗ ਸਾਥ ਨਹੀਂ ਦਿੰਦਾ, ਉਨ੍ਹਾਂ ਸਾਰੇ ਇੰਦ੍ਰਿਆਂ ਦੀ ਸ਼ਕਤੀ ਖੀਣ ਹੋ ਜਾਂਦੀ ਹੈ ਅਤੇ ਆਪੋ ਆਪਣੇ ਕਾਰਜ ਨਿਭਾਉਣੇ ਅਸਮਰੱਥ ਹੋ ਜਾਂਦੇ ਹਨ। ਜੀਵ ਦੀਆਂ ਵਾਸ਼ਨਾਵਾਂ ਉਵੇਂ ਹੀ ਰਹਿੰਦੀਆਂ ਹਨ ਸਗੋਂ ਪ੍ਰਬਲ ਹੋ ਜਾਂਦੀਆਂ ਹਨ। ਇਹ ਜਾਣ ਕੇ ਜੀਵ ਅਫਸੋਸ ਕਰਦਾ ਹੈ ਕਿ ਮੇਰੇ ਸਰੀਰ ਦੇ ਸਾਥੀ ਅੱਖਾਂ, ਨੱਕ, ਕੰਨ ਆਦਿ ਸਾਥੀ ਸਾਥ ਛੱਡ ਗਏ। ਜਿਵੇਂ ਕਿ ਬਾਣੀ ਵਿਚ ਆਉਂਦਾ ਹੈ-

***ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ॥***
***ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ॥*** ***ਪੰਨਾ - 1381***

ਅੱਖਾਂ ਪੂਰੀ ਤਰ੍ਹਾਂ ਦੇਖਦੀਆਂ ਨਹੀਂ ਹਨ, ਬਹੁਤਿਆਂ ਦੀਆਂ ਅੱਖਾਂ ਵਿਚ ਮੋਤੀਆ ਆ ਜਾਂਦਾ ਹੈ ਤਾਂ ਇਨ੍ਹਾਂ ਦਾ ਓਪਰੇਸ਼ਨ ਕਰਾ ਕੇ ਲੈਨਜ਼ ਪੁਆਉਂਦਾ ਹੈ ਇਹ ਬਣੀਆਂ ਅੱਖਾਂ ਪ੍ਰਮੇਸ਼ਰ ਦੀਆਂ ਬਣਾਈਆਂ ਅੱਖਾਂ ਦਾ ਕੰਮ ਨਹੀਂ ਕਰ ਸਕਦੀਆਂ, ਇਕ ਡੰਗ ਟਪਾਊ ਕੰਮ ਕਰਦੀਆਂ ਹਨ। ਮੋਤੀਆਂ ਵਰਗੇ ਦੰਦ ਝੜ ਜਾਂਦੇ ਹਨ, ਮੂੰਹ ਤੋਂ ਖਾਣਾ ਪੀਣਾ ਚਿਥਿਆ ਨਹੀਂ ਜਾਂਦਾ, ਸਵੱਸਥ ਵਿਗੜ ਜਾਂਦਾ ਹੈ, ਗੈਸ ਵਧ ਜਾਂਦੀ ਹੈ ਅਤੇ ਸਰੀਰ ਸਥਿਲ ਹੋਣਾ ਸ਼ੁਰੂ ਹੋ ਜਾਂਦਾ ਹੈ। ਕੰਮ ਸਾਰਨ ਵਾਸਤੇ ਦੰਦ ਲਵਾਏ ਜਾਂਦੇ ਹਨ। ਕੰਨਾਂ ਤੋਂ ਸੁਣਨਾ ਘਟ ਜਾਂਦਾ ਹੈ। ਮਹਿੰਗੀ ਤੋਂ ਮਹਿੰਗੀ ਸੁਣਨ ਵਾਲੀ ਮਸ਼ੀਨ ਲਾ ਕੇ ਵੀ ਉਹ ਗੱਲ ਨਹੀਂ ਬਣਦੀ ਜੋ ਵਾਹਿਗੁਰੂ ਜੀ ਦੇ ਲਾਏ ਹੋਏ ਕੰਨਾਂ ਵਿਚ ਪੜਦੇ ਕਰਦੇ ਹਨ। ਇਨ੍ਹਾਂ ਕੰਨਾਂ ਵਿਚ ਲਾਉਣ ਵਾਲੀਆਂ ਮਸ਼ੀਨਾਂ ਦਾ ਅਸਰ ਦਿਮਾਗ ਵਿਚ ਪੈਂਦਾ ਰਹਿੰਦਾ ਹੈ, ਉਚੀ ਬੋਲ ਨਹੀਂ ਸਕਦਾ, ਬਹੁਤ ਉਚੀ ਬੋਲੀ ਹੋਈ ਗੱਲ ਸਮਝ ਵਿਚ ਨਹੀਂ ਆਉਂਦੀ। ਇਸੇ ਤਰ੍ਹਾਂ ਨਾਲ ਸਾਰੇ ਅੰਗ ਸਾਥ ਛੱਡ ਜਾਂਦੇ ਹਨ। 90 ਸਾਲ ਦੀ ਉਮਰ ਵਿਚ ਉਸ ਨੂੰ ਆਪਣੇ ਬਲ ਉਪਰ ਵੀ ਭਰੋਸਾ ਨਹੀਂ ਹੁੰਦਾ ਅਤੇ ਹੁਣ ਉਹ ਤੁਰਦਾ ਫਿਰਦਾ ਨਹੀਂ, ਦੂਰ ਦਰਾਜ਼ ਸੈਰ ਸਪਾਟੇ ਕਰਨ ਨਹੀਂ ਜਾਂਦਾ, ਸਗਮਾਂ ਉਸ ਨੂੰ ਪੱਕਾ ਆਸਣ ਮਿਲ ਜਾਂਦਾ ਹੈ, ਉਹ ਹੈ ਉਸ ਦਾ ਮੰਜਾ, ਬੇਵਸ ਹੋ ਜਾਂਦਾ ਹੈ। ਦੂਸਰੇ ਦੀ ਮਦਦ ਨਾਲ ਉਹ ਉਠਦਾ ਹੈ, ਦੂਸਰੇ ਦੀ ਮਦਦ ਨਾਲ ਪੈਂਦਾ ਹੈ, ਦੂਸਰੇ ਦੀ ਮਦਦ ਨਾਲ ਹੀ

ਇਸ਼ਨਾਨ ਵਗੈਰਾ ਕਰਦਾ ਹੈ। ਬਾਬਾ ਫਰੀਦ ਜੀ ਫੁਰਮਾਨ ਕਰਦੇ ਹਨ ਕਿ ਇਸ ਸਰੀਰ ਦੀਆਂ ਲੱਤਾਂ ਨੇ ਬਹੁਤ ਲੰਮੇ ਸਫਰ ਕੀਤੇ, ਪਹਾੜਾਂ ਵਿਚ ਵੀ ਸਰੀਰ ਨੂੰ ਲੈ ਕੇ ਗਈਆਂ, ਵੱਡੇ ਮਾਰੂਥਲ ਵੀ ਲੰਘੀਆਂ, 200-400 ਮੀਲ ਪੈਦਲ ਜਾਣਾ ਮਾਮੂਲੀ ਗੱਲ ਸਮਝੀ ਜਾਂਦੀ ਸੀ। ਬਾਬਾ ਫਰੀਦ ਜੀ ਦੀ ਉਮਰ 90 ਸਾਲ ਤੋਂ ਉਤੇ ਸੀ ਆਪ ਜੀ ਪਾਸ ਅਜ ਕੋਈ ਸੇਵਾਦਾਰ ਨਹੀਂ ਸੀ, ਆਪ ਨੂੰ ਪਾਣੀ ਦੀ ਪਿਆਸ ਲਗਦੀ ਹੈ, ਹੁਣ ਪਾਣੀ ਕੋਲ ਹੀ ਪਿਆ ਨਜ਼ਰ ਆਉਂਦਾ ਹੈ ਪਰ ਆਪ ਉਠ ਕੇ, ਪੀਤਾ ਨਹੀਂ ਜਾਂਦਾ। ਇਸ ਬੇਵਸੀ ਨੂੰ ਆਪ ਪ੍ਰਗਟ ਕਰਦੇ ਹੋਏ ਫੁਰਮਾਨ ਕਰਦੇ ਹਨ -

***ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮਿ॥***
***ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ॥ ਪੰਨਾ - 1378***

ਹੁਣ ਇਹ 90 ਸਾਲ ਤੋਂ ਸਫਰ ਕਰਦਾ ਰਿਹਾ ਵਪਾਰੀ ਬਲਹੀਨ ਹੋ ਚੁਕਿਆ ਹੈ। ਹੁਣ ਜੇ ਇਸ ਨੂੰ ਕੋਈ ਕਹੇ ਕਿ ਤੂੰ ਨਾਮ ਜਪ, ਹੁਣ ਇਸ ਨੂੰ ਨਾਮ ਜਪਣਾ ਬਹੁਤ ਔਖਾ ਹੈ ਕਿਉਂਕਿ ਵਾਸ਼ਨਾਵਾਂ ਭਰਪੂਰ ਜਵਾਨੀ ਦੇ ਬਲ ਨਾਲ ਕਾਬੂ ਹੋ ਸਕਦੀਆਂ ਹਨ। ਬੁਢਾਪੇ ਵਿਚ ਤਾਂ ਮਤਾਂ ਖਿੰਡ ਜਾਂਦੀਆਂ ਹਨ ਜਿਸ ਤਰ੍ਹਾਂ ਕਿ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

***ਦੂਜੇ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ॥***
***ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ॥ ਪੰਨਾ - 146***

ਮਨ ਦੀਆਂ ਮਤਾਂ ਖਿੰਡ ਜਾਂਦੀਆਂ ਹਨ ਅਤੇ ਸੁਰਤੀ ਇਕਾਗਰ ਨਹੀਂ ਹੁੰਦੀ, ਯਾਦ ਆਉਂਦੀ ਹੈ ਜਵਾਨੀ, ਯਾਦ ਆਉਂਦਾ ਹੈ ਬਚਪਨ। ਨਾਮ ਜਪਣ ਵਲ ਤਾਂ ਰੁਚੀ ਹੀ ਨਹੀਂ ਸੀ ਲੱਗੀ। ਜ਼ਮੀਨਾਂ, ਜਾਇਦਾਦਾਂ, ਵਪਾਰਾਂ ਵਿਚ ਰੁਚੀ ਲੱਗੀ ਹੋਈ ਸੀ, ਉਨ੍ਹਾਂ ਦੀਆਂ ਸ਼ਕਲਾਂ ਇਸ ਨੂੰ ਭਿਆਨਕ ਰੂਪ ਬਣਾ ਕੇ ਡਰਾ ਰਹੀਆਂ ਹਨ ਕਿ ਪਿਆਰਿਆ, ਸਾਨੂੰ ਤੂੰ ਮਾਣਿਆ ਪਰ ਹੁਣ ਤੇਰਾ ਅਸੀਂ ਉਸ ਥਾਂ ਸਾਥ ਨਹੀਂ ਦੇ ਸਕਣਾ ਜਿਥੇ ਜਾ ਕੇ ਤੂੰ ਰਹਿਣਾ ਤੇ ਵਸਣਾ ਹੈ। ਤੈਨੂੰ ਪਹਿਲਾਂ ਹੀ ਚਾਹੀਦਾ ਸੀ ਕਿ ਜੋ ਤੋਸ਼ਾ ਤੇਰੇ ਕੰਮ ਆਉਣਾ ਹੈ, ਉਹ ਇਕੱਠਾ ਕਰ ਲੈਂਦਾ, ਉਹ ਸੰਸਾਰ ਤੋਂ ਜਾਣ ਸਮੇਂ ਤੇਰੀ ਪੂੰਜੀ ਬਣਦਾ। ਜੋ ਇਸ ਜਵਾਨੀ ਵਿਚ ਤੋਸਾ ਇਕੱਠਾ ਨਹੀਂ ਕਰ ਸਕਿਆ। ਹੁਣ ਬਦਲੇ ਲੈਣ ਵਾਲੀਆਂ ਪਰੇਸ਼ਾਨੀਆਂ, ਵੈਰ ਭਾਵ ਦੀਆਂ ਚੁਭਵੀਆਂ

ਪੋਟਲੀਆਂ ਤੇ ਔਗੁਣਾਂ ਦੀਆਂ ਗੱਠੜੀਆਂ ਇਸ ਸੰਸਾਰ ਤੋਂ ਜਾਣ ਸਮੇਂ ਚੁਕ ਕੇ ਹਨ੍ਹੇਰੇ ਵਿਚ ਛਾਲ ਮਾਰਦਾ ਹੈ। ਇਸ ਸੰਸਾਰ ਨੂੰ ਛੱਡਣ ਉਪਰੰਤ ਕਿਥੇ ਜਾਣਾ ਹੈ, ਕੀ ਵਰਤਾਵਾ ਇਸ ਨਾਲ ਹੋਵੇਗਾ। ਇਸ ਦੀ ਜੀਵ ਨੂੰ ਕੋਈ ਖਬਰ ਨਾ ਹੋਣ ਕਰਕੇ ਸਾਰੀ ਜ਼ਿੰਦਗੀ ਬਰਬਾਦ ਕਰਕੇ ਚਲਿਆ ਜਾਂਦਾ ਹੈ। ਸੋ ਇਹ ਅਵਸਥਾ ਮੰਜੇ ਤੇ ਬੈਠਣ ਦੀ ਹੁੰਦੀ ਹੈ। ਅਖੀਰ ਗੁਰੂ ਮਹਾਰਾਜ ਜੀ ਕਹਿੰਦੇ ਹਨ ਅਸੀਂ ਸਾਰੇ ਤਲਾਸ਼ ਕਰਕੇ ਦੇਖ ਲਿਆ ਅਤੇ ਇਸ ਸਿੱਟੇ ਤੇ ਪਹੁੰਚੇ ਹਾਂ ਕਿ ਜੀਵਨ ਵਿਅਰਥ ਗੁਆ ਲਿਆ। ਪੂਰਾ ਸ਼ਬਦ ਇਸ ਤਰ੍ਹਾਂ ਹੈ –

***ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ॥***
***ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ ਸਠੀ ਕੇ ਬੋਢੇਪਾ ਆਵੈ॥***
***ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰੁ ਨ ਪਾਵੈ॥***
***ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ॥***
***ਢੰਢੋਲਿਮੁ ਢੂਢਿਮੁ ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ॥***
***ਪੰਨਾ – 138***

ਗੁਰੂ ਮਹਾਰਾਜ ਜੀ ਨੇ ਇਕ ਹੋਰ ਸ਼ਬਦ ਵਿਚ ਇਸ ਜੀਵਨ ਵਿਚ ਵਰਤਣ ਵਾਲੇ ਮਾਨਸਿਕ ਭਾਵਾਂ ਦਾ ਨਕਸ਼ਾ ਖਿਚਿਆ ਹੈ, ਜਿਸ ਵਿਚ ਆਪ ਫੁਰਮਾਨ ਕਰਦੇ ਹਨ ਕਿ ਜਦੋਂ ਇਹ ਜੀਵ ਮਾਤਾ ਦੇ ਪੇਟ ਵਿਚੋਂ ਇਸ ਸੰਸਾਰ ਵਿਚ ਪਹਿਲਾ ਹੀ ਸਾਹ ਲੈਣ ਵਾਸਤੇ ਆਉਂਦਾ ਹੈ ਉਸ ਵੇਲੇ ਇਸ ਨੂੰ ਇਕ ਦਮ ਭੁੱਖ ਲਗਦੀ ਹੈ ਅਤੇ ਮਾਤਾ ਤੋਂ ਦੁੱਧ ਦੀ ਮੰਗ ਕਰਦਾ ਹੈ। ਇਹ ਹੋਰ ਕੁਝ ਵੀ ਨਹੀਂ ਜਾਣਦਾ, ਕੇਵਲ ਉਸ ਥਾਂ ਨੂੰ ਜਾਣਦਾ ਹੈ ਜਿਥੋਂ ਇਸ ਨੂੰ ਦੁੱਧ ਮਿਲਦਾ ਹੈ। ਮਨੁੱਖ ਦੇ ਬੱਚੇ ਨੂੰ ਤਾਂ ਸਿਖਾਇਆ ਜਾਂਦਾ ਹੈ ਪਰ ਹੋਰ ਪਸ਼ੂ, ਪੰਛੀ ਆਪਣੇ ਬੱਚਿਆਂ ਨੂੰ ਨਹੀਂ ਸਿਖਾਉਂਦੇ। ਉਨ੍ਹਾਂ ਨੂੰ ਕੁਦਰਤੀ ਹੀ ਦੁੱਧ ਦੀ ਖਿੱਚ ਪੈਂਦੀ ਹੈ ਅਤੇ ਉਹ ਆਪਣੇ ਆਪ ਹੀ ਥਣਾਂ ਪਾਸ ਪਹੁੰਚ ਜਾਂਦੇ ਹਨ। ਮਹਾਰਾਜ ਜੀ ਕਹਿੰਦੇ ਹਨ ਕਿ ਪਹਿਲਾਂ ਇਸ ਨੂੰ ਥਣਾਂ ਨਾਲ ਪਿਆਰ ਪੈਂਦਾ ਹੈ ਕਿਉਂਕਿ ਉਥੋਂ ਇਸ ਨੂੰ ਦੁੱਧ ਦੀ ਪ੍ਰਾਪਤੀ ਹੁੰਦੀ ਹੈ। ਜਿਉਂ-ਜਿਉਂ ਇਸ ਵਿਚ ਸੁਰਤ ਵਧਦੀ ਹੈ, ਫੇਰ ਮਾਂ ਬਾਪ, ਭੈਣਾਂ, ਭਾਬੀਆਂ, ਰਿਸ਼ਤੇਦਾਰਾਂ ਨੂੰ ਪਛਾਣਦਾ ਹੈ ਉਨ੍ਹਾਂ ਨਾਲ ਪਿਆਰ ਪਾਉਂਦਾ ਵੱਡਾ ਹੁੰਦਾ ਹੈ। ਸਰੀਰ ਪੰਜ-ਸੱਤ ਸਾਲ ਦਾ ਹੋ ਜਾਂਦਾ ਹੈ ਉਸ ਵੇਲੇ ਇਸ ਜੀਵ ਦੀ ਰੁਚੀ ਖੇਡਾਂ ਵਿਚ ਰਚ ਜਾਂਦੀ ਹੈ, ਇਹੋ ਬਹੁਤ ਵੱਡੀ ਉਮਰ ਤਕ ਬਣੀ ਰਹਿੰਦੀ ਹੈ, ਇਸ ਦੀਆਂ ਰੁਚੀਆਂ ਵਿਚੋਂ ਅਨੇਕ ਕਿਸਮ ਦੀਆਂ

ਤ੍ਰਿਸ਼ਨਾ ਦੀਆਂ ਲਹਿਰਾਂ ਉਠਦੀਆਂ ਹਨ ਪਰ ਜ਼ਿਆਦਾ ਰੁਚੀ ਖਾਣ ਪੀਣ ਵਲ ਰਹਿੰਦੀ ਹੈ। ਖੱਟੇ-ਮਿੱਠੇ ਕੌੜੇ ਕਸੈਲੇ ਖਾਣੇ ਖਾਣ ਦੀ ਇੱਛਾ ਰਖਦਾ ਹੈ ਅਤੇ ਖਾਣ ਵਾਲੀਆਂ ਚੀਜ਼ਾਂ ਦਾ ਪੂਰੀ ਤਰ੍ਹਾਂ ਨਿਰਣਾ ਕਰਦਾ ਹੈ ਕਿ ਕਿਹੜੀਆਂ ਚੀਜ਼ਾਂ ਸਭ ਤੋਂ ਵਧੀਆ ਲਗਦੀਆਂ ਹਨ ਅਤੇ ਕਿਹੜੀਆਂ ਘਟੀਆ ਲਗਦੀਆਂ ਹਨ। ਇਸ ਨੂੰ ਅਨੇਕ ਵਾਸ਼ਨਾਵਾਂ ਆ ਕੇ ਦਬੋਚ ਲੈਂਦੀਆਂ ਹਨ। ਭਰ ਜੁਆਨੀ ਵਿਚ ਆ ਜਾਂਦਾ ਹੈ, ਉਸ ਵੇਲੇ ਦੋ ਜਜ਼ਬੇ ਇਸ ਜੀਵ ਦੇ ਅੰਤਸ਼ਕਰਣ ਉਪਰ ਹਾਵੀ ਹੁੰਦੇ ਹਨ, ਇਕ ਸ੍ਵੈ ਅਭਿਮਾਨ ਹੈ, ਦੂਸਰਾ ਕਾਮ ਹੋਇਆ ਕਰਦਾ ਹੈ। ਕਾਮ ਦੀ ਖਿੱਚ ਵਿਚ ਅੰਨਾ ਹੋ ਜਾਂਦਾ ਹੈ। ਆਪਣੀ ਕਾਮ ਪੂਰਤੀ ਲਈ ਇਹ ਜਾਤ-ਕੁਜਾਤ ਨਹੀਂ ਦੇਖਦਾ ਅਤੇ ਨਾ ਹੀ ਇਹ ਸੋਚਦਾ ਹੈ ਕਿ ਜਿਸ ਕਾਮ ਵਿਚ ਮੈਂ ਪ੍ਰਵਿਰਤ ਹੋ ਰਿਹਾ ਹਾਂ ਉਹ ਸਰੀਰ ਰੋਗੀ ਹੈ ਜਾਂ ਸਵਸੱਥ ਹੈ। ਅੱਜਕਲ AIDS ਆਦਿ ਦੀਆਂ ਬਿਮਾਰੀਆਂ ਤੇਜ਼ੀ ਨਾਲ ਭੋਗ ਆਦਿਕ ਤੋਂ ਵਧ ਰਹੀਆਂ ਹਨ। ਜਦੋਂ ਇਸ ਦੇ ਬਾਲ ਬੱਚੇ ਹੋ ਜਾਂਦੇ ਹਨ ਇਸ ਨੂੰ ਤ੍ਰਿਸ਼ਨਾ ਦਾ ਰੋਗ ਲਗ ਜਾਂਦਾ ਹੈ। ਫੇਰ ਜਾਇਦਾਦਾਂ, ਸਵਾਰੀਆਂ ਲੈਂਦਾ ਹੈ, ਅਨੇਕ ਕਿਸਮ ਦੇ ਫਰਨੀਚਰ ਆਦਿ ਖਰੀਦ ਕੇ ਘਰ ਨੂੰ ਸਜਾਉਂਦਾ ਹੈ, ਕਾਰੋਬਾਰ ਵਧਾਉਂਦਾ ਹੈ, ਇਸ ਤਰ੍ਹਾਂ ਬੱਚੇ ਪੜ੍ਹ ਜਾਂਦੇ ਹਨ, ਵਿਆਹੇ ਜਾਂਦੇ ਹਨ, ਉਹ ਆਪਣੇ ਵੱਖਰੇ-ਵੱਖਰੇ ਕੰਮਾਂ ਵਿਚ ਲਗ ਜਾਂਦ ਹਨ। ਬੱਚਿਆਂ ਦੀ ਆਪਣੀ ਦੁਨੀਆਂ ਤੁਰ ਪੈਂਦੀ ਹੈ। ਉਸ ਦਾ ਪਿਆਰ ਪਤਨੀ, ਬੱਚਿਆਂ ਵਿਚ ਹੋ ਜਾਂਦਾ ਹੈ ਅਤੇ ਮਾਂ ਬਾਪ ਵਲੋਂ ਬਿਲਕੁਲ ਕੋਰਾ ਹੋ ਕੇ ਅਕ੍ਰਿਤਘਣਤਾ ਤਕ ਪਹੁੰਚ ਜਾਂਦਾ ਹੈ। ਫਿਰ ਇਹ ਬੁੱਢਾ ਹੋ ਕੇ ਹਉਕੇ ਹਾਵਿਆਂ ਵਿਚ ਫਸ ਜਾਂਦਾ ਹੈ ਅਤੇ ਜ਼ਿੰਦਗੀ ਦਾ ਸਾਰਾ ਸੁਆਦ ਕਿਰਕਿਰਾ ਹੋ ਜਾਂਦਾ ਹੈ। ਉਨ੍ਹਾਂ ਦੀ ਕਹੀ ਹੋਈ ਗੱਲ ਨੌਜਵਾਨ ਬੱਚੇ ਨਹੀਂ ਮੰਨਦੇ ਅਤੇ ਆਪਹੁਦਰਾਪਨ ਦੇਖ ਕੇ ਬਜ਼ੁਰਗਾਂ ਨੂੰ ਗੁੱਸਾ ਆਉਂਦਾ ਹੈ ਕਿ ਮੈਂ ਇਨ੍ਹਾਂ ਲਈ ਐਨਾ ਕੁਛ ਕੀਤਾ, ਮੈਨੂੰ ਇਹ ਕੁਝ ਵੀ ਨਹੀਂ ਸਮਝਦੇ। ਇਹ ਵਧਿਆ ਹੋਇਆ ਗੁੱਸਾ ਸਰੀਰ ਦੇ ਸੈਲਾਂ ਨੂੰ ਨਸ਼ਟ ਕਰ ਦਿੰਦਾ ਹੈ। ਗੁਰੂ ਮਹਾਰਾਜ ਜੀ ਨੇ ਕਿਹਾ ਹੈ ਕਿ ਕਾਮ ਤੇ ਕ੍ਰੋਧ ਸਰੀਰ ਨੂੰ ਨਾਸ਼ ਕਰਨ ਵਾਲੇ ਸ਼ਤਰੂ ਹਨ ਜਿਸ ਤਰ੍ਹਾਂ ਸੋਨੇ ਨੂੰ ਪਿਘਲਾਉਣ ਵਾਸਤੇ ਸੁਹਾਗੇ ਦੀ ਲੋੜ ਪੈਂਦੀ ਹੈ ਇਸੇ ਤਰ੍ਹਾਂ ਸਰੀਰ ਨੂੰ ਖੀਣਤਾ ਤਕ ਪਹੁੰਚਾਉਣ ਵਾਲੇ ਕਾਮ ਤੇ ਕ੍ਰੋਧ ਦੋ ਵੱਡੇ ਸ਼ਤਰੂ ਹਨ। ਇਸ ਤਰ੍ਹਾਂ ਸਰੀਰ ਦਾ ਨਾਸ਼ ਹੋ ਜਾਂਦਾ ਹੈ। ਹੁਣ ਸਿਵਾਏ ਉਭੇ ਸਾਹ, ਹਉਕੇ

ਲੈਣ ਦੇ ਕੁਝ ਨਹੀਂ ਕਰ ਸਕਦਾ, ਪਛਤਾਵਾ ਹੀ ਪਛਤਾਵਾ ਪੱਲੇ ਪੈਂਦਾ ਹੈ। ਅਖੀਰ ਇਸ ਸੰਸਾਰ ਤੋਂ ਸਦਾ ਲਈ ਵਿਦਾ ਹੋ ਜਾਂਦਾ ਹੈ। ਜਿਸ ਸਰੀਰ ਨੂੰ ਅਨੇਕਾਂ ਪਾਪ ਕਰ ਕਰ ਕੇ ਪਾਲਿਆ ਪੋਸਿਆ ਸੀ, ਉਹ ਸਰੀਰ ਤਾਂ ਨਾਸ਼ ਹੋ ਜਾਂਦਾ ਹੈ ਪਰ ਕੀਤੇ ਹੋਏ ਕਰਮ ਨਾਲ ਜਾਂਦੇ ਹਨ। ਹੁਣ ਸੰਸਾਰ ਵਿਚ ਨਾਮ ਵੀ ਮਰ ਜਾਂਦਾ ਹੈ, ਉਸ ਦੀ ਯਾਦ ਸਭ ਪਾਸਿਆਂ ਤੋਂ ਖਤਮ ਹੋ ਜਾਂਦੀ ਹੈ। ਮਹਾਰਾਜ ਫੁਰਮਾਨ ਕਰਦੇ ਹਨ ਕਿ ਇਹ ਜੀਵਨ ਕੀ ਹੋਇਆ ? ਅਖੀਰ ਆਪ ਸਿੱਟਾ ਕੱਢ ਕੇ ਦਸਦੇ ਹਨ ਕਿ ਮੂਰਖ ਸੰਸਾਰ ਮਨਮੁਖਤਾ ਵਿਚ ਡੁੱਬਿਆ ਭਵਜਲ ਵਿਚ ਗੋਤੇ ਖਾਂਦਾ ਹੈ। 84 ਲੱਖ ਜੂਨਾਂ ਦੇ ਵਿਚ ਫਸਿਆ ਹੋਇਆ ਦੁਖਾਂ ਦੀ ਚੱਕੀ ਵਿਚ ਪੀਸਿਆ ਜਾਂਦਾ ਹੈ-

*ਪਹਿਲੈ ਪਿਆਰਿ ਲਗਾ ਥਣ ਦੁਧਿ।।*
*ਦੂਜੈ ਮਾਇ ਬਾਪ ਕੀ ਸੁਧਿ॥*
*ਤੀਜੈ ਭਯਾ ਭਾਭੀ ਬੇਬ॥*
*ਚਉਥੈ ਪਿਆਰਿ ਉਪੰਨੀ ਖੇਡ।।*
*ਪੰਜਵੈ ਖਾਣ ਪੀਅਣ ਕੀ ਧਾਤੁ॥*
*ਛਿਵੈ ਕਾਮੁ ਨ ਪੁਛੈ ਜਾਤਿ॥*
*ਸਤਵੈ ਸੰਜਿ ਕੀਆ ਘਰ ਵਾਸੁ॥*
*ਅਠਵੈ ਕ੍ਰੋਧੁ ਹੋਆ ਤਨ ਨਾਸੁ॥*
*ਨਾਵੈ ਧਉਲੇ ਉਭੇ ਸਾਹ॥*
*ਦਸਵੈ ਦਧਾ ਹੋਆ ਸੁਆਹ॥*
*ਗਏ ਸਿਗੀਤ ਪੁਕਾਰੀ ਧਾਹ॥*
*ਉਡਿਆ ਹੰਸੁ ਦਸਾਏ ਰਾਹ॥*
*ਆਇਆ ਗਇਆ ਮੁਇਆ ਨਾਉ॥*
*ਪਿਛੈ ਪਤਲਿ ਸਦਿਹੁ ਕਾਵ॥*
*ਨਾਨਕ ਮਨਮੁਖਿ ਅੰਧੁ ਪਿਆਰੁ॥*
*ਬਾਝੁ ਗੁਰੂ ਡੁਬਾ ਸੰਸਾਰੁ॥* *ਪੰਨਾ - 138*

ਸੋ ਇਸ ਤਰ੍ਹਾਂ ਮੈਂ ਉਸ ਬੱਚੀ ਨੂੰ ਸਮਝਾਇਆ ਕਿ ਇਥੇ ਜੀਵ ਕਰਮਾਂ ਦੇ ਬੰਨ੍ਹੇ ਆਉਂਦੇ ਹਨ, ਸਮਾਂ ਨਿਸ਼ਚਿਤ ਹੈ ਜਦੋਂ ਸੱਚੇ ਸਾਂਈ ਦਾ ਹੁਕਮ ਵਰਤਦਾ ਹੈ ਉਸ ਵੇਲੇ ਉਹ ਸੰਸਾਰ ਨੂੰ ਛੱਡ ਜਾਇਆ ਕਰਦਾ ਹੈ, ਜੇ ਕੋਈ ਸੱਚਾ ਰਿਸ਼ਤੇਦਾਰ ਹੈ ਤਾਂ ਉਹ ਪੂਰਾ ਸਤਿਗੁਰੂ ਹੈ, ਆਪਣੇ ਨੇਕ ਅਮਲ ਹਨ ਅਤੇ ਮਹਾਂਪੁਰਸ਼ ਹਨ, ਫੁਰਮਾਨ ਹੈ -

*ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ।।*
*ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥*

*ਪੰਨਾ - 1102*

ਬਾਕੀ ਸੰਸਾਰ ਤਾਂ ਸਾਰਾ ਆਉਣਾ ਜਾਣਾ ਹੈ। ਕੀਤੇ ਹੋਏ ਕਰਮਾਂ ਦੇ ਸੰਜੋਗ ਨਾਲ ਮੇਲ ਹੋ ਜਾਂਦੇ ਹਨ ਅਤੇ ਵਿਜੋਗ ਨਾਲ ਵਿਛੋੜਾ ਹੋ ਜਾਂਦਾ ਹੈ, ਇਸ ਤਰ੍ਹਾਂ ਇਹ ਜੀਵ ਅਨੰਤ ਕਾਲ ਤੋਂ ਘੁੰਮਦਾ ਫਿਰਦਾ ਹੈ ਪਰ ਇਸ ਨੂੰ ਇਹ ਨਹੀਂ ਪਤਾ ਕਿ ਮੈਂ ਪੂਰੇ ਸਤਿਗੁਰੂ ਦੀ ਸ਼ਰਨ ਲਗ ਕੇ ਸੇਵਾ ਤੇ ਸਿਮਰਨ ਰਾਹੀਂ, ਸੱਚੇ ਗਿਆਨ ਦੀ ਪ੍ਰਾਪਤੀ ਕਰ ਲਵਾਂ ਤਾਂ ਮੇਰਾ ਆਉਣਾ ਤੇ ਜਾਣਾ ਖਤਮ ਹੋ ਜਾਵੇ ਅਤੇ ਸਾਰੇ ਕਲੇਸ਼ਾਂ ਦਾ ਨਾਸ਼ ਹੋ ਜਾਵੇ, ਦੁਖ ਨਾਮ ਦੀ ਚੀਜ਼ ਰਹੇ ਹੀ ਨਾ -

*ਕਬਹੂ ਸਾਧਸੰਗਤਿ ਇਹੁ ਪਾਵੈ॥*
*ਉਸੁ ਅਸਥਾਨੁ ਤੇ ਬਹੁਰਿ ਨ ਆਵੈ॥*
*ਅੰਤਰਿ ਹੋਇ ਗਿਆਨ ਪਰਗਾਸੁ॥*
*ਉਸੁ ਅਸਥਾਨ ਕਾ ਨਹੀ ਬਿਨਾਸੁ॥ ਪੰਨਾ - 278*

ਇਸ ਤਰ੍ਹਾਂ ਹੋਰ ਬਚਨ ਬਲਾਸ ਕਰਕੇ ਅਸੀਂ ਹੋਰ ਅਗੇ ਚਲ ਪਏ।

ਸਰਦਾਰ ਮਨਜੀਤ ਸਿੰਘ ਸਹੋਤਾ ਦੇ ਘਰ ਚਰਨ ਪਾ ਕੇ ਅਸੀਂ ਰਾਜਾ ਮਿਜਾਰ ਪਿੰਡ ਦੇ ਪ੍ਰੇਮੀ ਜੋ ਬਦਾਮਾਂ ਦੇ ਬਾਗਾਂ ਵਿਚੋਂ ਹੀ ਆਪਣੇ ਫਾਰਮਾਂ ਵਿਚ ਹੀ ਰਹਿੰਦੇ ਸਨ, ਉਨ੍ਹਾਂ ਦੇ ਚਰਨ ਪਾਏ, ਫੇਰ ਕੀਰਤਨ ਕਰਕੇ ਅਸੀਂ ਰਾਤ ਨੂੰ ਸਾਢੇ ਬਾਰ੍ਹਾਂ ਵਜੇ ਪਹੁੰਚੇ। ਬਹੁਤ ਦਿਨਾਂ ਤੋਂ ਮੈਂ ਤੁਹਾਡੇ ਬੀਜੀ ਨੂੰ ਬਰਮਿੰਘਮ ਵਿਚ ਇਲਾਜ ਕਰਾਉਣ ਲਈ ਛੱਡ ਗਿਆ ਸਾਂ, ਉਨ੍ਹਾਂ ਦਾ ਪਤਾ ਨਹੀਂ ਸੀ ਲਿਆ। ਉਨ੍ਹਾਂ ਨੂੰ ਫੋਨ ਕਰਕੇ ਉਨ੍ਹਾਂ ਦੀ ਸਿਹਤ ਬਾਰੇ ਪਤਾ ਲਿਆ। ਇਥੇ ਹੀ ਸਾਨੂੰ ਪਤਾ ਲੱਗਿਆ ਕਿ ਬਾਜਪਾਈ ਸਾਹਿਬ ਪ੍ਰਧਾਨ ਮੰਤਰੀ ਬਣ ਗਏ ਹਨ ਅਤੇ ਸਰਦਾਰ ਬਰਨਾਲਾ ਅਤੇ ਬਾਦਲ ਸਾਹਿਬ ਦੇ ਲੜਕੇ ਵਜ਼ਾਰਤ ਵਿਚ ਲੈ ਗਏ ਹਨ।

ਅਗਲੇ ਦਿਨ 19 ਮਾਰਚ ਨੂੰ ਸਵੇਰੇ ਹੀ ਡਾਕਟਰ ਸਵਾਮੀ ਆਏ, ਉਨ੍ਹਾਂ ਨੇ ਦੋ ਸ਼ੀਸ਼ੀਆਂ ਖ਼ੂਨ ਦੀਆਂ ਲਈਆਂ ਜਿਨ੍ਹਾਂ ਦੀ ਉਨ੍ਹਾਂ ਨੇ ਲੈਬੋਟਰੀ ਵਿਚ ਲਿਜਾ ਕੇ ਪੂਰੀ ਤਰ੍ਹਾਂ ਚੈਕਿੰਗ ਕਰਨੀ ਸੀ, ਅੱਜ ਮਲਹੋਤਰਾ ਸਾਹਿਬ ਸਵੇਰੇ ਹੀ ਸਾਨਫਰਾਂਸਿਸਕੋ ਨੂੰ ਚਲੇ ਗਏ, ਉਨ੍ਹਾਂ ਨੇ ਉਸ ਥਾਂ ਨੂੰ ਵੇਖਣਾ ਸੀ ਜਿਥੇ ਕਾਫੀ ਦਿਨਾਂ ਲਈ ਦੀਵਾਨ ਲਗਣੇ ਸਨ, ਸੰਗਤਾਂ ਦਾ ਇਕੱਠ ਐਨਾ ਵਧ ਗਿਆ ਕਿ ਗੁਰਦਵਾਰਾ ਸਾਹਿਬ ਦੇ ਹਾਲਾਂ ਵਿਚ ਸਮਾਅ ਨਾ ਸਕਿਆ। ਬਹੁਤ ਸਾਰੇ ਪ੍ਰੇਮੀ

ਸਹੀ ਥਾਂ ਨਾ ਮਿਲਣ ਕਰਕੇ ਵਾਪਸ ਚਲੇ ਜਾਂਦੇ ਸਨ ਜਾਂ ਲੰਗਰ ਵਿਚ ਬੈਠ ਜਾਂਦੇ ਸਨ। ਲੰਗਰ ਵਿਚ ਪ੍ਰਸ਼ਾਦਾ ਛਕਣ ਵਾਲਿਆਂ ਨੂੰ ਕੋਈ ਪਾਬੰਦੀ ਨਹੀਂ ਸੀ। ਕਈ ਪ੍ਰੇਮੀ ਤਾਂ ਪੰਗਤਾਂ ਵਿਚ ਬੈਠ ਕੇ ਪ੍ਰਸ਼ਾਦਾ ਛਕਦੇ ਸਨ। ਪਰ ਉਥੇ ਦੇ ਜੰਮ-ਪਲ ਬੱਚੇ ਆਪਣੀਆਂ ਪੈਂਟਾਂ ਦੇ ਪਹਿਨਣ ਕਰਕੇ ਚੌਂਕੜੀ ਮਾਰ ਕੇ ਬੈਠਣਾ ਭੁੱਲ ਗਏ ਸਨ, ਉਹ ਪੰਗਤ ਵਿਚ ਬੈਠ ਕੇ ਲੰਗਰ ਨਹੀਂ ਛਕਦੇ ਸਨ। ਇਸ ਦੇ ਵਿਪਰੀਤ ਉਹ ਮੇਜ਼ ਕੁਰਸੀ ਹੀ ਵਰਤਦੇ ਸਨ, ਬਹੁਤ ਸਾਰੇ ਭਾਰੇ ਬੰਦੇ ਅਤੇ ਬੁਢਾਪੇ ਵਿਚ ਆ ਕੇ ਜਿਨ੍ਹਾਂ ਦੇ ਗੋਡੇ ਦੁਖਦੇ ਸਨ ਉਹ ਬੈਠਣ ਤੋਂ ਹੀ ਅਸਮਰੱਥ ਹੁੰਦੇ ਹਨ ਉਹ ਵੀ ਟੇਬਲ ਉਤੇ ਲੰਗਰ ਛਕਦੇ ਸਨ। ਸੰਗਤਾਂ ਵਿਚ ਕੋਈ ਵਾਦ-ਵਿਵਾਦ ਨਹੀਂ ਸੀ, ਨਾ ਹੀ ਪ੍ਰਬੰਧਕਾਂ ਵਿਚ ਸੀ। ਕੇਵਲ ਲੰਗਰ ਛਕਣਾ ਹੀ ਸਭ ਦੇ ਸਾਮ੍ਹਣੇ ਹੋਇਆ ਕਰਦਾ ਸੀ।

ਸੰਗਤਾਂ ਦੇ ਇਕੱਠ ਨੂੰ ਦੇਖ ਕੇ ਇਹ ਜ਼ਰੂਰੀ ਸਮਝਿਆ ਗਿਆ ਕਿ ਕੋਈ ਵੱਡਾ ਹਾਲ ਕਿਰਾਏ ਤੇ ਲਿਆ ਜਾਵੇ। ਖੋਜ ਕਰਨ ਉਪਰੰਤ ਬਹੁਤ ਸਾਰੇ ਪ੍ਰੇਮੀਆਂ ਨੇ ਰਲ ਕੇ ਇਕ ਹਿੰਦੂ ਮੰਦਰ ਦੀ ਪ੍ਰਬੰਧਕ ਕਮੇਟੀ ਤੋਂ ਮੰਦਰ ਨਾਲ ਲਗਦਾ ਹਾਲ ਕਿਰਾਏ ਤੇ ਲੈ ਲਿਆ ਜਿਥੇ ਤਕਰੀਬਨ ਇਕ ਹਜ਼ਾਰ ਕਾਰ ਉਸ ਮੰਦਰ ਦੀ ਪਾਰਕਿੰਗ ਵਿਚ ਅਤੇ ਇਕ ਨਾਲ ਲਗਦੀ ਵੱਡੀ ਬਿਲਡਿੰਗ ਦੀ ਪਾਰਕਿੰਗ ਵਿਚ ਖੜ੍ਹਿਆ ਕਰਦੀ ਸੀ। ਇਸ ਪ੍ਰਬੰਧ ਨੂੰ ਦੇਖਣ ਲਈ ਸ੍ਰੀ ਰਸ਼ਪਾਲ ਮਲਹੋਤਰਾ ਸਾਨਫਰਾਂਸਿਸਕੋ ਗਏ ਸਨ ਜਿਥੋਂ ਸਨੀਵਿਲਾ 20 ਕੁ ਮਿੰਟ ਦਾ ਰਸਤਾ ਸੀ।

ਅੱਜ ਸਾਰਾ ਦਿਨ ਦੂਰ-ਦੂਰ ਤੋਂ ਆਈਆਂ ਸੰਗਤਾਂ ਨੂੰ ਮੈਂ ਮਿਲਦਾ ਰਿਹਾ ਅਤੇ ਦੁਪਹਿਰ ਪਿਛੋਂ ਨੇੜੇ-ਨੇੜੇ ਦੇ ਫਾਰਮ ਜੋ ਲੋਧੀ ਅਤੇ ਦਿੱਲੀ ਦੇ ਏਰੀਏ ਵਿਚ ਸਨ, ਉਥੇ ਚਰਨ ਪਾਉਣ ਗਿਆ। ਲੋਧੀ ਅਤੇ ਦਿੱਲੀ ਨਾਮ ਦੀਆਂ ਥਾਵਾਂ ਕੈਲੇਫੋਰਨੀਆਂ ਵਿਚ ਵੀ ਹਨ।

ਅੱਜ 18 ਮਾਰਚ ਨੂੰ ਹਰ ਰੋਜ਼ ਦੀ ਤਰ੍ਹਾਂ ਨਾਸ਼ਤਾ ਕਰਕੇ ਬਾਹਰ ਬੈਠੀਆਂ ਸੰਗਤਾਂ, ਜੋ ਦੂਰ-ਦੂਰ ਤੋਂ ਸਰਦਾਰ ਮਹਿੰਦਰ ਸਿੰਘ ਗਿੱਲ ਦੇ ਗ੍ਰਹਿ ਵਿਚ ਆ ਕੇ ਮਿਲਣ ਲਈ ਪਹੁੰਚੀਆਂ ਸਨ, ਉਨ੍ਹਾਂ ਨੂੰ ਮਿਲਿਆ। ਉਥੇ ਵੀ ਦੋ ਤਿੰਨ ਕਿਸਮ ਦੀਆਂ ਹੀ ਗੱਲਾਂ ਮੇਰੇ ਸਾਮ੍ਹਣੇ ਆਇਆ ਕਰਦੀਆਂ ਸਨ, ਪਹਿਲੀ ਤਾਂ ਇਹ ਹੋਇਆ ਕਰਦੀ ਸੀ ਕਿ ਸਾਡੀ ਕਮਾਈ ਵਿਚ ਬਰਕਤ ਨਹੀਂ ਪੈਂਦੀ, ਸਾਰਾ ਟੱਬਰ ਦਿਨ ਰਾਤ ਕੰਮ ਕਰਦਾ ਰਹਿੰਦਾ ਹੈ। ਦੂਸਰੀ ਗੱਲ ਇਹ ਹੋਇਆ ਕਰਦੀ ਸੀ ਕਿ

ਮੈਂ ਸਾਰੀਆਂ ਦਵਾਈਆਂ ਕਰਕੇ ਦੇਖ ਲਈਆਂ ਪਰ ਮੇਰਾ ਸਵੱਸਥ ਠੀਕ ਨਹੀਂ ਰਹਿੰਦਾ। ਤੀਸਰੀ ਗੱਲ ਹੋਇਆ ਕਰਦੀ ਸੀ ਓਲਾਦ ਬਾਰੇ। ਕਦੇ-ਕਦੇ ਕੋਈ ਕੋਈ ਪ੍ਰੇਮੀ ਆਇਆ ਕਰਦਾ ਸੀ ਜੋ ਰੂਹਾਨੀ ਪ੍ਰਸ਼ਨ ਪੁਛਿਆ ਕਰਦਾ ਸੀ। ਪ੍ਰੇਮੀਆਂ ਨੂੰ ਉਤਰ ਦਿੰਦੇ ਕਾਫੀ ਸਮਾਂ ਲਗ ਜਾਇਆ ਕਰਦਾ ਸੀ, ਫੇਰ ਹਰ ਰੋਜ਼ ਦੀ ਤਰ੍ਹਾਂ ਕਾਰ ਵਿਚ ਸਵਾਰ ਹੋ ਜਾਣਾ ਅਤੇ ਮਿਥੇ ਹੋਏ ਪ੍ਰੋਗਰਾਮ ਦੇ ਮੁਤਾਬਿਕ ਸਰਦਾਰ ਮਹਿੰਦਰ ਸਿੰਘ ਗਿੱਲ ਨੇ ਉਨ੍ਹਾਂ ਥਾਵਾਂ ਲਈ ਚਲ ਪੈਣਾ। ਅਸਾਡੀ ਕਾਰ ਦੇ ਪਿਛੇ ਜਥੇ ਦੇ ਸਿੰਘਾਂ ਦੀ ਵੈਨ ਹੋਇਆ ਕਰਦੀ ਸੀ।

ਅੱਜ 18 ਮਾਰਚ ਨੂੰ ਅਸੀਂ ਸਾਊਥ ਵਲ ਨੂੰ ਜਾ ਰਹੇ ਸੀ, ਡਾਕਟਰ ਜਸਬੀਰ ਸੋਨੀ ਨੇ ਮੈਨੂੰ ਦਵਾਈਆਂ ਮਿਥੇ ਸਮੇਂ ਮੁਤਾਬਿਕ ਲੈਣ ਲਈ ਬਹੁਤ ਸਾਵਧਾਨ ਕੀਤਾ ਹੋਇਆ ਸੀ ਪਰ ਮੈਂ ਇਸ ਮਸਲੇ ਵਿਚ ਬਹੁਤ ਹੀ ਅਵਸੇਲਾ ਰਹਿੰਦਾ ਸੀ। ਮੇਰਾ ਸਰੀਰ ਠੀਕ ਸੀ, ਸਵਸੱਥ ਵਿਚ ਕੋਈ ਗੜਬੜ ਨਹੀਂ ਸੀ। ਉਂਝ ਮੈਨੂੰ ਖਾਣ ਪੀਣ ਦੀ ਬੇਪਰਹੇਜ਼ੀ ਨੇ ਖੰਘ ਵੀ ਕਰ ਦਿਤੀ ਅਤੇ ਪੇਟ ਵਿਚ ਗੈਸ ਰਹਿਣ ਲੱਗੀ। ਅੱਜ ਦਾ ਪ੍ਰੋਗਰਾਮ ਫਾਰਮਾਂ ਵਿਚ ਸੀ। ਛੋਟੇ-ਛੋਟੇ ਫਾਰਮਾਂ ਵਿਚ ਮੈਂ ਗਿਆ, ਜ਼ਿਆਦਾਤਰ ਫਾਰਮ ਬਦਾਮਾਂ ਦੇ ਹੀ ਸਨ, ਬਦਾਮਾਂ ਦੇ ਫਾਰਮਾਂ ਨੂੰ ਚਿੱਟੇ ਗੁਲਾਬੀ ਭਾਅ ਮਾਰਦੇ ਫੁੱਲ ਆਏ ਹੋਏ ਸਨ। ਅਜੇ ਬਦਾਮਾਂ ਦੀਆਂ ਡੋਡੀਆਂ ਬਹੁਤ ਛੋਟੀਆਂ ਗੁਛਿਆਂ ਦੇ ਰੂਪ ਵਿਚ ਸਨ। ਸੋ ਇਨ੍ਹਾਂ ਦੇ ਵਿਚੀਂ ਹੁੰਦੇ ਹੋਏ ਅਸੀਂ ਕਈ ਫਾਰਮਾਂ ਵਿਚ ਗਏ, ਫਾਰਮਾਂ ਵਾਲੇ ਆਪਣੇ ਫਾਰਮ ਵਿਚ ਹੀ ਰਹਿੰਦੇ ਸਨ, ਅਮਰੀਕਾ ਵਿਚ ਅਸਾਡੇ ਵਾਂਗੂੰ ਲੇਬਰਾਂ ਫਾਰਮਾਂ ਵਿਚ ਨਹੀਂ ਰਿਹਾ ਕਰਦੀਆਂ, ਲੇਬਰ ਦੀ ਵਰਤੋਂ ਬਹੁਤ ਹੀ ਘੱਟ ਕੀਤੀ ਜਾਂਦੀ ਹੈ ਕਿਉਂਕਿ ਲੇਬਰ ਕਰਨ ਵਾਲੇ ਮਜ਼ਦੂਰ ਦੀ ਘੱਟੋ ਘੱਟ ਤਨਖਾਹ ਛੇ-ਸੱਤ-ਅੱਠ ਡਾਲਰ ਇਕ ਘੰਟੇ ਦੀ ਹੋਣ ਕਰਕੇ ਕਾਫੀ ਮਹਿੰਗੀ ਪੈਂਦੀ ਹੈ। ਇਸ ਦੇ ਮੁਕਾਬਲੇ ਵਿਚ ਹਰ ਫਾਰਮ ਵਿਚ ਲੋੜੀਂਦੀਆਂ ਮਸ਼ੀਨਾਂ ਹਨ ਜਿਨ੍ਹਾਂ ਰਾਹੀਂ ਕੰਮ ਲਿਆ ਜਾਂਦਾ ਹੈ। ਇਸ ਕਰਕੇ ਫਾਰਮ ਵਿਚ ਫਾਰਮ ਦਾ ਮਾਲਕ ਆਪਣੇ ਪਰਿਵਾਰ ਨਾਲ ਇਕੱਲਾ ਹੀ ਰਹਿੰਦਾ ਹੈ। ਇਸ ਤਰ੍ਹਾਂ ਦੂਰ ਤਕ ਇਹ ਫਾਰਮ ਫੈਲੇ ਹੁੰਦੇ ਹਨ। ਆਮ ਤੌਰ ਤੇ ਪੰਜਾਬੀ ਸਿੱਖਾਂ ਨੇ ਆਪਣੇ ਸੁਭਾਅ ਦੇ ਮੁਤਾਬਿਕ ਬਹੁਤ ਸਾਰੇ ਫਾਰਮ ਖਰੀਦੇ ਹੋਏ ਹਨ, ਮੈਂ ਉਨ੍ਹਾਂ ਦੀ ਮਾਇਕ ਹਾਲਤ ਬਾਰੇ ਤਾਂ ਕੋਈ ਗੱਲ ਨਹੀਂ ਕਰ ਸਕਿਆ ਕਿਉਂਕਿ ਐਨੀ ਪੁਛਗਿੱਛ ਦਾ ਸਮਾਂ ਹੀ ਨਹੀਂ ਸੀ ਹੁੰਦਾ। ਪਰ ਮੈਂ ਅੰਦਾਜ਼ਾ ਲਾ ਲੈਂਦਾ ਸੀ ਕਿ ਇਨ੍ਹਾਂ ਕਿਸਾਨਾਂ ਦੀ ਹਾਲਤ

ਉਸੇ ਤਰ੍ਹਾਂ ਦੀ ਹੈ ਜਿਸ ਤਰ੍ਹਾਂ ਯੂ.ਪੀ. ਵਿਚ ਵਸਦੇ ਕਿਸਾਨਾਂ ਦੀ ਮੈਂ ਦੇਖੀ ਹੈ। ਆਮ ਤੌਰ ਤੇ ਇਹ ਛੋਟੇ ਫਾਰਮ 100-150 ਏਕੜ ਦੇ ਹੋਇਆ ਕਰਦੇ ਹਨ। ਉਥੇਂ ਬੈਂਕ ਬਹੁਤ ਖੁਲ੍ਹੇ ਦਿਲ ਨਾਲ ਕਰਜ਼ੇ ਦਿੰਦੇ ਹਨ ਜਿਸ ਦਾ ਵਿਆਜ ਵੀ ਕਾਫੀ ਹੈ, ਉਹ ਆਮ ਤੌਰ ਤੇ ਕਿਸਾਨਾਂ ਦੀ ਹਾਲਤ ਪਤਲੀ ਹੀ ਰਖਦਾ ਸੀ। ਸੋ ਮੈਂ ਬਹੁਤ ਸਾਰਿਆਂ ਦੇ ਚਿਹਰਿਆਂ ਤੇ ਚਿੰਤਾਂ ਦੇ ਚਿੰਨ੍ਹ ਪੜ੍ਹ ਲਿਆ ਕਰਦਾ ਸੀ। ਕਿਤੇ-ਕਿਤੇ ਕੋਈ ਕਿਸਾਨ ਐਸਾ ਮਿਲਦਾ ਸੀ ਜੋ ਬਹੁਤ ਹੀ ਵੱਡੀਆਂ ਪ੍ਰਾਪਤੀਆਂ ਕਰ ਚੁਕਿਆ ਹੁੰਦਾ ਸੀ, ਕਲ੍ਹ ਹੀ ਮੈਂ ਜ਼ਿਕਰ ਕੀਤਾ ਸੀ ਕਿ ਮੈਂ ਯੂਬਾਸਿਟੀ ਕੀਰਤਨ ਲਈ ਗਿਆ ਅਤੇ ਅਮਰੀਕਾ ਦਾ ਪ੍ਰਸਿੱਧ ਕਿਸਾਨ ਸਰਦਾਰ ਦੀਦਾਰ ਸਿੰਘ ਬੈਂਸ ਮੈਨੂੰ ਮਿਲਿਆ ਸੀ, ਜਿਸ ਦੇ ਬਾਰੇ ਮਸ਼ਹੂਰ ਹੈ ਕਿ ਉਸ ਦੀ ਜ਼ਮੀਨ ਵਿਚ ਹੀ ਯੂਬਾਸਿਟੀ ਬਣੀ ਹੋਈ ਹੈ।

ਇਸੇ ਤਰ੍ਹਾਂ ਨਾਲ ਅੱਜ ਮੈਂ Silma Sikh Centre ਵਿਚ ਕੀਰਤਨ ਕਰਨਾ ਸੀ, ਉਸ ਤੋਂ ਪਹਿਲਾਂ ਦਿਨ ਵਿਚ ਕਈ ਫਾਰਮਾਂ ਵਿਚ ਚਰਨ ਪਾਏ, ਜਿਨ੍ਹਾਂ ਵਿਚੋਂ ਸਰਦਾਰ ਚਰਨਜੀਤ ਸਿੰਘ ਬਾਠ ਦੇ ਫਾਰਮ ਵਿਚ ਗਿਆ, ਫਾਰਮ ਵਿਚ ਬਹੁਤ ਹੀ ਸੋਹਣੀ ਕੋਠੀ ਉਨ੍ਹਾਂ ਨੇ ਆਪਣੀ ਰਿਹਾਇਸ਼ ਲਈ ਬਣਾਈ ਹੋਈ ਸੀ ਜਿਸ ਵਿਚ ਛੇ ਰਿਹਾਇਸ਼ੀ ਕਮਰੇ ਸਨ, ਕੋਠੀ ਦੋ ਮੰਜ਼ਲੀ ਸੀ, ਉਸ ਦੀ ਸਜਾਵਟ ਪੁਰਾਣੇ ਸਮੇਂ ਦੇ ਰਾਜਿਆਂ ਮਹਾਰਾਜਿਆਂ ਨਾਲੋਂ ਘੱਟ ਨਹੀਂ ਸੀ, ਉਸ ਤੋਂ ਵਧ ਹੀ ਹੋਵੇਗੀ। ਘਰ ਦੇ ਪਿਛਲੇ ਪਾਸੇ ਐਨੀ ਮਸ਼ੀਨਰੀ ਸੀ ਜਿਸ ਨੂੰ ਦੇਖ ਕੇ ਹੈਰਾਨ ਹੋ ਜਾਈਦਾ ਹੈ ਅਤੇ ਵਾਹਿਗੁਰੂ ਜੀ ਦਾ ਧੰਨਵਾਦ ਕੀਤਾ ਜਾਂਦਾ ਹੈ ਕਿ ਪਾਤਸ਼ਾਹ ਨੇ ਜੀਅ ਭਰ ਕੇ ਅਮੀਰੀਆਂ ਆਪਣੇ ਗੁਰਸਿਖਾਂ ਨੂੰ ਬਖਸ਼ੀਆਂ ਹਨ। ਸਰਦਾਰ ਚਰਨਜੀਤ ਸਿੰਘ ਬਾਠ ਦਾ ਫਾਰਮ 8000 ਏਕੜ ਦਾ ਸੀ ਜਿਸ ਦੀਆਂ ਬਾਹੀਆਂ ਦੀ ਲੰਬਾਈ ਚਾਰ ਮੀਲ ਲੰਮੀ ਅਤੇ ਤਿੰਨ ਮੀਲ ਚੌੜੀ ਸੀ। ਉਹ ਕੇਵਲ ਦਾਖਾਂ ਹੀ ਆਪਣੇ ਫਾਰਮ ਵਿਚ ਤਿਆਰ ਕਰਦੇ ਹਨ। ਆਮ ਤੌਰ ਤੇ ਕਾਲੀ ਦਾਖ ਜ਼ਿਆਦਾ ਪਸੰਦ ਕੀਤੀ ਜਾਂਦੀ ਹੈ। ਵਾਹਿਗੁਰੂ ਜੀ ਦੀ ਉਸ ਉਪਰ ਐਨੀ ਕ੍ਰਿਪਾ ਹੈ ਕਿ ਜਦੋਂ ਕੈਲੋਫੋਰਨੀਆਂ ਵਿਚ ਬਹੁਤ ਸਾਰੇ ਕਿਸਾਨਾਂ ਦੀ ਅਗੂੰਰਾਂ ਦੀ ਖੇਤੀ ਨੂੰ ਭਾਰੀ ਨੁਕਸਾਨ ਪਹੁੰਚਿਆ ਸੀ ਤਾਂ ਚਰਨਜੀਤ ਸਿੰਘ ਬਾਠ ਦੀ ਖੇਤੀ ਪੂਰੀ ਤਰ੍ਹਾਂ ਸੁਰਖਿਸ਼ਤ ਰਹੀ। ਇਸ ਨੂੰ ਦਾਖਾਂ ਦਾ ਬਾਦਸ਼ਾਹ ਆਖਦੇ ਹਨ। ਸਰਦਾਰ ਚਰਨਜੀਤ ਸਿੰਘ ਜੀ ਵਿਚ ਆਪਣੀ ਅਮੀਰੀ

ਦਾ ਕੋਈ ਵੀ ਮਾਣ ਨਹੀਂ ਹੈ, ਉਹ ਇਕ ਬਹੁਤ ਸੁਲਝੇ ਹੋਏ ਪ੍ਰੇਮੀ ਹਨ। ਉਨ੍ਹਾਂ ਨੇ ਹੋਰ ਕਿਸਾਨਾਂ ਨਾਲ ਰਲ ਕੇ Silma Sikh Centre ਫਾਰਮਾਂ ਵਿਚਕਾਰ ਵਸੇ ਛੋਟੇ ਜਿਹੇ ਸੁੰਦਰ ਸ਼ਹਿਰ ਵਿਚ ਬਣਾਇਆ ਹੋਇਆ ਸੀ। ਸਰਦਾਰ ਚਰਨਜੀਤ ਸਿੰਘ ਜੀ ਨੇ ਕਿਹਾ ਕਿ ਮੈਂ ਆਪਣੀ ਜ਼ਮੀਨ ਵਿਚ ਲੱਗੇ ਬਾਗ ਆਪ ਨੂੰ ਵਿਖਾਉਣਾ ਚਾਹੁੰਦਾ ਹਾਂ ਪਰ ਮੈਂ ਕਿਹਾ ਕਿ ਤੁਹਾਡੇ ਫਾਰਮਾਂ ਦੇ ਦੁਆਲੇ ਘੁੰਮਣ ਲਈ ਸਾਨੂੰ 20 ਕਿਲੋਮੀਟਰ ਸਫਰ ਕਰਨਾ ਪੈਣਾ ਹੈ। ਮੈਂ ਕੋਠੀ ਉਪਰ ਚੜ੍ਹ ਕੇ ਹੀ ਦੇਖ ਲਿਆ। ਸਮਾਂ ਨਾ ਹੋਣ ਕਰਕੇ ਐਨਾ ਸਫਰ ਕਰਨਾ ਮੁਸ਼ਕਲ ਸੀ। ਇਸ ਪਿਛੋਂ ਇਸੇ ਨਾਮ ਦਾ ਇਕ ਹੋਰ ਪ੍ਰੇਮੀ ਚਰਨਜੀਤ ਸਿੰਘ ਸਹੋਤਾ ਸੀ, ਉਹ ਫਿਲੌਰ ਨੇੜੇ ਬੜੇ ਪਿੰਡ ਦਾ ਵਸਨੀਕ ਸੀ ਉਸ ਨੇ ਵੀ ਉਥੇ ਜਾ ਕੇ ਫਾਰਮ ਖਰੀਦਿਆ ਹੋਇਆ ਸੀ, ਉਹ ਗੁਰਦਵਾਰਾ ਸਾਹਿਬ ਦਾ ਪ੍ਰਧਾਨ ਵੀ ਹੈ ਅਤੇ ਚੰਗਾ ਮਾਨਯੋਗ ਪ੍ਰੇਮੀ ਹੈ, ਉਸ ਨੇ ਬੇਨਤੀ ਕਰਕੇ ਰਾਤ ਦਾ ਪ੍ਰਸ਼ਾਦਾ ਛਕਾਉਣ ਲਈ ਪ੍ਰੋਗਰਾਮ ਬਣਾ ਲਿਆ। ਕੀਰਤਨ ਪਿਛੋਂ ਜਥੇ ਨੇ ਉਥੇ ਜਾ ਕੇ ਪ੍ਰਸ਼ਾਦਾ ਛਕਿਆ। ਅੱਜ ਪਹਿਲੀ ਵਾਰੀ ਮੈਂ ਵੀ ਇਕ ਫੁਲਕਾ ਉਥੇ ਛਕਿਆ ਕਿਉਂਕਿ ਮੈਂ ਆਮ ਤੌਰ ਤੇ ਰਾਤ ਦਾ ਪ੍ਰਸ਼ਾਦਾ ਰਾਤ ਦੇ ਬਾਰ੍ਹਾਂ-ਇਕ ਵਜੇ ਆ ਕੇ ਟਰਲੌਕ ਹੀ ਛਕਿਆ ਕਰਦਾ ਸੀ। ਸਰਦਾਰ ਮਹਿੰਦਰ ਸਿੰਘ ਗਿੱਲ ਦੇ ਘਰੋਂ ਬੀਬੀ ਨਰਿੰਦਰ ਗਿੱਲ ਬਹੁਤ ਹੀ ਸੂਝ ਵਾਲੀ ਬੀਬੀ ਹੈ, ਉਹ ਵੀ ਦੀਵਾਨ ਤੇ ਦੂਰ-ਦੂਰ ਤਕ ਜਾਇਆ ਕਰਦੀ ਸੀ। ਸਰਦਾਰ ਮਹਿੰਦਰ ਸਿੰਘ ਗਿੱਲ ਦਾ ਪਰਿਵਾਰ ਵੱਖੋ-ਵੱਖਰੇ ਸ਼ਹਿਰਾਂ ਤੋਂ ਟਰਲੋਕ ਆ ਕੇ ਪ੍ਰਸ਼ਾਦੇ ਵਗੈਰਾ ਦੀ ਸੇਵਾ ਕਰਿਆ ਕਰਦਾ ਸੀ। ਸੋ ਬੀਬੀ ਨਰਿੰਦਰ ਨੇ ਇਕ ਵਜੇ ਰਾਤ ਦੇ ਤਾਜ਼ਾ ਪ੍ਰਸ਼ਾਦਾ ਤਿਆਰ ਕਰਕੇ ਛਕਾਉਣ ਦਾ ਨੇਮ ਰੱਖਿਆ ਹੋਇਆ ਸੀ।

ਅੱਜ ਸਾਰੇ ਫਾਰਮਾਂ ਵਿਚ ਮੈਂ ਚਰਨ ਪਾਏ, ਉਥੇ ਇਕ ਛੋਟਾ ਜਿਹਾ ਸ਼ਹਿਰ ਕਿਸਾਨਾਂ ਦਾ ਬਣਿਆ ਹੋਇਆ ਸੀ ਉਥੇ ਇਕ ਘਰ ਮੈਂ ਚਰਨ ਪਾਉਣ ਗਿਆ ਤਾਂ ਮੈਂ ਹੈਰਾਨ ਹੋ ਗਿਆ ਕਿ ਸਰਦਾਰ ਗੁਰਦਿਆਲ ਸਿੰਘ ਬੈਂਸ ਦੀ ਲੜਕੀ ਇਥੇ ਰਹਿ ਰਹੀ ਹੈ, ਸਰਦਾਰ ਗੁਰਦਿਆਲ ਸਿੰਘ ਬੈਂਸ ਦਾ ਫਾਰਮ ਯੂ.ਪੀ. ਵਿਚ ਕੋਤਲਖੇੜੇ ਪਿੰਡ ਵਿਚ ਹੈ, ਜੋ ਮੇਰੇ ਫਾਰਮ ਤੋਂ ਡੇਢ ਕੁ ਮੀਲ ਦੀ ਵਿਥ ਤੇ ਸਥਿਤ ਹੈ। ਉਸ ਦੀਆਂ ਦੋ ਲੜਕੀਆਂ ਅਮਰੀਕਾ ਵਿਚ ਹਨ, ਬਹੁਤ ਸਮਾਂ ਬੀਤਣ ਪਿਛੋਂ ਮੈਂ ਉਸ ਬੱਚੀ ਨੂੰ ਮਿਲਿਆ ਸੀ। ਇਹ ਬੱਚੀ ਜਦੋਂ

ਛੋਟੀ ਜਿਹੀ ਸੀ ਤਾਂ ਅਸਾਡੀ ਰਿਸ਼ਤੇਦਾਰੀ ਹੋਣ ਕਰਕੇ ਮੇਰੇ ਪਾਸ ਆਪਣੀ ਭੈਣ ਸਮੇਤ ਮਿਲਣ ਆਇਆ ਕਰਦੀ ਸੀ। ਉਥੇ ਕਾਫੀ ਸੰਗਤ ਇਕੱਠੀ ਹੋਈ ਹੋਈ ਸੀ, ਉਸ ਬੀਬੀ ਦੇ ਮਨ ਵਿਚ ਬਹੁਤ ਉਦਾਸੀ ਸੀ ਕਿਉਂਕਿ ਉਨ੍ਹਾਂ ਦਾ ਇਕੋ ਇਕ ਭਰਾ ਬਲੱਡ ਕੈਂਸਰ ਨਾਲ ਚੜ੍ਹਾਈ ਕਰ ਚੁਕਿਆ ਸੀ, ਉਥੇ ਮੈਂ ਸਾਰੀ ਸੰਗਤ ਵਿਚ ਹੀ ਦਸਿਆ ਕਿ ਸੰਸਾਰ ਦੇ ਵਿਚ ਜੋ ਕੁਝ ਵੀ ਬਣਿਆ ਹੋਇਆ ਹੈ ਉਸ ਵਿਚ ਬਣਦੇ ਸਾਰ ਹੀ ਪਰਿਵਰਤਨ ਸ਼ੁਰੂ ਹੋ ਜਾਂਦਾ ਹੈ, ਇਕ ਮਿੰਟ ਦੇ ਲਖਵੇਂ ਹਿੱਸੇ ਸਮੇਂ ਵਿਚ ਵੀ ਪਰਿਵਰਤਨ ਹੁੰਦਾ ਹੈ। ਪਹਿਲਾਂ ਪ੍ਰਕ੍ਰਿਤੀ ਦਾ ਹਰ ਰੂਪ ਹੋਂਦ ਵਿਚ ਆਇਆ ਹੋਇਆ ਉਸੇ ਵਿਉਂਤ ਦੇ ਹਿਸਾਬ ਨਾਲ ਪਸਰਦਾ ਹੈ ਜੋ ਉਸ ਦੀ ਬਣਤਰ ਮੁਤਾਬਿਕ ਉਸ ਦਾ ਰੂਪ ਪ੍ਰਗਟ ਹੋਣਾ ਹੁੰਦਾ ਹੈ। ਹਰ ਰੂਪ ਆਪਣੇ ਬੀਜ ਰੂਪ ਵਿਚ ਹੀ ਪੂਰੀ ਤਰ੍ਹਾਂ ਵਸਿਆ ਹੁੰਦਾ ਹੈ। ਪਹਿਲਾਂ ਪ੍ਰਕ੍ਰਿਤੀ ਦੀ ਹਰ ਚੀਜ਼ ਵਧਦੀ ਹੈ, ਫੇਰ ਠਹਿਰਦੀ ਪ੍ਰਤੀਤ ਦਿੰਦੀ ਹੈ, ਉਸ ਪਿਛੋਂ ਉਹ ਘਟਣੀ ਸ਼ੁਰੂ ਹੋ ਜਾਂਦੀ ਹੈ ਅਤੇ ਅਖੀਰ ਨਾਸ਼ ਹੋ ਜਾਂਦੀ ਹੈ, ਇਹ ਇਕ ਮਾਇਕ ਚੱਕਰ ਹੈ ਜੋ ਅਨੰਤ ਕਾਲ ਤੋਂ, ਜਦੋਂ ਤੋਂ ਵਾਹਿਗੁਰੂ ਜੀ ਨੇ ਸ੍ਰਿਸ਼ਟੀ ਸਾਜ ਕੇ ਆਪਣੀ ਮਾਇਆ ਦਾ ਪਸਾਰਾ ਕੀਤਾ ਹੈ, ਵਰਤ ਰਹੀ ਹੈ। ਗੁਰੂ ਮਹਾਰਾਜ ਜੀ ਨੇ ਆਪਣੀ ਪਵਿੱਤਰ ਬਾਣੀ ਵਿਚ ਕਿਹਾ ਹੈ –

***ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ॥***

***ਪੰਨਾ – 138***

ਦਾਸ ਸਾਲ ਦੀ ਆਯੂ ਤਕ ਬਾਲਕ ਬੁੱਧ ਰਹਿੰਦਾ ਹੈ, ਜਿਸ ਨੂੰ ਕਿਸ਼ੋਰ ਅਵਸਥਾ ਵੀ ਕਹਿੰਦੇ ਹਨ, ਦਸ ਸਾਲ ਲੰਘ ਜਾਣ ਪਿਛੋਂ ਜਵਾਨੀ ਸ਼ੁਰੂ ਹੁੰਦੀ ਹੈ ਅਤੇ 20 ਸਾਲ ਦੀ ਉਮਰ ਵਿਚ ਹਰ ਪ੍ਰਾਣੀ ਜਵਾਨੀ ਮਹਿਸੂਸ ਕਰਦਾ ਹੈ, 30 ਸਾਲ ਦੀ ਉਮਰ ਤਕ ਪਹੁੰਚਦਿਆਂ ਉਹ ਆਪਣੇ ਜੋਬਨ ਦੇ ਸਿਖਰ ਤੇ ਹੁੰਦਾ ਹੈ, 40 ਸਾਲ ਦੀ ਉਮਰ ਤਕ ਜਿੰਨਾਂ ਉਸ ਨੇ ਵਧਣਾ ਹੁੰਦਾ ਹੈ ਉਨਾਂ ਪੂਰਾ ਹੋ ਜਾਂਦਾ ਹੈ, ਉਸ ਪਿਛੋਂ ਇਕ ਘੋਲ ਚਲਦਾ ਰਹਿੰਦਾ ਹੈ ਕਿ ਇਸ ਪੂਰੇ ਜੋਬਨ ਨੂੰ ਕਾਇਮ ਰੱਖਿਆ ਜਾਵੇ ਪਰ ਇਹ ਦੂਜਾ ਮੋੜ ਲੈ ਲੈਂਦਾ ਹੈ। ਇਹ ਸੰਘਰਸ਼ ਹਰ ਸਰੀਰ ਵਿਚ ਹੁੰਦਾ ਹੈ। ਇਹ ਦੱਸ ਸਾਲ ਦਾ ਸੰਘਰਸ਼ ਸਰੀਰ ਨੂੰ 50 ਸਾਲ ਦੀ ਉਮਰ ਤਕ ਲੈ ਜਾਂਦਾ ਹੈ ਅਤੇ ਉਥੋਂ ਇਸ ਦਾ ਪੈਰ ਖਿਸਕ ਜਾਂਦਾ ਹੈ, ਹੁਣ ਇਸੇ ਸਰੀਰ ਦੀ ਤਿਲਕਣ ਬੁਢਾਪੇ

ਵਲ ਨੂੰ ਰੇੜ੍ਹ ਖਾਂਦੀ ਹੈ। 50 ਤੋਂ 60 ਸਾਲ ਤਕ ਇਹ ਅਨੇਕ ਜਤਨ ਕਰਦਾ ਹੈ ਕਿ ਮੇਰੇ ਉਪਰ ਬੁਢਾਪਾ ਨਾ ਆਵੇ ਪਰ ਜਦੋਂ 60 ਸਾਲ ਦੀ ਉਮਰ ਵਿਚ ਪਹੁੰਚ ਜਾਂਦਾ ਹੈ ਫੇਰ ਦੇਖਦਾ ਹੈ ਕਿ ਬੁਢੇਪਾ ਤਾਂ ਰੋਕਦਿਆਂ ਪਹੁੰਚ ਹੀ ਗਿਆ। ਬੁਢੇਪਾ ਅਣਸੱਦਿਆ ਮਹਿਮਾਨ ਹੈ ਜੋ ਆ ਕੇ ਫੇਰ ਪਿਛੇ ਨਹੀਂ ਪਰਤਦਾ ਅਤੇ ਅੰਤ ਵਿਚ ਆਪਣੇ ਨਾਲ ਹੀ ਲੈ ਜਾਂਦਾ ਹੈ ਜਿਸ ਦੇ ਬਾਰੇ ਬਾਬਾ ਫਰੀਦ ਜੀ ਫੁਰਮਾਨ ਕਰਦੇ ਹਨ-

*ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ॥*
*ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ॥*
*ਪੰਨਾ - 1378*

ਬੁਢਾਪੇ ਵਲ ਇਸ ਦਾ ਪੈਰ ਤੇਜ਼ੀ ਨਾਲ ਵਧਦਾ ਹੈ, ਇਸ ਦੀ ਯਾਦਦਾਸ਼ਤ ਕਮਜ਼ੋਰ ਹੋਣੀ ਸ਼ੁਰੂ ਹੋ ਜਾਂਦੀ ਹੈ ਬਹੁਤੇ ਜਾਣਿਆਂ ਪਛਾਣਿਆਂ ਦੀਆਂ ਸ਼ਕਲਾਂ ਦੀ ਪਛਾਣ ਭੁੱਲ ਜਾਂਦੀ ਹੈ ਅਤੇ 70 ਸਾਲ ਦੀ ਉਮਰ ਤਕ ਪਹੁੰਚਦਿਆਂ ਦਵਾਈਆਂ ਦਾ ਮੁਹਤਾਜ ਹੋ ਜਾਂਦਾ ਹੈ ਕਿਉਂਕਿ ਗੁਰੂ ਮਹਾਰਾਜ ਜੀ ਨੇ ਬੁਢਾਪੇ ਨੂੰ ਲਗਾਤਾਰ ਨਾ ਹਟਣ ਵਾਲਾ ਰੋਗ ਦਸਿਆ ਹੈ ਜਿਸ ਤਰ੍ਹਾਂ ਕਿ -

*ਜਬ ਲਗੁ ਜਰਾ ਰੋਗੁ ਨਹੀ ਆਇਆ॥*
*ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥*
*ਜਬ ਲਗੁ ਬਿਕਲ ਭਈ ਨਹੀ ਬਾਨੀ॥*
*ਭਜਿ ਲੇਹਿ ਰੇ ਮਨ ਸਾਰਿਗਪਾਨੀ॥ ਪੰਨਾ - 1159*

ਇਸ ਸਮੇਂ ਆਦਮੀ ਦੇ ਅੰਤਸ਼ਕਰਣ ਵਿਚ ਸਾਰੀ ਜ਼ਿੰਦਗੀ ਦੇ ਕੀਤੇ, ਸੋਚੇ ਕੰਮਾਂ ਦੇ ਪ੍ਰਭਾਵ ਪੈ ਜਾਂਦੇ ਹਨ। ਇਕ ਗੁਰਮੁਖ ਤੋਂ ਬਗੈਰ ਬਾਕੀ ਪ੍ਰਾਣੀ ਜ਼ਿੰਦਗੀ ਦੇ ਘੋਲ ਦੇ ਬੋਝ ਵਿਚ ਝੁੰਜਲਾਏ ਹੋਏ ਆਪਣੀ ਮਤ ਗਵਾਉਣੀ ਸ਼ੁਰੂ ਕਰ ਦਿੰਦੇ ਹਨ ਅਤੇ ਉਨ੍ਹਾਂ ਦੀ ਰਾਏ ਕੋਈ ਜਵਾਨ ਮੰਨਣ ਨੂੰ ਤਿਆਰ ਨਹੀਂ ਹੁੰਦਾ। ਸਗਮਾਂ ਉਸ ਨੂੰ ਮਤਹੀਣ ਵੀ ਕਹਿਣਾ ਸ਼ੁਰੂ ਕਰ ਦਿੰਦੇ ਹਨ। ਜੋ 70 ਤੋਂ 80 ਤਕ ਦੀ ਉਮਰ ਹੈ ਉਸ ਵਿਚ ਬੁੱਧੀ ਦਾ ਬਲ ਘਟਦਾ ਜਾਂਦਾ ਹੈ, ਅੱਸੀਆਂ ਤਕ ਪਹੁੰਚਦਾ ਵਿਵਹਾਰ ਦੇ ਕਾਬਲ ਨਹੀਂ ਰਹਿੰਦਾ, 80 ਸਾਲ ਤੋਂ ਉਪਰ ਇਸ ਨੂੰ ਪ੍ਰਤੱਖ ਰੂਪ ਵਿਚ ਪਤਾ ਲਗ ਜਾਂਦਾ ਹੈ ਕਿ ਹੁਣ ਮੈਂ ਭਾਵੇਂ ਲੱਖਾਂ ਦਵਾਈਆਂ ਖਾ ਲਵਾਂ, ਚਾਹੇ ਡਾਕਟਰਾਂ ਦੀਆਂ ਟੀਮਾਂ ਨੂੰ ਲਗਾਤਾਰ ਆਪਣੇ ਸਵੱਸਥ ਨੂੰ ਥੋੜ੍ਹੀ-ਥੋੜ੍ਹੀ ਦੇਰ ਪਿਛੋਂ ਪਰਖਣ ਲਈ ਪੱਕੇ ਤੌਰ ਤੇ ਰਖ ਲਵਾਂ ਪਰ ਹੁਣ ਦਿਨੋ ਦਿਨ ਸੰਸਾਰ ਤੋਂ ਜਾਣ

ਦਾ ਹੀ ਸਮਾਂ ਨੇੜੇ ਆ ਰਿਹਾ ਹੈ। ਬੰਦੇ ਦੀ ਸੋਚ ਵਿਚ ਬਹੁਤ ਫਰਕ ਆ ਜਾਂਦਾ ਹੈ। ਅੰਨੀ ਜਵਾਨੀ ਵਿਚ ਹੋਣ ਵਾਲੀਆਂ ਬੇ-ਵਿਚਾਰੀਆਂ ਗੱਲਾਂ ਹੁਣ ਇਸ ਤੋਂ ਨਹੀਂ ਹੋਣ ਲੱਗੀਆਂ, ਇਸ ਨੂੰ ਅੱਗਾ ਨੇੜੇ ਦਿਸਦਾ ਹੈ ਅਤੇ ਕਿਸੇ ਵਿਵਹਾਰ ਵਿਚ ਫਸਣ ਤੋਂ ਸੰਕੋਚ ਕਰਦਾ ਹੈ। ਗੁਰੂ ਮਹਾਰਾਜ ਜੀ ਕਹਿੰਦੇ ਹਨ ਕਿ ਇਸ 80-90 ਸਾਲ ਦੀ ਉਮਰ ਵਿਚ ਵਿਵਹਾਰ ਕਰਨੇ ਇਸ ਨੂੰ ਸ਼ੋਭਦੇ ਨਹੀਂ ਹਨ। 90 ਤਕ ਪਹੁੰਚਦਾ ਬਲਹੀਣ ਹੋ ਜਾਂਦਾ ਹੈ, ਕੋਈ ਵੀ ਅੰਗ ਸਾਥ ਨਹੀਂ ਦਿੰਦਾ, ਉਨ੍ਹਾਂ ਸਾਰੇ ਇੰਦ੍ਰਿਆਂ ਦੀ ਸ਼ਕਤੀ ਖੀਣ ਹੋ ਜਾਂਦੀ ਹੈ ਅਤੇ ਆਪੋ ਆਪਣੇ ਕਾਰਜ ਨਿਭਾਉਣੇ ਅਸਮਰੱਥ ਹੋ ਜਾਂਦੇ ਹਨ। ਜੀਵ ਦੀਆਂ ਵਾਸ਼ਨਾਵਾਂ ਉਵੇਂ ਹੀ ਰਹਿੰਦੀਆਂ ਹਨ ਸਗੋਂ ਪ੍ਰਬਲ ਹੋ ਜਾਂਦੀਆਂ ਹਨ। ਇਹ ਜਾਣ ਕੇ ਜੀਵ ਅਫਸੋਸ ਕਰਦਾ ਹੈ ਕਿ ਮੇਰੇ ਸਰੀਰ ਦੇ ਸਾਥੀ ਅੱਖਾਂ, ਨੱਕ, ਕੰਨ ਆਦਿ ਸਾਥੀ ਸਾਥ ਛੱਡ ਗਏ। ਜਿਵੇਂ ਕਿ ਬਾਣੀ ਵਿਚ ਆਉਂਦਾ ਹੈ-

***ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ॥***
***ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ॥*** ***ਪੰਨਾ - 1381***

ਅੱਖਾਂ ਪੂਰੀ ਤਰ੍ਹਾਂ ਦੇਖਦੀਆਂ ਨਹੀਂ ਹਨ, ਬਹੁਤਿਆਂ ਦੀਆਂ ਅੱਖਾਂ ਵਿਚ ਮੋਤੀਆ ਆ ਜਾਂਦਾ ਹੈ ਤਾਂ ਇਨ੍ਹਾਂ ਦਾ ਓਪਰੇਸ਼ਨ ਕਰਾ ਕੇ ਲੈਨਜ਼ ਪੁਆਉਂਦਾ ਹੈ ਇਹ ਬਣੀਆਂ ਅੱਖਾਂ ਪ੍ਰਮੇਸ਼ਰ ਦੀਆਂ ਬਣਾਈਆਂ ਅੱਖਾਂ ਦਾ ਕੰਮ ਨਹੀਂ ਕਰ ਸਕਦੀਆਂ, ਇਕ ਡੰਗ ਟਪਾਊ ਕੰਮ ਕਰਦੀਆਂ ਹਨ। ਮੋਤੀਆਂ ਵਰਗੇ ਦੰਦ ਝੜ ਜਾਂਦੇ ਹਨ, ਮੂੰਹ ਤੋਂ ਖਾਣਾ ਪੀਣਾ ਚਿਥਿਆ ਨਹੀਂ ਜਾਂਦਾ, ਸਵੱਸਥ ਵਿਗੜ ਜਾਂਦਾ ਹੈ, ਗੈਸ ਵਧ ਜਾਂਦੀ ਹੈ ਅਤੇ ਸਰੀਰ ਸਥਿਲ ਹੋਣਾ ਸ਼ੁਰੂ ਹੋ ਜਾਂਦਾ ਹੈ। ਕੰਮ ਸਾਰਨ ਵਾਸਤੇ ਦੰਦ ਲਵਾਏ ਜਾਂਦੇ ਹਨ। ਕੰਨਾਂ ਤੋਂ ਸੁਣਨਾ ਘਟ ਜਾਂਦਾ ਹੈ। ਮਹਿੰਗੀ ਤੋਂ ਮਹਿੰਗੀ ਸੁਣਨ ਵਾਲੀ ਮਸ਼ੀਨ ਲਾ ਕੇ ਵੀ ਉਹ ਗੱਲ ਨਹੀਂ ਬਣਦੀ ਜੋ ਵਾਹਿਗੁਰੂ ਜੀ ਦੇ ਲਾਏ ਹੋਏ ਕੰਨਾਂ ਵਿਚ ਪੜਦੇ ਕਰਦੇ ਹਨ। ਇਨ੍ਹਾਂ ਕੰਨਾਂ ਵਿਚ ਲਾਉਣ ਵਾਲੀਆਂ ਮਸ਼ੀਨਾਂ ਦਾ ਅਸਰ ਦਿਮਾਗ ਵਿਚ ਪੈਂਦਾ ਰਹਿੰਦਾ ਹੈ, ਉਚੀ ਬੋਲ ਨਹੀਂ ਸਕਦਾ, ਬਹੁਤ ਉਚੀ ਬੋਲੀ ਹੋਈ ਗੱਲ ਸਮਝ ਵਿਚ ਨਹੀਂ ਆਉਂਦੀ। ਇਸੇ ਤਰ੍ਹਾਂ ਨਾਲ ਸਾਰੇ ਅੰਗ ਸਾਥ ਛੱਡ ਜਾਂਦੇ ਹਨ। 90 ਸਾਲ ਦੀ ਉਮਰ ਵਿਚ ਉਸ ਨੂੰ ਆਪਣੇ ਬਲ ਉਪਰ ਵੀ ਭਰੋਸਾ ਨਹੀਂ ਹੁੰਦਾ ਅਤੇ ਹੁਣ ਉਹ ਤੁਰਦਾ ਫਿਰਦਾ ਨਹੀਂ, ਦੂਰ ਦਰਾਜ਼ ਸੈਰ ਸਪਾਟੇ ਕਰਨ ਨਹੀਂ

ਜਾਂਦਾ, ਸਗਮਾਂ ਉਸ ਨੂੰ ਪੱਕਾ ਆਸਣ ਮਿਲ ਜਾਂਦਾ ਹੈ, ਉਹ ਹੈ ਉਸ ਦਾ ਮੰਜਾ, ਬੇਵਸ ਹੋ ਜਾਂਦਾ ਹੈ। ਦੂਸਰੇ ਦੀ ਮਦਦ ਨਾਲ ਉਹ ਉਠਦਾ ਹੈ, ਦੂਸਰੇ ਦੀ ਮਦਦ ਨਾਲ ਪੈਂਦਾ ਹੈ, ਦੂਸਰੇ ਦੀ ਮਦਦ ਨਾਲ ਹੀ ਇਸ਼ਨਾਨ ਵਗੈਰਾ ਕਰਦਾ ਹੈ। ਬਾਬਾ ਫਰੀਦ ਜੀ ਫੁਰਮਾਨ ਕਰਦੇ ਹਨ ਕਿ ਇਸ ਸਰੀਰ ਦੀਆਂ ਲੱਤਾਂ ਨੇ ਬਹੁਤ ਲੰਮੇ ਸਫਰ ਕੀਤੇ, ਪਹਾੜਾਂ ਵਿਚ ਵੀ ਸਰੀਰ ਨੂੰ ਲੈ ਕੇ ਗਈਆਂ, ਵੱਡੇ ਮਾਰੂਥਲ ਵੀ ਲੰਘੀਆਂ, 200-400 ਮੀਲ ਪੈਦਲ ਜਾਣਾ ਮਾਮੂਲੀ ਗੱਲ ਸਮਝੀ ਜਾਂਦੀ ਸੀ। ਬਾਬਾ ਫਰੀਦ ਜੀ ਦੀ ਉਮਰ 90 ਸਾਲ ਤੋਂ ਉਤੇ ਸੀ ਆਪ ਜੀ ਪਾਸ ਅਜ ਕੋਈ ਸੇਵਾਦਾਰ ਨਹੀਂ ਸੀ, ਆਪ ਨੂੰ ਪਾਣੀ ਦੀ ਪਿਆਸ ਲਗਦੀ ਹੈ, ਹੁਣ ਪਾਣੀ ਕੋਲ ਹੀ ਪਿਆ ਨਜ਼ਰ ਆਉਂਦਾ ਹੈ ਪਰ ਆਪ ਉਠ ਕੇ, ਪੀਤਾ ਨਹੀਂ ਜਾਂਦਾ। ਇਸ ਬੇਵਸੀ ਨੂੰ ਆਪ ਪ੍ਰਗਟ ਕਰਦੇ ਹੋਏ ਫੁਰਮਾਨ ਕਰਦੇ ਹਨ -

***ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮਿ॥***
***ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ॥*** ***ਪੰਨਾ - 1378***

ਹੁਣ ਇਹ 90 ਸਾਲ ਤੋਂ ਸਫਰ ਕਰਦਾ ਰਿਹਾ ਵਪਾਰੀ ਬਲਹੀਨ ਹੋ ਚੁਕਿਆ ਹੈ। ਹੁਣ ਜੇ ਇਸ ਨੂੰ ਕੋਈ ਕਹੇ ਕਿ ਤੂੰ ਨਾਮ ਜਪ, ਹੁਣ ਇਸ ਨੂੰ ਨਾਮ ਜਪਣਾ ਬਹੁਤ ਔਖਾ ਹੈ ਕਿਉਂਕਿ ਵਾਸ਼ਨਾਵਾਂ ਭਰਪੂਰ ਜਵਾਨੀ ਦੇ ਬਲ ਨਾਲ ਕਾਬੂ ਹੋ ਸਕਦੀਆਂ ਹਨ। ਬੁਢਾਪੇ ਵਿਚ ਤਾਂ ਮਤਾਂ ਖਿੰਡ ਜਾਂਦੀਆਂ ਹਨ ਜਿਸ ਤਰ੍ਹਾਂ ਕਿ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ-

***ਦੂਜੇ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ॥***
***ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ॥***
***ਪੰਨਾ - 146***

ਮਨ ਦੀਆਂ ਮਤਾਂ ਖਿੰਡ ਜਾਂਦੀਆਂ ਹਨ ਅਤੇ ਸੁਰਤੀ ਇਕਾਗਰ ਨਹੀਂ ਹੁੰਦੀ, ਯਾਦ ਆਉਂਦੀ ਹੈ ਜਵਾਨੀ, ਯਾਦ ਆਉਂਦਾ ਹੈ ਬਚਪਨ। ਨਾਮ ਜਪਣ ਵਲ ਤਾਂ ਰੁਚੀ ਹੀ ਨਹੀਂ ਸੀ ਲੱਗੀ। ਜ਼ਮੀਨਾਂ, ਜਾਇਦਾਦਾਂ, ਵਪਾਰਾਂ ਵਿਚ ਰੁਚੀ ਲੱਗੀ ਹੋਈ ਸੀ, ਉਨ੍ਹਾਂ ਦੀਆਂ ਸ਼ਕਲਾਂ ਇਸ ਨੂੰ ਭਿਆਨਕ ਰੂਪ ਬਣਾ ਕੇ ਡਰਾ ਰਹੀਆਂ ਹਨ ਕਿ ਪਿਆਰਿਆ, ਸਾਨੂੰ ਤੂੰ ਮਾਣਿਆ ਪਰ ਹੁਣ ਤੇਰਾ ਅਸੀਂ ਉਸ ਥਾਂ ਸਾਥ ਨਹੀਂ ਦੇ ਸਕਣਾ ਜਿਥੇ ਜਾ ਕੇ ਤੂੰ ਰਹਿਣਾ ਤੇ ਵਸਣਾ ਹੈ। ਤੈਨੂੰ ਪਹਿਲਾਂ ਹੀ ਚਾਹੀਦਾ ਸੀ ਕਿ ਜੋ ਤੋਸ਼ਾ ਤੇਰੇ ਕੰਮ ਆਉਣਾ ਹੈ, ਉਹ ਇਕੱਠਾ ਕਰ ਲੈਂਦਾ, ਉਹ ਸੰਸਾਰ ਤੋਂ ਜਾਣ ਸਮੇਂ ਤੇਰੀ ਪੂੰਜੀ ਬਣਦਾ।

ਜੋ ਇਸ ਜਵਾਨੀ ਵਿਚ ਤੋਸਾ ਇਕੱਠਾ ਨਹੀਂ ਕਰ ਸਕਿਆ। ਹੁਣ ਬਦਲੇ ਲੈਣ ਵਾਲੀਆਂ ਪਰੇਸ਼ਾਨੀਆਂ, ਵੈਰ ਭਾਵ ਦੀਆਂ ਚੁਭਵੀਆਂ ਪੋਟਲੀਆਂ ਤੇ ਔਗੁਣਾਂ ਦੀਆਂ ਗੱਠੜੀਆਂ ਇਸ ਸੰਸਾਰ ਤੋਂ ਜਾਣ ਸਮੇਂ ਚੁਕ ਕੇ ਹਨ੍ਹੇਰੇ ਵਿਚ ਛਾਲ ਮਾਰਦਾ ਹੈ। ਇਸ ਸੰਸਾਰ ਨੂੰ ਛੱਡਣ ਉਪਰੰਤ ਕਿਥੇ ਜਾਣਾ ਹੈ, ਕੀ ਵਰਤਾਵਾ ਇਸ ਨਾਲ ਹੋਵੇਗਾ। ਇਸ ਦੀ ਜੀਵ ਨੂੰ ਕੋਈ ਖਬਰ ਨਾ ਹੋਣ ਕਰਕੇ ਸਾਰੀ ਜ਼ਿੰਦਗੀ ਬਰਬਾਦ ਕਰਕੇ ਚਲਿਆ ਜਾਂਦਾ ਹੈ। ਸੋ ਇਹ ਅਵਸਥਾ ਮੰਜੇ ਤੇ ਬੈਠਣ ਦੀ ਹੁੰਦੀ ਹੈ। ਅਖੀਰ ਗੁਰੂ ਮਹਾਰਾਜ ਜੀ ਕਹਿੰਦੇ ਹਨ ਅਸੀਂ ਸਾਰੇ ਤਲਾਸ਼ ਕਰਕੇ ਦੇਖ ਲਿਆ ਅਤੇ ਇਸ ਸਿੱਟੇ ਤੇ ਪਹੁੰਚੇ ਹਾਂ ਕਿ ਜੀਵਨ ਵਿਅਰਥ ਗੁਆ ਲਿਆ। ਪੂਰਾ ਸ਼ਬਦ ਇਸ ਤਰ੍ਹਾਂ ਹੈ –

*ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ॥*
*ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ ਸਠੀ ਕੇ ਬੋਢੇਪਾ ਆਵੈ॥*
*ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰੁ ਨ ਪਾਵੈ॥*
*ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ॥*
*ਢੰਢੋਲਿਮੁ ਢੂਢਿਮੁ ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ॥*
*ਪੰਨਾ – 138*

ਗੁਰੂ ਮਹਾਰਾਜ ਜੀ ਨੇ ਇਕ ਹੋਰ ਸ਼ਬਦ ਵਿਚ ਇਸ ਜੀਵਨ ਵਿਚ ਵਰਤਣ ਵਾਲੇ ਮਾਨਸਿਕ ਭਾਵਾਂ ਦਾ ਨਕਸ਼ਾ ਖਿਚਿਆ ਹੈ, ਜਿਸ ਵਿਚ ਆਪ ਫੁਰਮਾਨ ਕਰਦੇ ਹਨ ਕਿ ਜਦੋਂ ਇਹ ਜੀਵ ਮਾਤਾ ਦੇ ਪੇਟ ਵਿਚੋਂ ਇਸ ਸੰਸਾਰ ਵਿਚ ਪਹਿਲਾ ਹੀ ਸਾਹ ਲੈਣ ਵਾਸਤੇ ਆਉਂਦਾ ਹੈ ਉਸ ਵੇਲੇ ਇਸ ਨੂੰ ਇਕ ਦਮ ਭੁੱਖ ਲਗਦੀ ਹੈ ਅਤੇ ਮਾਤਾ ਤੋਂ ਦੁੱਧ ਦੀ ਮੰਗ ਕਰਦਾ ਹੈ। ਇਹ ਹੋਰ ਕੁਝ ਵੀ ਨਹੀਂ ਜਾਣਦਾ, ਕੇਵਲ ਉਸ ਥਾਂ ਨੂੰ ਜਾਣਦਾ ਹੈ ਜਿਥੋਂ ਇਸ ਨੂੰ ਦੁੱਧ ਮਿਲਦਾ ਹੈ। ਮਨੁੱਖ ਦੇ ਬੱਚੇ ਨੂੰ ਤਾਂ ਸਿਖਾਇਆ ਜਾਂਦਾ ਹੈ ਪਰ ਹੋਰ ਪਸ਼ੂ, ਪੰਛੀ ਆਪਣੇ ਬੱਚਿਆਂ ਨੂੰ ਨਹੀਂ ਸਿਖਾਉਂਦੇ। ਉਨ੍ਹਾਂ ਨੂੰ ਕੁਦਰਤੀ ਹੀ ਦੁੱਧ ਦੀ ਖਿੱਚ ਪੈਂਦੀ ਹੈ ਅਤੇ ਉਹ ਆਪਣੇ ਆਪ ਹੀ ਥਣਾਂ ਪਾਸ ਪਹੁੰਚ ਜਾਂਦੇ ਹਨ। ਮਹਾਰਾਜ ਜੀ ਕਹਿੰਦੇ ਹਨ ਕਿ ਪਹਿਲਾਂ ਇਸ ਨੂੰ ਥਣਾਂ ਨਾਲ ਪਿਆਰ ਪੈਂਦਾ ਹੈ ਕਿਉਂਕਿ ਉਥੋਂ ਇਸ ਨੂੰ ਦੁੱਧ ਦੀ ਪ੍ਰਾਪਤੀ ਹੁੰਦੀ ਹੈ। ਜਿਉਂ-ਜਿਉਂ ਇਸ ਵਿਚ ਸੁਰਤ ਵਧਦੀ ਹੈ, ਫੇਰ ਮਾਂ ਬਾਪ, ਭੈਣਾਂ, ਭਾਬੀਆਂ, ਰਿਸ਼ਤੇਦਾਰਾਂ ਨੂੰ ਪਛਾਣਦਾ ਹੈ ਉਨ੍ਹਾਂ ਨਾਲ ਪਿਆਰ ਪਾਉਂਦਾ ਵੱਡਾ ਹੁੰਦਾ ਹੈ। ਸਰੀਰ ਪੰਜ-ਸੱਤ ਸਾਲ ਦਾ ਹੋ ਜਾਂਦਾ ਹੈ ਉਸ ਵੇਲੇ ਇਸ ਜੀਵ ਦੀ ਰੁਚੀ

ਖੇਡਾਂ ਵਿਚ ਰਚ ਜਾਂਦੀ ਹੈ, ਇਹੋ ਬਹੁਤ ਵੱਡੀ ਉਮਰ ਤਕ ਬਣੀ ਰਹਿੰਦੀ ਹੈ, ਇਸ ਦੀਆਂ ਰੁਚੀਆਂ ਵਿਚੋਂ ਅਨੇਕ ਕਿਸਮ ਦੀਆਂ ਤ੍ਰਿਸ਼ਨਾ ਦੀਆਂ ਲਹਿਰਾਂ ਉਠਦੀਆਂ ਹਨ ਪਰ ਜ਼ਿਆਦਾ ਰੁਚੀ ਖਾਣ ਪੀਣ ਵਲ ਰਹਿੰਦੀ ਹੈ। ਖੱਟੇ-ਮਿੱਠੇ ਕੌੜੇ ਕਸੈਲੇ ਖਾਣੇ ਖਾਣ ਦੀ ਇੱਛਾ ਰਖਦਾ ਹੈ ਅਤੇ ਖਾਣ ਵਾਲੀਆਂ ਚੀਜ਼ਾਂ ਦਾ ਪੂਰੀ ਤਰ੍ਹਾਂ ਨਿਰਣਾ ਕਰਦਾ ਹੈ ਕਿ ਕਿਹੜੀਆਂ ਚੀਜ਼ਾਂ ਸਭ ਤੋਂ ਵਧੀਆ ਲਗਦੀਆਂ ਹਨ ਅਤੇ ਕਿਹੜੀਆਂ ਘਟੀਆ ਲਗਦੀਆਂ ਹਨ। ਇਸ ਨੂੰ ਅਨੇਕ ਵਾਸ਼ਨਾਵਾਂ ਆ ਕੇ ਦਬੋਚ ਲੈਂਦੀਆਂ ਹਨ। ਭਰ ਜੁਆਨੀ ਵਿਚ ਆ ਜਾਂਦਾ ਹੈ, ਉਸ ਵੇਲੇ ਦੋ ਜਜ਼ਬੇ ਇਸ ਜੀਵ ਦੇ ਅੰਤਸ਼ਕਰਣ ਉਪਰ ਹਾਵੀ ਹੁੰਦੇ ਹਨ, ਇਕ ਸ੍ਵੈ ਅਭਿਮਾਨ ਹੈ, ਦੂਸਰਾ ਕਾਮ ਹੋਇਆ ਕਰਦਾ ਹੈ। ਕਾਮ ਦੀ ਖਿੱਚ ਵਿਚ ਅੰਨਾ ਹੋ ਜਾਂਦਾ ਹੈ। ਆਪਣੀ ਕਾਮ ਪੂਰਤੀ ਲਈ ਇਹ ਜਾਤ-ਕੁਜਾਤ ਨਹੀਂ ਦੇਖਦਾ ਅਤੇ ਨਾ ਹੀ ਇਹ ਸੋਚਦਾ ਹੈ ਕਿ ਜਿਸ ਕਾਮ ਵਿਚ ਮੈਂ ਪ੍ਰਵਿਰਤ ਹੋ ਰਿਹਾ ਹਾਂ ਉਹ ਸਰੀਰ ਰੋਗੀ ਹੈ ਜਾਂ ਸਵਸੱਥ ਹੈ। ਅੱਜਕਲ AIDS ਆਦਿ ਦੀਆਂ ਬਿਮਾਰੀਆਂ ਤੇਜ਼ੀ ਨਾਲ ਭੋਗ ਆਦਿਕ ਤੋਂ ਵਧ ਰਹੀਆਂ ਹਨ। ਜਦੋਂ ਇਸ ਦੇ ਬਾਲ ਬੱਚੇ ਹੋ ਜਾਂਦੇ ਹਨ ਇਸ ਨੂੰ ਤ੍ਰਿਸ਼ਨਾ ਦਾ ਰੋਗ ਲਗ ਜਾਂਦਾ ਹੈ। ਫੇਰ ਜਾਇਦਾਦਾਂ, ਸਵਾਰੀਆਂ ਲੈਂਦਾ ਹੈ, ਅਨੇਕ ਕਿਸਮ ਦੇ ਫਰਨੀਚਰ ਆਦਿ ਖਰੀਦ ਕੇ ਘਰ ਨੂੰ ਸਜਾਉਂਦਾ ਹੈ, ਕਾਰੋਬਾਰ ਵਧਾਉਂਦਾ ਹੈ, ਇਸ ਤਰ੍ਹਾਂ ਬੱਚੇ ਪੜ੍ਹ ਜਾਂਦੇ ਹਨ, ਵਿਆਹੇ ਜਾਂਦੇ ਹਨ, ਉਹ ਆਪਣੇ ਵੱਖਰੇ-ਵੱਖਰੇ ਕੰਮਾਂ ਵਿਚ ਲਗ ਜਾਂਦ ਹਨ। ਬੱਚਿਆਂ ਦੀ ਆਪਣੀ ਦੁਨੀਆਂ ਤੁਰ ਪੈਂਦੀ ਹੈ। ਉਸ ਦਾ ਪਿਆਰ ਪਤਨੀ, ਬੱਚਿਆਂ ਵਿਚ ਹੋ ਜਾਂਦਾ ਹੈ ਅਤੇ ਮਾਂ ਬਾਪ ਵਲੋਂ ਬਿਲਕੁਲ ਕੋਰਾ ਹੋ ਕੇ ਅਕ੍ਰਿਤਘਣਤਾ ਤਕ ਪਹੁੰਚ ਜਾਂਦਾ ਹੈ। ਫਿਰ ਇਹ ਬੁੱਢਾ ਹੋ ਕੇ ਹਉਕੇ ਹਾਵਿਆਂ ਵਿਚ ਫਸ ਜਾਂਦਾ ਹੈ ਅਤੇ ਜ਼ਿੰਦਗੀ ਦਾ ਸਾਰਾ ਸੁਆਦ ਕਿਰਕਿਰਾ ਹੋ ਜਾਂਦਾ ਹੈ। ਉਨ੍ਹਾਂ ਦੀ ਕਹੀ ਹੋਈ ਗੱਲ ਨੌਜਵਾਨ ਬੱਚੇ ਨਹੀਂ ਮੰਨਦੇ ਅਤੇ ਆਪਹੁਦਰਾਪਨ ਦੇਖ ਕੇ ਬਜ਼ੁਰਗਾਂ ਨੂੰ ਗੁੱਸਾ ਆਉਂਦਾ ਹੈ ਕਿ ਮੈਂ ਇਨ੍ਹਾਂ ਲਈ ਐਨਾ ਕੁਛ ਕੀਤਾ, ਮੈਨੂੰ ਇਹ ਕੁਝ ਵੀ ਨਹੀਂ ਸਮਝਦੇ। ਇਹ ਵਧਿਆ ਹੋਇਆ ਗੁੱਸਾ ਸਰੀਰ ਦੇ ਸੈਲਾਂ ਨੂੰ ਨਸ਼ਟ ਕਰ ਦਿੰਦਾ ਹੈ। ਗੁਰੂ ਮਹਾਰਾਜ ਜੀ ਨੇ ਕਿਹਾ ਹੈ ਕਿ ਕਾਮ ਤੇ ਕ੍ਰੋਧ ਸਰੀਰ ਨੂੰ ਨਾਸ਼ ਕਰਨ ਵਾਲੇ ਸ਼ਤਰੂ ਹਨ ਜਿਸ ਤਰ੍ਹਾਂ ਸੋਨੇ ਨੂੰ ਪਿਘਲਾਉਣ ਵਾਸਤੇ ਸੁਹਾਗੇ ਦੀ ਲੋੜ ਪੈਂਦੀ ਹੈ ਇਸੇ ਤਰ੍ਹਾਂ ਸਰੀਰ ਨੂੰ ਖੀਣਤਾ

ਤਕ ਪਹੁੰਚਾਉਣ ਵਾਲੇ ਕਾਮ ਤੇ ਕ੍ਰੋਧ ਦੋ ਵੱਡੇ ਸ਼ਤਰੂ ਹਨ। ਇਸ ਤਰ੍ਹਾਂ ਸਰੀਰ ਦਾ ਨਾਸ਼ ਹੋ ਜਾਂਦਾ ਹੈ। ਹੁਣ ਸਿਵਾਏ ਉਭੇ ਸਾਹ, ਹਉਕੇ ਲੈਣ ਦੇ ਕੁਝ ਨਹੀਂ ਕਰ ਸਕਦਾ, ਪਛਤਾਵਾ ਹੀ ਪਛਤਾਵਾ ਪੱਲੇ ਪੈਂਦਾ ਹੈ। ਅਖੀਰ ਇਸ ਸੰਸਾਰ ਤੋਂ ਸਦਾ ਲਈ ਵਿਦਾ ਹੋ ਜਾਂਦਾ ਹੈ। ਜਿਸ ਸਰੀਰ ਨੂੰ ਅਨੇਕਾਂ ਪਾਪ ਕਰ ਕਰ ਕੇ ਪਾਲਿਆ ਪੋਸਿਆ ਸੀ, ਉਹ ਸਰੀਰ ਤਾਂ ਨਾਸ਼ ਹੋ ਜਾਂਦਾ ਹੈ ਪਰ ਕੀਤੇ ਹੋਏ ਕਰਮ ਨਾਲ ਜਾਂਦੇ ਹਨ। ਹੁਣ ਸੰਸਾਰ ਵਿਚ ਨਾਮ ਵੀ ਮਰ ਜਾਂਦਾ ਹੈ, ਉਸ ਦੀ ਯਾਦ ਸਭ ਪਾਸਿਆਂ ਤੋਂ ਖਤਮ ਹੋ ਜਾਂਦੀ ਹੈ। ਮਹਾਰਾਜ ਫੁਰਮਾਨ ਕਰਦੇ ਹਨ ਕਿ ਇਹ ਜੀਵਨ ਕੀ ਹੋਇਆ? ਅਖੀਰ ਆਪ ਸਿੱਟਾ ਕੱਢ ਕੇ ਦਸਦੇ ਹਨ ਕਿ ਮੂਰਖ ਸੰਸਾਰ ਮਨਮੁਖਤਾ ਵਿਚ ਡੁੱਬਿਆ ਭਵਜਲ ਵਿਚ ਗੋਤੇ ਖਾਂਦਾ ਹੈ। 84 ਲੱਖ ਜੂਨਾਂ ਦੇ ਵਿਚ ਫਸਿਆ ਹੋਇਆ ਦੁਖਾਂ ਦੀ ਚੱਕੀ ਵਿਚ ਪੀਸਿਆ ਜਾਂਦਾ ਹੈ–

*ਪਹਿਲੈ ਪਿਆਰਿ ਲਗਾ ਥਣ ਦੁਧਿ।।*
*ਦੂਜੈ ਮਾਇ ਬਾਪ ਕੀ ਸੁਧਿ॥*
*ਤੀਜੈ ਭਯਾ ਭਾਭੀ ਬੇਬ॥*
*ਚਉਥੈ ਪਿਆਰਿ ਉਪੰਨੀ ਖੇਡ।।*
*ਪੰਜਵੈ ਖਾਣ ਪੀਅਣ ਕੀ ਧਾਤੁ॥*
*ਛਿਵੈ ਕਾਮੁ ਨ ਪੁਛੈ ਜਾਤਿ॥*
*ਸਤਵੈ ਸੰਜਿ ਕੀਆ ਘਰ ਵਾਸੁ॥*
*ਅਠਵੈ ਕ੍ਰੋਧੁ ਹੋਆ ਤਨ ਨਾਸੁ॥*
*ਨਾਵੈ ਧਉਲੇ ਉਭੇ ਸਾਹ॥*
*ਦਸਵੈ ਦਧਾ ਹੋਆ ਸੁਆਹ॥*
*ਗਏ ਸਿਗੀਤ ਪੁਕਾਰੀ ਧਾਹ॥*
*ਉਡਿਆ ਹੰਸੁ ਦਸਾਏ ਰਾਹ॥*
*ਆਇਆ ਗਇਆ ਮੁਇਆ ਨਾਉ॥*
*ਪਿਛੈ ਪਤਲਿ ਸਦਿਹੁ ਕਾਵ॥*
*ਨਾਨਕ ਮਨਮੁਖਿ ਅੰਧੁ ਪਿਆਰੁ॥*
*ਬਾਝੁ ਗੁਰੂ ਡੁਬਾ ਸੰਸਾਰੁ॥* *ਪੰਨਾ - 138*

ਸੋ ਇਸ ਤਰ੍ਹਾਂ ਮੈਂ ਉਸ ਬੱਚੀ ਨੂੰ ਸਮਝਾਇਆ ਕਿ ਇਥੇ ਜੀਵ ਕਰਮਾਂ ਦੇ ਬੰਨ੍ਹੇ ਆਉਂਦੇ ਹਨ, ਸਮਾਂ ਨਿਸ਼ਚਿਤ ਹੈ ਜਦੋਂ ਸੱਚੇ ਸਾਂਈ ਦਾ ਹੁਕਮ ਵਰਤਦਾ ਹੈ ਉਸ ਵੇਲੇ ਉਹ ਸੰਸਾਰ ਨੂੰ ਛੱਡ ਜਾਇਆ ਕਰਦਾ ਹੈ, ਜੇ ਕੋਈ ਸੱਚਾ ਰਿਸ਼ਤੇਦਾਰ ਹੈ ਤਾਂ ਉਹ ਪੂਰਾ ਸਤਿਗੁਰੂ ਹੈ, ਆਪਣੇ ਨੇਕ ਅਮਲ ਹਨ ਅਤੇ ਮਹਾਂਪੁਰਸ਼ ਹਨ, ਫੁਰਮਾਨ ਹੈ –

*ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ*

*ਪਕਿਆ॥*
*ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥*

*ਪੰਨਾ - 1102*

ਬਾਕੀ ਸੰਸਾਰ ਤਾਂ ਸਾਰਾ ਆਉਣਾ ਜਾਣਾ ਹੈ। ਕੀਤੇ ਹੋਏ ਕਰਮਾਂ ਦੇ ਸੰਯੋਗ ਨਾਲ ਮੇਲ ਹੋ ਜਾਂਦੇ ਹਨ ਅਤੇ ਵਿਜੋਗ ਨਾਲ ਵਿਛੋੜਾ ਹੋ ਜਾਂਦਾ ਹੈ, ਇਸ ਤਰ੍ਹਾਂ ਇਹ ਜੀਵ ਅਨੰਤ ਕਾਲ ਤੋਂ ਘੁੰਮਦਾ ਫਿਰਦਾ ਹੈ ਪਰ ਇਸ ਨੂੰ ਇਹ ਨਹੀਂ ਪਤਾ ਕਿ ਮੈਂ ਪੂਰੇ ਸਤਿਗੁਰੂ ਦੀ ਸ਼ਰਨ ਲਗ ਕੇ ਸੇਵਾ ਤੇ ਸਿਮਰਨ ਰਾਹੀਂ, ਸੱਚੇ ਗਿਆਨ ਦੀ ਪ੍ਰਾਪਤੀ ਕਰ ਲਵਾਂ ਤਾਂ ਮੇਰਾ ਆਉਣਾ ਤੇ ਜਾਣਾ ਖਤਮ ਹੋ ਜਾਵੇ ਅਤੇ ਸਾਰੇ ਕਲੇਸ਼ਾਂ ਦਾ ਨਾਸ਼ ਹੋ ਜਾਵੇ, ਦੁਖ ਨਾਮ ਦੀ ਚੀਜ਼ ਰਹੇ ਹੀ ਨਾ -

*ਕਬਹੂ ਸਾਧਸੰਗਤਿ ਇਹੁ ਪਾਵੈ॥*
*ਉਸੁ ਅਸਥਾਨੁ ਤੇ ਬਹੁਰਿ ਨ ਆਵੈ॥*
*ਅੰਤਰਿ ਹੋਇ ਗਿਆਨ ਪਰਗਾਸੁ॥*
*ਉਸੁ ਅਸਥਾਨ ਕਾ ਨਹੀ ਬਿਨਾਸੁ॥* *ਪੰਨਾ - 278*

ਇਸ ਤਰ੍ਹਾਂ ਹੋਰ ਬਚਨ ਬਲਾਸ ਕਰਕੇ ਅਸੀਂ ਹੋਰ ਅਗੇ ਚਲ ਪਏ।

ਸਰਦਾਰ ਮਨਜੀਤ ਸਿੰਘ ਸਹੋਤਾ ਦੇ ਘਰ ਚਰਨ ਪਾ ਕੇ ਅਸੀਂ ਰਾਜਾ ਮਿਜਾਰ ਪਿੰਡ ਦੇ ਪ੍ਰੇਮੀ ਜੋ ਬਦਾਮਾਂ ਦੇ ਬਾਗਾਂ ਵਿਚੋਂ ਹੀ ਆਪਣੇ ਫਾਰਮਾਂ ਵਿਚ ਹੀ ਰਹਿੰਦੇ ਸਨ, ਉਨ੍ਹਾਂ ਦੇ ਚਰਨ ਪਾਏ, ਫੇਰ ਕੀਰਤਨ ਕਰਕੇ ਅਸੀਂ ਰਾਤ ਨੂੰ ਸਾਢੇ ਬਾਰ੍ਹਾਂ ਵਜੇ ਪਹੁੰਚੇ। ਬਹੁਤ ਦਿਨਾਂ ਤੋਂ ਮੈਂ ਤੁਹਾਡੇ ਬੀਜੀ ਨੂੰ ਬਰਮਿੰਘਮ ਵਿਚ ਇਲਾਜ ਕਰਾਉਣ ਲਈ ਛੱਡ ਗਿਆ ਸਾਂ, ਉਨ੍ਹਾਂ ਦਾ ਪਤਾ ਨਹੀਂ ਸੀ ਲਿਆ। ਉਨ੍ਹਾਂ ਨੂੰ ਫੋਨ ਕਰਕੇ ਉਨ੍ਹਾਂ ਦੀ ਸਿਹਤ ਬਾਰੇ ਪਤਾ ਲਿਆ। ਇਥੇ ਹੀ ਸਾਨੂੰ ਪਤਾ ਲੱਗਿਆ ਕਿ ਬਾਜਪਾਈ ਸਾਹਿਬ ਪ੍ਰਧਾਨ ਮੰਤਰੀ ਬਣ ਗਏ ਹਨ ਅਤੇ ਸਰਦਾਰ ਬਰਨਾਲਾ ਅਤੇ ਬਾਦਲ ਸਾਹਿਬ ਦੇ ਲੜਕੇ ਵਜ਼ਾਰਤ ਵਿਚ ਲੈ ਗਏ ਹਨ।

ਅਗਲੇ ਦਿਨ 19 ਮਾਰਚ ਨੂੰ ਸਵੇਰੇ ਹੀ ਡਾਕਟਰ ਸਵਾਮੀ ਆਏ, ਉਨ੍ਹਾਂ ਨੇ ਦੋ ਸ਼ੀਸ਼ੀਆਂ ਖ਼ੂਨ ਦੀਆਂ ਲਈਆਂ ਜਿਨ੍ਹਾਂ ਦੀ ਉਨ੍ਹਾਂ ਨੇ ਲੈਬੋਟਰੀ ਵਿਚ ਲਿਜਾ ਕੇ ਪੂਰੀ ਤਰ੍ਹਾਂ ਚੈਕਿੰਗ ਕਰਨੀ ਸੀ, ਅੱਜ ਮਲਹੋਤਰਾ ਸਾਹਿਬ ਸਵੇਰੇ ਹੀ ਸਾਨਫਰਾਂਸਿਸਕੋ ਨੂੰ ਚਲੇ ਗਏ, ਉਨ੍ਹਾਂ ਨੇ ਉਸ ਥਾਂ ਨੂੰ ਵੇਖਣਾ ਸੀ ਜਿਥੇ ਕਾਫੀ ਦਿਨਾਂ ਲਈ ਦੀਵਾਨ ਲਗਣੇ ਸਨ, ਸੰਗਤਾਂ ਦਾ ਇਕੱਠ ਐਨਾ ਵਧ ਗਿਆ ਕਿ ਗੁਰਦਵਾਰਾ

ਸਾਹਿਬ ਦੇ ਹਾਲਾਂ ਵਿਚ ਸਮਾਅ ਨਾ ਸਕਿਆ। ਬਹੁਤ ਸਾਰੇ ਪ੍ਰੇਮੀ ਸਹੀ ਥਾਂ ਨਾ ਮਿਲਣ ਕਰਕੇ ਵਾਪਸ ਚਲੇ ਜਾਂਦੇ ਸਨ ਜਾਂ ਲੰਗਰ ਵਿਚ ਬੈਠ ਜਾਂਦੇ ਸਨ। ਲੰਗਰ ਵਿਚ ਪ੍ਰਸ਼ਾਦਾ ਛਕਣ ਵਾਲਿਆਂ ਨੂੰ ਕੋਈ ਪਾਬੰਦੀ ਨਹੀਂ ਸੀ। ਕਈ ਪ੍ਰੇਮੀ ਤਾਂ ਪੰਗਤਾਂ ਵਿਚ ਬੈਠ ਕੇ ਪ੍ਰਸ਼ਾਦਾ ਛਕਦੇ ਸਨ। ਪਰ ਉਥੇ ਦੇ ਜੰਮ-ਪਲ ਬੱਚੇ ਆਪਣੀਆਂ ਪੈਂਟਾਂ ਦੇ ਪਹਿਨਣ ਕਰਕੇ ਚੌਂਕੜੀ ਮਾਰ ਕੇ ਬੈਠਣਾ ਭੁੱਲ ਗਏ ਸਨ, ਉਹ ਪੰਗਤ ਵਿਚ ਬੈਠ ਕੇ ਲੰਗਰ ਨਹੀਂ ਛਕਦੇ ਸਨ। ਇਸ ਦੇ ਵਿਪਰੀਤ ਉਹ ਮੇਜ਼ ਕੁਰਸੀ ਹੀ ਵਰਤਦੇ ਸਨ, ਬਹੁਤ ਸਾਰੇ ਭਾਰੇ ਬੰਦੇ ਅਤੇ ਬੁਢਾਪੇ ਵਿਚ ਆ ਕੇ ਜਿਨ੍ਹਾਂ ਦੇ ਗੋਡੇ ਦੁਖਦੇ ਸਨ ਉਹ ਬੈਠਣ ਤੋਂ ਹੀ ਅਸਮਰੱਥ ਹੁੰਦੇ ਹਨ ਉਹ ਵੀ ਟੇਬਲ ਉਤੇ ਲੰਗਰ ਛਕਦੇ ਸਨ। ਸੰਗਤਾਂ ਵਿਚ ਕੋਈ ਵਾਦ-ਵਿਵਾਦ ਨਹੀਂ ਸੀ, ਨਾ ਹੀ ਪ੍ਰਬੰਧਕਾਂ ਵਿਚ ਸੀ। ਕੇਵਲ ਲੰਗਰ ਛਕਣਾ ਹੀ ਸਭ ਦੇ ਸਾਮ੍ਹਣੇ ਹੋਇਆ ਕਰਦਾ ਸੀ।

ਸੰਗਤਾਂ ਦੇ ਇਕੱਠ ਨੂੰ ਦੇਖ ਕੇ ਇਹ ਜ਼ਰੂਰੀ ਸਮਝਿਆ ਗਿਆ ਕਿ ਕੋਈ ਵੱਡਾ ਹਾਲ ਕਿਰਾਏ ਤੇ ਲਿਆ ਜਾਵੇ। ਖੋਜ ਕਰਨ ਉਪਰੰਤ ਬਹੁਤ ਸਾਰੇ ਪ੍ਰੇਮੀਆਂ ਨੇ ਰਲ ਕੇ ਇਕ ਹਿੰਦੂ ਮੰਦਰ ਦੀ ਪ੍ਰਬੰਧਕ ਕਮੇਟੀ ਤੋਂ ਮੰਦਰ ਨਾਲ ਲਗਦਾ ਹਾਲ ਕਿਰਾਏ ਤੇ ਲੈ ਲਿਆ ਜਿਥੇ ਤਕਰੀਬਨ ਇਕ ਹਜ਼ਾਰ ਕਾਰ ਉਸ ਮੰਦਰ ਦੀ ਪਾਰਕਿੰਗ ਵਿਚ ਅਤੇ ਇਕ ਨਾਲ ਲਗਦੀ ਵੱਡੀ ਬਿਲਡਿੰਗ ਦੀ ਪਾਰਕਿੰਗ ਵਿਚ ਖੜ੍ਹਿਆ ਕਰਦੀ ਸੀ। ਇਸ ਪ੍ਰਬੰਧ ਨੂੰ ਦੇਖਣ ਲਈ ਸ੍ਰੀ ਰਸ਼ਪਾਲ ਮਲਹੋਤਰਾ ਸਾਨਫਰਾਂਸਿਸਕੋ ਗਏ ਸਨ ਜਿਥੋਂ ਸਨੀਵਿਲਾ 20 ਕੁ ਮਿੰਟ ਦਾ ਰਸਤਾ ਸੀ।

ਅੱਜ ਸਾਰਾ ਦਿਨ ਦੂਰ-ਦੂਰ ਤੋਂ ਆਈਆਂ ਸੰਗਤਾਂ ਨੂੰ ਮੈਂ ਮਿਲਦਾ ਰਿਹਾ ਅਤੇ ਦੁਪਹਿਰ ਪਿਛੋਂ ਨੇੜੇ-ਨੇੜੇ ਦੇ ਫਾਰਮ ਜੋ ਲੋਧੀ ਅਤੇ ਦਿੱਲੀ ਦੇ ਏਰੀਏ ਵਿਚ ਸਨ, ਉਥੇ ਚਰਨ ਪਾਉਣ ਗਿਆ। ਲੋਧੀ ਅਤੇ ਦਿੱਲੀ ਨਾਮ ਦੀਆਂ ਥਾਵਾਂ ਕੈਲੇਫੋਰਨੀਆਂ ਵਿਚ ਵੀ ਹਨ।

ਡਾਕਟਰ ਜਸਬੀਰ ਸੋਨੀ ਜੀ ਜੋ ਦਿਲ ਦੀਆਂ ਬਿਮਾਰੀਆਂ ਦੇ ਮੰਨੇ ਪ੍ਰਮੰਨੇ ਮਾਹਰ ਹਨ, ਉਹ ਮੈਨੂੰ ਹਰ ਰੋਜ਼ ਹੀ ਮਿਲਣ ਆਇਆ ਕਰਦੇ ਸਨ ਅਤੇ ਇਹ ਚਾਹੁੰਦੇ ਸਨ ਕਿ ਮੈਂ ਪੂਰੀ ਤਰ੍ਹਾਂ ਸਿਹਤ ਵਿਚ ਰਹਿ ਕੇ ਸੇਵਾ ਕਰ ਸਕਾਂ, ਉਨ੍ਹਾਂ ਦੇ ਮਨ ਵਿਚ ਬਹੁਤ ਸ਼ਰਧਾ ਅਤੇ ਪਿਆਰ ਪੈਦਾ ਹੋ ਗਿਆ। ਉਹ ਹਰ ਰੋਜ਼ ਹੀ ਜਦੋਂ ਮੈਂ ਦੀਵਾਨ ਤੋਂ ਵਾਪਸ ਆਉਣਾ, ਸਰਦਾਰ ਮਹਿੰਦਰ ਸਿੰਘ ਗਿੱਲ ਦੇ ਘਰ ਇੰਤਜ਼ਾਰ

ਕਰਿਆ ਕਰਦੇ ਸਨ। ਕਦੇ ਮੈਂ ਰਾਤ ਦੇ 12 ਵਜੇ ਕਦੇ, 1.00 ਵਜੇ ਵਾਪਸ ਆਉਂਦਾ ਸੀ ਅਤੇ ਡੇਢ ਵੀ ਵਜ ਜਾਂਦੇ ਸਨ, ਸਰੀਰ ਨੂੰ ਬਹੁਤ ਖੇਚਲ ਹੋ ਰਹੀ ਸੀ। ਡਾਕਟਰ ਹਰ ਰੋਜ਼ ਮੇਰੇ ਸਵਸੱਥ ਨੂੰ ਦੇਖਦੇ। ਉਨ੍ਹਾਂ ਨੇ ਅੱਜ ਦਸਿਆ ਕਿ ਖੂਨ ਚੈਕ ਕੀਤਾ ਗਿਆ ਹੈ ਅਤੇ ਸਾਰੀਆਂ ਹੀ ਇਲਾਮਤਾਂ ਠੀਕ ਹਨ ਅਤੇ ਇਹ ਵੀ ਵਿਸ਼ੇਸ਼ ਤੌਰ ਤੇ ਦਸਿਆ ਕਿ ਤੁਹਾਡਾ ਖੂਨ ਬੱਚਿਆਂ ਵਰਗਾ ਹੈ, ਇਸ ਵਿਚ ਕਿਸੇ ਦਵਾਈ ਦਾ ਮੇਲ ਨਜ਼ਰ ਨਹੀਂ ਆਇਆ, ਸੋ ਤੁਹਾਨੂੰ ਦੂਸਰਿਆਂ ਨਾਲੋਂ ਅੱਧੀ ਖੁਰਾਕ ਦਵਾਈ ਦੀ ਦੇ ਕੇ ਠੀਕ ਕੀਤਾ ਜਾਣਾ ਚਾਹੀਦਾ ਹੈ।

ਅੱਜ ਅਸੀ ਐਲ. ਏ. (Los Angeles) Lanker Shirne ਵਿਚ ਪੁਜਣਾ ਸੀ ਜੋ ਟਰਲੌਕ ਤੋਂ ਕਾਫੀ ਦੂਰ ਤੇ ਸਾਊਥ ਵਿਚ ਸਥਿਤ ਹੈ। ਇਹ ਦਸਿਆ ਗਿਆ ਕਿ ਪੰਜ ਘੰਟੇ ਦੀ drive ਹੈ, ਅਸਾਡਾ ਜਥਾ ਕਈ ਕਾਰਾਂ ਵਿਚ ਰਵਾਨਾ ਹੋਇਆ, ਐਲ. ਏ. ਨੂੰ ਜਾਣ ਵਾਲੀ ਸੜਕ ਫਾਰਮਾਂ, ਛੋਟੇ-ਛੋਟੇ ਸ਼ਹਿਰਾਂ ਨੂੰ ਲੰਘ ਕੇ ਜਾਂਦੀ ਹੈ, ਅਸੀਂ ਸਰਦਾਰ ਦੇਵਿੰਦਰ ਸਿੰਘ ਗਿੱਲ South Locan Selma ਦੇ ਘਰ ਪੁੱਜੇ, ਬਹੁਤ ਸਾਰੀ ਸੰਗਤ ਇਕੱਠੀ ਹੋਈ ਹੋਈ ਸੀ ਉਥੇ ਕਿਸੇ ਪ੍ਰੇਮੀ ਨੇ ਪ੍ਰਸ਼ਨ ਕਰ ਦਿਤਾ ਕਿ ਜੇ ਆਦਮੀ ਚਾਹੇ ਤਾਂ ਆਪਣੀ ਭਾਵੀ ਨੂੰ ਬਦਲ ਸਕਦਾ ਹੈ। ਮਨੁੱਖ ਵਿਚ ਇਹ ਤਾਕਤ ਹੈ ਕਿ ਉਹ ਆਪਣੇ ਕਰਮਾਂ ਦੇ ਫਲ ਨੂੰ ਬਿਨਾਂ ਭੋਗਿਆਂ ਹੀ ਬਚ ਕੇ ਲੰਘ ਸਕਦਾ ਹੈ। ਬੜੇ ਸਿਆਣੇ ਬੰਦੇ ਸਨ, ਗੁਰਮਤਿ ਦੀ ਵੀ ਕਾਫੀ ਸੋਝੀ ਰਖਦੇ ਸਨ।

ਅਸਾਨੂੰ ਲੰਮੇ ਸਫਰ ਤੇ ਜਾਣ ਵਾਸਤੇ ਕਾਹਲੀ ਸੀ ਪਰ ਇਸ ਸ਼ੰਕੇ ਨੂੰ ਨਵਿਰਤ ਕੀਤੇ ਬਿਨਾਂ ਛੱਡ ਕੇ ਜਾਣਾ ਵੀ ਠੀਕ ਨਹੀਂ ਸੀ ਲਗਦਾ। ਉਸ ਵੇਲੇ ਉਨ੍ਹਾਂ ਨੂੰ ਦਸਿਆ ਗਿਆ ਕਿ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ ਕਿ ਕਰਮਾਂ ਦਾ ਫਲ ਜ਼ਰੂਰ ਹੀ ਭੋਗਣਾ ਪੈਂਦਾ ਹੈ, ਤਿੰਨ ਕਿਸਮ ਦੇ ਕਰਮ ਹੁੰਦੇ ਹਨ - ਇਕ ਨੂੰ ਕ੍ਰਿਆਮਾਨ ਕਰਮ ਕਹਿੰਦੇ ਹਨ ਜੋ ਅਸੀਂ ਹਰ ਰੋਜ਼ ਕਰ ਰਹੇ ਹੁੰਦੇ ਹਾਂ, ਦੂਸਰੇ ਉਹ ਹੁੰਦੇ ਹਨ ਜਿਨ੍ਹਾਂ ਨੂੰ ਅਸੀਂ ਪਿਛਲੇ ਜਨਮਾਂ ਵਿਚ ਕਰਿਆ ਸੀ ਪਰ ਉਸ ਜਨਮ ਵਿਚ ਨਹੀਂ ਭੋਗੇ ਗਏ ਸਨ, ਹੋਰ ਜਨਮ ਵਿਚ ਭੋਗਣਾ ਹੁੰਦਾ ਹੈ। ਇਕ ਪ੍ਰਾਲਬਧ ਕਰਮ ਹੁੰਦੇ ਹਨ, ਜਦੋਂ ਆਦਮੀ ਇਸ ਸੰਸਾਰ ਵਿਚ ਜਨਮ ਲੈਂਦਾ ਹੈ ਉਸ ਵੇਲੇ ਆਦਮੀ ਦੇ ਨਾਲ ਹੀ ਫਲ ਦੇਣ

ਲਈ ਉਹ ਕਰਮ ਵੀ ਆਉਂਦੇ ਹਨ। ਉਹ ਤਰਕਸ਼ ਤੋਂ ਛੱਡੇ ਹੋਏ ਬਾਣ ਹੁੰਦੇ ਹਨ, ਉਨ੍ਹਾਂ ਨੇ ਆਪਣੇ ਨਿਸ਼ਾਨੇ ਨੂੰ ਵਿੰਨਣਾ ਹੀ ਹੁੰਦਾ ਹੈ, ਸਮਰੱਥ ਗੁਰੂ ਤੋਂ ਬਗੈਰ ਕਿਸੇ ਵਿਚ ਤਾਕਤ ਨਹੀਂ ਕਿ ਉਨ੍ਹਾਂ ਦੇ ਫਲ ਨੂੰ ਮੇਟ ਦੇਵੇ। ਬੰਦੇ ਵਿਚ ਤਾਂ ਬਿਲਕੁਲ ਹੀ ਸੱਤਾ ਨਹੀਂ, ਇਹ ਅਗਿਆਨਤਾ ਨਾਲ ਹੀ ਕਹਿੰਦਾ ਹੈ ਕਿ ਮੈਂ ਕਰਮਾਂ ਨੂੰ ਮੇਟ ਸਕਦਾ ਹਾਂ।

ਐਸੇ ਬਚਨ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਉਂਦੇ ਹਨ। ਮਹਾਂਭਾਰਤ ਦੇ ਮਹਾਨ ਯੋਧਾ ਅਰਜਨ ਦਾ ਪੋਤਰਾ ਪ੍ਰੀਛਤ ਦਿੱਲੀ ਦਾ ਬਾਦਸ਼ਾਹ ਹੋਇਆ ਹੈ ਕਿਉਂਕਿ ਅਰਜਨ ਦਾ ਪੁਤਰ ਅਭਿਮਨਯੂੰ ਮਾਰਿਆ ਜਾ ਚੁਕਿਆ ਸੀ। ਦੂਸਰੇ ਪਾਂਡਵਾਂ ਦੇ ਪੰਜ ਪੁੱਤਰ ਸੁੱਤੇ ਹੋਏ ਅਸ਼ਵਥਾਮਾ ਨੇ ਮਾਰ ਦਿਤੇ ਸਨ। ਪ੍ਰੀਛਤ ਪਿਛੋਂ ਰਾਜਾ ਜਨਮੇਜਾ ਗੱਦੀ ਦਾ ਵਾਰਸ ਹੋਇਆ। ਉਸ ਪਾਸ ਵੇਦ ਵਿਆਸ ਜੀ ਆਏ। ਉਨ੍ਹਾਂ ਨੂੰ ਜਨਮੇਜੇ ਨੇ ਉਲ੍ਹਾਮਾ ਦਿਤਾ ਕਿ ਮਹਾਂਰਿਸ਼ੀ ਜੀ! ਮਹਾਂਭਾਰਤ ਦਾ ਯੁੱਧ ਬਹੁਤ ਹੀ ਵਿਨਾਸ਼ਕਾਰੀ ਸਾਬਤ ਹੋਇਆ ਹੈ ਇਸ ਨੇ ਭਾਰਤ ਦੇ ਕੁਲ ਬਹਾਦਰ ਯੋਧੇ ਜਿਹੜੇ ਅਸ਼ਤਰਾਂ ਤੇ ਸਸ਼ਤਰਾਂ ਨਾਲ ਪੂਰੀ ਤਰ੍ਹਾਂ ਸੰਯੁਕਤ ਸਨ, ਉਹ ਮਾਰ ਦਿਤੇ ਅਤੇ ਭਾਰਤ ਵਰਸ਼ ਦੀ ਸੂਰਮਤਾਈ ਨੂੰ ਬਹੁਤ ਵੱਡੀ ਹਾਨੀ ਹੋਈ। 18 ਦਿਨਾਂ ਵਿਚ 45 ਲੱਖ ਬੰਦੇ ਇਸ ਮਹਾਨ ਯੁੱਧ ਵਿਚ ਮਾਰੇ ਗਏ। ਕੀ ਅਸਾਡੇ ਵੱਡਿਆਂ ਨੇ ਸੋਚਿਆ ਹੀ ਨਹੀਂ ਸੀ ਕਿ ਯੁੱਧ ਨਾ ਕੀਤਾ ਜਾਵੇ। ਮੇਰੇ ਪੜਦਾਦੇ ਯੁਧਿਸ਼ਟਰ ਨੂੰ ਤਾਂ ਧਰਮਰਾਜ ਕਹਿੰਦੇ ਹਨ, ਉਹ ਬਹੁਤ ਵਿਚਾਰ ਵਾਲੇ ਸਨ, ਪਰ ਮੈਂ ਹੈਰਾਨ ਹੁੰਦਾ ਹਾਂ ਕਿ ਉਸ ਨੇ ਜੂਆ ਕਿਉਂ ਖੇਲ੍ਹਿਆ ਅਤੇ ਹਾਰ ਕੇ ਜੰਗਲਾਂ ਵਿਚ ਛੁਪ ਕੇ ਦਿਨ ਕਟੀ ਕਰਦੇ ਰਹੇ। ਕਿੰਨੀਆਂ ਤਕਲੀਫਾਂ ਉਨ੍ਹਾਂ ਨੇ ਉਠਾਈਆਂ, ਕੀ ਉਨ੍ਹਾਂ ਨੂੰ ਪਤਾ ਹੀ ਨਾ ਲੱਗਿਆ ਕਿ ਦੁਰਯੋਧਨ ਦਾ ਮਾਮਾ ਸ਼ੁਕੁੰਨੀ ਉਨ੍ਹਾਂ ਨਾਲ ਛਲ ਕਰ ਰਿਹਾ ਹੈ, ਉਸ ਦਾ ਜੂਏ ਦਾ ਹਰ ਦਾਓ ਸਿੱਧਾ ਪੈਂਦਾ ਹੈ ਅਤੇ ਇਨ੍ਹਾਂ ਦੇ ਸਾਰੇ ਦਾਓ ਪੁੱਠੇ ਪੈਂਦੇ ਹਨ। ਐਨੀ ਅਕਲ ਤਾਂ ਬੰਦੇ ਵਿਚ ਹੁੰਦੀ ਹੀ ਹੈ ਪਰ ਇਨ੍ਹਾਂ ਬਜ਼ੁਰਗਾਂ ਨੂੰ ਤਾਂ ਬਹੁਤ ਬੁੱਧੀਵਾਨ ਕਿਹਾ ਜਾਂਦਾ ਹੈ, ਉਹ ਉਸ ਦੇ ਛਲ ਨੂੰ ਨਾ ਜਾਣ ਸਕੇ ਅਤੇ ਇਥੋਂ ਤਕ ਹੋ ਗਏ ਕਿ ਆਪ ਵੀ ਹਾਰ ਗਏ ਅਤੇ ਆਪਣੇ ਸਰੀਰਾਂ ਨੂੰ ਵੀ ਹਾਰ ਦਿਤਾ? ਅਜਿਹੀ ਘਿਨੌਣੀ ਗੱਲ ਹੋਈ ਕਿ ਉਨ੍ਹਾਂ ਨੇ ਆਪਣੀ ਪਤਨੀ ਦਰੋਪਤੀ ਜੀ ਨੂੰ ਵੀ ਜੂਏ ਵਿਚ ਹਾਰ ਦਿਤਾ। ਇਹ ਤਾਂ ਬੜੀ ਅਜੀਬ ਗੱਲ ਲਗਦੀ ਹੈ ਅਤੇ ਇਹੋ ਯੁੱਧ ਦਾ ਕਾਰਨ ਲਗਦਾ ਹੈ। ਉਸ ਵੇਲੇ

ਕ੍ਰਿਸ਼ਨ ਮਹਾਰਾਜ ਜੀ 16 ਕਲਾਂ ਸੰਪੂਰਨ ਦੁਆਪਰ ਯੁੱਗ ਦੇ ਅਵਤਾਰ ਸਨ, ਉਹ ਵੀ ਇਨ੍ਹਾਂ ਦੋਹਾਂ ਪਰਿਵਾਰਾਂ ਦੇ ਨਾਲ ਚੰਗੀ ਮਿਤਰਤਾ ਰਖਦੇ ਸਨ ਅਤੇ ਉਨ੍ਹਾਂ ਦੀ ਕ੍ਰਿਪਾ ਇਨ੍ਹਾਂ ਉਪਰ ਸੀ ਅਤੇ ਸਾਡੇ ਪੜਦਾਦਾ ਜੀ ਮਹਾਨ ਆਤਮਾ ਅਰਜਨ ਜੀ ਉਨ੍ਹਾਂ ਦੇ ਰਿਸ਼ਤੇਦਾਰ ਵੀ ਸਨ, ਉਨ੍ਹਾਂ ਦੀ ਹੀ ਓਲਾਦ ਅਸੀਂ ਹਾਂ। ਉਸ ਵੇਲੇ ਪੜ-ਪੜਦਾਦੇ ਅਸਾਡੀ ਕੁਲ ਦੇ ਮਹਾਨ ਭੂਸ਼ਣ, ਭੀਸ਼ਮ ਪਿਤਾਮਾ ਜੋ ਜਤ ਸਤ ਵਿਚ ਪੂਰੇ ਸਨ ਅਤੇ ਜਿਨ੍ਹਾਂ ਨੂੰ ਗੰਗਾ ਪੁੱਤਰ ਆਖਿਆ ਜਾਂਦਾ ਹੈ, ਉਹ ਮਹਾਨ ਵਿਦਵਾਨ ਵੀ ਉਸ ਵੇਲੇ ਜੀਵਤ ਸਨ ਅਤੇ ਉਨ੍ਹਾਂ ਦਾ ਬਹੁਤ ਜ਼ਬਰਦਸਤ ਅਸਰ ਕੌਰਵਾਂ ਉਪਰ ਸੀ, ਉਹ ਧ੍ਰਿਤਰਾਸ਼ਟਰ ਨੂੰ ਸਮਝਾ ਸਕਦੇ ਸਨ ਕਿ ਰਾਜ ਉਪਰ ਪਾਂਡਵਾਂ ਦਾ ਹੱਕ ਹੈ। ਜਦੋਂ ਯੁੱਧ ਹੋਣ ਲੱਗਿਆ ਉਸ ਵੇਲੇ ਉਨ੍ਹਾਂ ਨੂੰ ਚਾਹੀਦਾ ਸੀ ਕਿ ਨੀਤੀ ਤੋਂ ਕੰਮ ਲੈਂਦੇ। ਨੀਤੀ ਦੇ ਸਾਮ੍ਹਣੇ ਬਚਨ ਕੋਈ ਮਹੱਤਤਾ ਨਹੀਂ ਰਖਦਾ। ਉਸ ਵੇਲੇ ਇਹ ਦੇਖਿਆ ਜਾਂਦਾ ਹੈ ਕਿ ਕਿਹੜਾ ਕਰਮ ਕੀਤਾ ਜਾਵੇ ਜਿਸ ਨਾਲ ਰਾਜ ਦੀ ਹਿਤ ਪੂਰਤੀ ਹੋ ਸਕੇ ਅਤੇ ਵਿਨਾਸ਼ ਨਾ ਹੋਵੇ। ਉਸ ਵੇਲੇ ਉਹ ਨੀਤੀ ਵਾਲੇ ਕਰਤਵ ਤੋਂ ਬੇਪਰਵਾਹ ਰਹੇ ਅਤੇ ਉਨ੍ਹਾਂ ਕੇਵਲ ਇਕ ਬਚਨ ਦੀ ਪਾਲਣਾ ਕਰਨ ਲਈ ਇਸ ਯੁੱਧ ਨੂੰ ਨਾ ਰੋਕਿਆ। ਇਸੇ ਤਰ੍ਹਾਂ ਨਾਲ ਮਹਾਨ ਯੋਧਾ ਦਰੋਣਾਚਾਰੀਆ ਜੀ ਅਤੇ ਕੁਲ ਗੁਰੂ ਕ੍ਰਿਪਾਚਾਰੀਆ ਜੀ ਜੀਵਤ ਸਨ, ਉਨ੍ਹਾਂ ਨੇ ਕਿਉਂ  ਦੁਰਯੋਧਨ ਦਾ ਪੱਖ ਲਿਆ, ਕੁਝ ਵਿਚਾਰ ਕਰਨੀ ਚਾਹੀਦੀ ਸੀ? ਮੈਂ ਤਾਂ ਜਦੋਂ ਪੂਰੀ ਤਰ੍ਹਾਂ ਸੁਣਦਾ ਹਾਂ ਕਿ ਕਾਸ਼ੀ ਦੇ ਰਾਜੇ ਬਹੁਤ ਹੀ ਮਹਾਨ ਯੋਧਾ ਸਨ, ਉਹ ਆਪਣੇ ਵਿਚਾਰ ਛੱਡ ਕੇ ਕੇਵਲ ਕੌਰਵਾਂ ਵਲ ਇਸ ਵਾਸਤੇ ਹੋ ਗਏ ਕਿ ਉਨ੍ਹਾਂ ਪਾਸ ਦੁਰਯੋਧਨ ਪਹਿਲਾਂ ਪਹੁੰਚ ਗਿਆ ਸੀ। ਮਹਾਨ ਨੀਤੀ ਵੇਤਾ ਬਿਦਰ ਜੀ ਭੀ ਇਸ ਯੁੱਧ ਬਾਰੇ ਕੁਝ ਨਾ ਕਹਿ ਸਕੇ। ਜੇ ਕਿਹਾ ਵੀ ਹੋਣਾ ਹੈ ਤਾਂ ਉਨ੍ਹਾਂ ਦੀ ਗੱਲ ਮੰਨੀ ਨਹੀਂ ਗਈ ਹੋਣੀ ਅਤੇ ਸਾਰਿਆਂ ਤੋਂ ਵੱਧ ਮਹਾਨ ਵਿਦਵਾਨ ਸਮਰੱਥਵਾਨ ਸ਼ਕਤੀਆਂ ਸਹਿਤ ਤ੍ਰਿਕਾਲਦਰਸ਼ੀ ਆਪ ਭੀ ਉਸ ਸਮੇਂ ਆਪਣਾ ਅਸਰ ਉਨ੍ਹਾਂ ਦੋਹਾਂ ਪਰਿਵਾਰਾਂ ਉਪਰ ਰਖਦੇ ਸੀ। ਹੇ ਮਹਾਂਰਿਸ਼ੀ ਜੀ! ਆਪ ਨੇ ਵੀ ਇਸ ਯੁੱਧ ਨੂੰ ਰੋਕਣ ਦਾ ਕੋਈ ਯਤਨ ਨਹੀਂ ਕੀਤਾ, ਇਹ ਗੱਲਾਂ ਮੇਰੀ ਸਮਝ ਵਿਚ ਨਹੀਂ ਆ ਰਹੀਆਂ? ਪਰ ਮੈਂ ਦੇਖ ਰਿਹਾ ਹਾਂ ਕਿ ਇਹ ਯੁੱਧ ਆਰੀਅਨ ਨਸਲ ਲਈ ਸਰਵਨਾਸ਼ੀ ਸੀ, ਕੋਈ ਵੀ ਕੁਝ ਨਾ ਕਰ ਸਕਿਆ। ਮੈਂ ਤਾਂ ਹੈਰਾਨ ਹਾਂ ਕਿ ਆਪ ਸਾਰਿਆਂ ਦੀ ਅਕਲ ਨੂੰ ਕੀ ਹੋ ਗਿਆ

ਸੀ। ਆਪ ਸਾਰੇ ਬੁੱਧੀਵਾਨ ਸੀਗੇ, ਤ੍ਰਿਕਾਲਦਰਸ਼ੀ ਸੀ, ਸਾਰੇ ਸਮਰੱਥ ਪੁਰਸ਼ ਸੀ, ਫੇਰ ਵੀ ਇਹ ਯੁੱਧ ਕਿਉਂ ਲੜਿਆ ਗਿਆ? ਇਹ ਬਚਨ ਮੇਰੇ ਮਨ ਵਿਚ ਬੇਚੈਨੀ ਪੈਦਾ ਕਰ ਦਿੰਦਾ ਹੈ ਅਤੇ ਮੇਰੀ ਜੋ ਪੂਰਵਜਾਂ ਤੋਂ ਸ਼ਰਧਾ ਹੈ, ਉਹ ਟੁੱਟਣੀ ਸ਼ੁਰੂ ਹੋ ਜਾਂਦੀ ਹੈ। ਕੀ ਆਪ ਦੇ ਪਾਸ ਇਨ੍ਹਾਂ ਪ੍ਰਸ਼ਨਾਂ ਦਾ ਕੋਈ ਉਤਰ ਹੈ?

ਉਸ ਵੇਲੇ ਮਹਾਨ ਰਿਸ਼ੀ ਵਿਆਸ ਜੀ ਨੇ ਫੁਰਮਾਨ ਕੀਤਾ ਕਿ ਬੇਟਾ ਜਨਮੇਜਾ! ਅਗੰਮ ਅਗੋਚਰ ਤੋਂ ਪ੍ਰਭੂ ਦਾ ਹੁਕਮ ਸੰਸਾਰ ਦੇ ਕਾਰਜ ਨੂੰ ਚਲਾ ਰਿਹਾ ਹੈ, ਉਸ ਵਿਚੋਂ ਜੀਵਾਂ ਦੇ ਕਰਮਾਂ ਅਨੁਸਾਰ ਇਕ ਖੇਲ੍ਹ ਚਲ ਰਹੀ ਹੈ ਕਿ ਜਦੋਂ ਬੁਰੇ ਦਿਨ ਆਉਂਦੇ ਹਨ, ਆਦਮੀ ਦਾ ਪਤਨ ਹੁੰਦਾ ਹੈ ਜਾਂ ਕੌਮਾਂ ਦਾ ਪਤਨ ਹੁੰਦਾ ਹੈ, ਜਾਂ ਨਸਲਾਂ ਦਾ ਪਤਨ ਹੁੰਦਾ ਹੈ, ਉਸ ਵੇਲੇ ਬੁੱਧੀ ਮੰਦ ਪੈ ਜਾਇਆ ਕਰਦੀ ਹੈ। ਉਸ ਹੁਕਮ ਦੀ ਪ੍ਰਬਲ ਸ਼ਕਤੀ ਉਹ ਕੰਮ ਕਰਾ ਹੀ ਦਿੰਦੀ ਹੈ ਜਿਹੜੇ ਹੋਣੇ ਹੁੰਦੇ ਹਨ। ਅਸੀਂ ਉਸ ਨੂੰ ਹੋਣਹਾਰ ਕਹਿੰਦੇ ਹਾਂ ਅਤੇ ਸਿਆਣੇ ਬੰਦਿਆਂ ਵਲੋਂ ਕਹਾਵਤ ਹੈ –

***ਹੋਣਹਾਰ ਹਿਰਦੇ ਵਸੀ, ਗਈ ਸਰੀਰੋਂ ਬੁਧ।***

ਅਤੇ ਸਾਸ਼ਤਰਾਂ ਵਿਚ ਵੀ ਆਉਂਦਾ ਹੈ –

***ਵਿਨਾਸਕਾਲੇ ਬੁੱਧੀ ਵਿਪਰੀਤੇ।***

ਸੋ ਜਨਮੇਜਾ! ਜੋ ਕੁਝ ਤੂੰ ਕਿਹਾ ਹੈ ਉਹ ਅਸੀਂ ਵੀ ਸੋਚਦੇ ਸੀ ਪਰ ਹਾਲਾਤ ਅਜਿਹੇ ਚਲ ਰਹੇ ਸੀ ਕਿ ਇਹ ਵਿਨਾਸ਼ ਹੋ ਹੀ ਗਿਆ ਅਤੇ ਭਾਰਤ ਵਰਸ਼ ਨੂੰ ਬਹੁਤ ਵੱਡਾ ਧੱਕਾ ਲੱਗਿਆ। ਸੂਰਮਤਾਈ, ਮਹਾਨ ਉਚੀ ਮਰਿਆਦਾ, ਅਸਤਰਾਂ, ਸਾਸ਼ਤਰਾਂ ਦਾ ਗਿਆਨ, ਉਚਾ ਗਿਆਨ ਜੋ ਕਸ਼ਤਰੀ ਰਾਜਿਆਂ ਨੇ ਸਾਂਭ-ਸਾਂਭ ਕੇ ਅਗਲੀਆਂ ਪੁਸ਼ਤਾਂ ਨੂੰ ਦੇਣ ਵਾਸਤੇ ਰੱਖਿਆ ਹੋਇਆ ਸੀ, ਉਸ ਦਾ ਵਿਨਾਸ਼ ਹੋ ਗਿਆ। ਲੱਖਾਂ ਇਸਤ੍ਰੀਆਂ ਵਿਧਵਾ ਹੋ ਗਈਆਂ, ਲੱਖਾਂ ਪਰਿਵਾਰ ਯਤੀਮ ਹੋ ਗਏ ਪਰ ਜੋ 'ਹੋਣੀ' ਹੁੰਦੀ ਹੈ, ਉਹ ਟਲਿਆ ਨਹੀਂ ਕਰਦੀ, ਹੋ ਕੇ ਹੀ ਰਹਿੰਦੀ ਹੈ। ਇਸ ਨੂੰ ਪ੍ਰਮੇਸ਼ਰ ਦਾ ਭਾਣਾ ਵੀ ਆਖਦੇ ਹਨ, ਹੁਕਮ ਵੀ ਕਿਹਾ ਜਾਂਦਾ ਹੈ, ਇਸ ਅੱਗੇ ਕਿਸੇ ਬੰਦੇ ਦੀ ਕੋਈ ਵੀ ਸਮਰਥਾ ਨਹੀਂ ਚਲ ਸਕਦੀ। ਕ੍ਰਿਸ਼ਨ ਮਹਾਰਾਜ ਨੂੰ ਵੀ ਪੂਰੀ ਤਰ੍ਹਾਂ ਗਿਆਨ ਸੀ, ਮੈਨੂੰ ਵੀ ਦੋਨੋਂ ਕੰਢੇ ਪੂਰੀ ਤਰ੍ਹਾਂ ਨਜ਼ਰ ਆ ਰਹੇ ਸਨ। ਮੈਂ ਵੀ ਲੱਖਾਂ ਬੰਦਿਆਂ ਦਾ ਵਿਨਾਸ਼ ਦਿਬਯ ਨੇਤਰਾਂ ਨਾਲ ਦੇਖ ਰਿਹਾ ਸੀ। ਭੀਸ਼ਮ ਪਿਤਾਮਾ ਜੋ ਮਹਾਨ ਜਤੀ ਸੀ ਉਹ ਵੀ ਸਭ

ਕੁਝ ਦੇਖ ਰਹੇ ਸਨ ਪਰ ਜੋ ਕੁਝ ਹੋਣਾ ਸੀ ਹੋ ਹੀ ਗਿਆ। ਹੋਣਹਾਰ ਨੂੰ ਅਜ ਤਕ ਕੋਈ ਵੀ ਨਹੀਂ ਰੋਕ ਸਕਿਆ। ਰਾਵਣ ਕਿੰਨਾ ਸਮਝਦਾਰ ਗਿਣਿਆ ਗਿਆ ਹੈ। ਰਾਜਨੀਤੀ, ਅਨੇਕ ਕਿਸਮ ਦੀ ਵਿਦਿਆ, ਰਾਕਸ਼ਸ਼ ਕੁਲ ਵਿਚ ਹੁੰਦਾ ਹੋਇਆ ਸਭ ਕੁਝ ਜਾਣਦਾ ਸੀ ਪਰ ਉਸ ਨੇ ਸੀਤਾ ਜੀ ਦਾ ਅਪਹਰਣ ਕਰਕੇ ਸਭ ਕੁਝ ਨਾਸ਼ ਕਰਾ ਲਿਆ। ਉਸ ਦੀ ਪਤਨੀ ਮਦੋਦਰੀ, ਭਰਾ ਬਿਭੀਖਣ, ਕੁੰਭਕਰਣ ਵੀ ਮਤ ਦਿੰਦਾ ਸੀ ਕਿ ਸੀਤਾ ਜੀ ਨੂੰ ਪਿਆਰ ਨਾਲ ਛੱਡ ਦੇਵੋ ਪਰ ਉਸ ਦੀ ਬੁੱਧੀ ਮਾਰੀ ਗਈ। ਸੋ ਅਖੀਰ ਰਾਵਣ ਮਾਰਿਆ ਗਿਆ ਅਤੇ ਹੋਣਹਾਰ ਹੋ ਕੇ ਹੀ ਹਟੀ।

ਸੋ ਬੇਟਾ! ਉਸ ਹੁਕਮ ਦੇ ਅੱਗੇ ਕਿਸੇ ਦਾ ਬਲ ਨਹੀਂ ਚਲਦਾ ਅਤੇ ਉਸ ਹੁਕਮ ਨੂੰ ਮੇਟਿਆ ਵੀ ਨਹੀਂ ਜਾ ਸਕਦਾ। ਵੱਡੇ-ਵੱਡੇ ਮਹਾਨ ਰਿਸ਼ੀ ਮੁਨੀ ਇਸ ਤੱਥ ਤੇ ਪਹੁੰਚੇ ਹਨ ਕਿ ਹੋਣਹਾਰ ਨੂੰ ਕੋਈ ਬਦਲ ਨਹੀਂ ਸਕਦਾ, ਕੇਵਲ ਸਮਰੱਥ ਗੁਰੂ ਬਦਲ ਸਕਦਾ ਹੈ ਜੇ ਉਸ ਨੂੰ ਦਇਆ ਆ ਜਾਵੇ।

ਰਾਜਾ ਜਨਮੇਜਾ ਨੇ ਕਿਹਾ ਕਿ ਮਹਾਰਾਜ! ਇਹ ਤਾਂ ਮੈਂ ਪਹਿਲਾ ਹੀ ਜਾਣਦਾ ਸੀ ਕਿ ਤੁਸੀਂ ਇਹੋ ਹੀ ਆਖੋਂਗੇ ਕਿ ਇਹ ਕੋਈ ਨਵੀਂ ਗੱਲ ਨਹੀਂ ਜਿਥੇ ਆਦਮੀ ਦਾ ਵਸ ਨਾ ਚਲਦਾ ਹੋਵੇ ਉਥੇ ਆਮ ਕਹਾਵਤ ਹੈ -

***ਜਿਥੇ ਹੱਥ ਨਾ ਅਪੜੇ, ਉਥੇ ਰੱਬ ਦਾ ਭਾਣਾ।***

ਇਥੇ ਇਹ ਹੋ ਹੀ ਨਹੀਂ ਸੀ ਸਕਦਾ ਕਿ ਇਹ ਗੱਲ ਰੋਕੀ ਨਾ ਜਾ ਸਕਦੀ ਅਰਥਾਤ ਇਸ ਹੋਣੀ ਨੂੰ ਰੋਕਿਆ ਜਾ ਸਕਦਾ ਸੀ।

ਜਦੋਂ ਰਾਜਾ ਜਨਮੇਜਾ ਨਾ ਹਟਿਆ ਤਾਂ ਵੇਦ ਵਿਆਸ ਜੀ ਨੇ ਕਿਹਾ, ਰਾਜਨ! ਤੇਰਾ ਭਵਿੱਖ ਅਸੀਂ ਸਾਰਾ ਵਾਚ ਲਿਆ ਹੈ, ਤੇਰੀ ਜੋ ਮੌਤ ਹੈ ਉਹ ਕੁਸ਼ਟ ਹੋ ਕੇ ਹੋਣੀ ਹੈ। ਉਸ ਨੇ ਕਿਹਾ ਕਿ ਮੈਨੂੰ ਕੁਸ਼ਟ ਕਿਉਂ ਹੋਣਾ ਹੈ? ਕਿਸ ਕਾਰਨ ਕਰਕੇ ਹੋਣਾ ਹੈ, ਮੈਂ ਉਹ ਕਿਹੜੀ ਭੁੱਲ ਕਰਨੀ ਹੈ ਜਿਸ ਦੀ ਸਜ਼ਾ ਮੈਨੂੰ ਕੁਸ਼ਟ ਮਿਲੇਗੀ? ਉਸ ਵੇਲੇ ਵੇਦ ਵਿਆਸ ਜੀ ਨੇ ਕਿਹਾ ਕਿ ਕੋਈ ਲਿਖਾਰੀ ਲਿਆ ਅਤੇ ਲਿਖ ਲੈ ਮੈਂ ਦਸਦਾ ਹਾਂ। ਉਸ ਵੇਲੇ ਵੇਦ ਵਿਆਸ ਜੀ ਨੇ ਲਿਖਾਇਆ ਕਿ ਦੇਖ, ਤੇਰਾ ਪਿਤਾ ਪ੍ਰੀਛਤ ਇਸ ਕਰਕੇ ਮਾਰਿਆ ਗਿਆ ਸੀ ਕਿ ਉਸ ਨੇ ਇਕ ਰਿਸ਼ੀ ਦੇ ਗਲ ਵਿਚ ਮਰਿਆ ਹੋਇਆ

ਸੱਪ ਪਾ ਦਿਤਾ ਸੀ ਜਿਸ ਕਰਕੇ ਰਿਸ਼ੀ ਦੇ ਸੇਵਕ ਦੇ ਸਰਾਪ ਨਾਲ ਉਸ ਨੂੰ ਅੱਠਾਂ ਦਿਨਾਂ ਦੇ ਅੰਦਰ ਤਸ਼ਕ ਨਾਗ ਨੇ ਡੰਗਿਆ ਅਤੇ ਸੰਸਾਰ ਤੋਂ ਜਾਣਾ ਪਿਆ। ਇਸ ਬਾਰੇ ਗੁਰੂ ਮਹਾਰਾਜ ਜੀ ਨੇ ਵੀ ਫੁਰਮਾਨ ਕੀਤਾ–

*ਬਹੁ ਜਤਨ ਕਰਤਾ ਬਲਵੰਤ ਕਾਰੀ ਸੇਵੰਤ ਸੂਰਾ ਚਤੁਰ ਦਿਸਹ ॥*
*ਬਿਖਮ ਥਾਨ ਬਸੰਤ ਊਚਹ ਨਹ ਸਿਮਰੰਤ ਮਰਣੰ ਕਦਾਂਚਹ ॥*
*ਹੋਵੰਤਿ ਆਗਿਆ ਭਗਵਾਨ ਪੁਰਖਹ ਨਾਨਕ ਕੀਟੀ ਸਾਸ ਅਕਰਖਤੇ ॥*
*ਪੰਨਾ - 1354*

ਹੁਣ ਮੈਂ ਤੈਨੂੰ ਤੇਰਾ ਭਵਿੱਖ ਦਸਦਾ ਹਾਂ ਕਿ ਤੂੰ ਵੀ ਇਕ ਘੋੜੀ ਖਰੀਦਣੀ ਹੈ। ਉਹ ਘੋੜੀ ਸਾਰੇ ਭਾਰਤ ਵਰਸ਼ ਵਿਚ ਆਪਣੀ ਬਰਾਬਰੀ ਦੀ ਆਪ ਹੀ ਹੋਵੇਗੀ। ਹੋਰ ਕੋਈ ਘੋੜਾ ਜਾਂ ਘੋੜੀ ਉਸ ਦੀ ਬਰਾਬਰੀ ਨਹੀਂ ਕਰਦਾ ਹੋਵੇਗਾ। ਸਾਰੇ ਅਮੀਰ ਵਜ਼ੀਰ ਸੂਰਮੇ ਤੈਨੂੰ ਉਹ ਘੋੜੀ ਖਰੀਦਣ ਲਈ ਕਹਿਣਗੇ। ਉਸ ਉਪਰ ਚੜ੍ਹ ਕੇ ਤੈਨੂੰ ਇਕ ਦਿਨ ਦਿਸ਼ਾ ਭਰਮ ਹੋ ਜਾਵੇਗਾ। ਮੈਂ ਤੈਨੂੰ ਵਰਜਦਾ ਹਾਂ ਕਿ ਤੂੰ ਦਖਣ ਦਿਸ਼ਾ ਨਾ ਜਾਵੀਂ, ਉਨ੍ਹਾਂ ਜੰਗਲਾਂ ਵਿਚ ਨਾ ਜਾਈਂ, ਜਿਥੇ ਇਥੇ ਦੇ ਆਦਿ ਵਾਸੀ ਰਹਿ ਰਹੇ ਹਨ। ਉਹ ਦੱਖਣ ਦਿਸ਼ਾ ਹੈ ਪਰ ਤੂੰ ਜਾਣਦਾ ਹੋਇਆ ਵੀ ਦਿਸ਼ਾ ਭਰਮ ਦੇ ਕਾਰਨ ਉਥੇ ਚਲਿਆ ਹੀ ਜਾਵੇਂਗਾ। ਤੈਨੂੰ ਬਹੁਤ ਪਿਆਸ ਲੱਗੀ ਹੋਵੇਗੀ ਅਤੇ ਤੂੰ ਇਕ ਝੌਂਪੜੀ ਵਿਚ ਪਾਣੀ ਪੀਣ ਲਈ ਜਾਵੇਂਗਾ, ਉਥੇ ਇਕ ਲੜਕੀ ਬਹੁਤ ਹੀ ਖ਼ੂਬਸੂਰਤ ਹੋਣ ਕਰਕੇ ਤੇਰੇ ਮਨ ਨੂੰ ਮੋਹ ਲਵੇਗੀ ਅਤੇ ਤੂੰ ਉਸ ਨੂੰ ਰਾਜ ਮਹਿਲਾਂ ਵਿਚ ਲੈ ਆਵੇਂਗਾ। ਸਾਰੇ ਆਰੀਅਨ ਤੇਰੀ ਮੁਖਾਲਫਤ ਕਰਨਗੇ, ਤੇਰੇ ਹੋਰ ਪਰਿਵਾਰ ਦੇ ਰਿਸ਼ਤੇਦਾਰ ਵੀ ਤੇਰੀ ਮੁਖਾਲਫਤ ਕਰਨਗੇ ਪਰ ਤੂੰ ਕਿਸੇ ਦੀ ਕੋਈ ਗੱਲ ਨਹੀਂ ਮੰਨੇਂਗਾ। ਉਸ ਵੇਲੇ ਵੱਡੇ ਵਿਦਵਾਨ, ਰਿਸ਼ੀ ਮੁਨੀ ਤੇਰਾ ਸੰਗ ਛੱਡ ਦੇਣਗੇ। ਤੈਨੂੰ ਸਲਾਹ ਦਿਤੀ ਜਾਵੇਗੀ ਕਿ ਤੂੰ ਕਾਲੇ ਕੰਨਾਂ ਵਾਲਾ ਘੋੜਾ ਛੱਡ ਕੇ ਰਾਜਸੂ ਯੱਗ ਕਰ। ਤੂੰ ਉਸੇ ਘੋੜੀ ਦੇ ਪੁੱਤਰ ਕਾਲੇ ਕੰਨਾਂ ਵਾਲੇ ਘੋੜੇ ਨੂੰ ਦੇਸ਼ ਵਿਚ ਫੌਜ ਦੇ ਕੇ ਛਡੇਂਗਾ ਅਤੇ ਇਸ ਅਸ਼ੂਮੇਧ ਯੱਗ ਦੀ ਸਫਲਤਾ ਲਈ ਤੇਰੀ ਬਹਾਦਰ ਫੌਜ ਦੇਸ਼ ਦੇ ਕੋਨੇ-ਕੋਨੇ ਵਿਚ ਜਾ ਕੇ ਸਾਰੇ ਰਾਜਿਆਂ ਤੋਂ ਤੇਰੀ ਈਨ ਮਨਾ ਕੇ ਵਾਪਸ ਆਵੇਗੀ ਤੇ ਤੂੰ ਰਾਜਸੂ ਯੱਗ ਆਰੰਭ ਕਰ ਦੇਵਾਂਗਾ ਪਰ ਉਸ ਵਿਚ ਕੋਈ ਵਿਦਵਾਨ, ਰਿਸ਼ੀ ਮੁਨੀ ਸ਼ਾਮਲ ਨਹੀਂ ਹੋਵੇਗਾ। ਉਸ ਵੇਲੇ ਤੂੰ ਮਹਾਂ

ਵਿਦਿਆਲਿਆ ਵਿਚੋਂ ਵਿਦਿਆਰਥੀ ਲਿਆ ਕੇ ਉਨ੍ਹਾਂ ਤੋਂ ਮੰਤਰ ਪੜ੍ਹਾ ਕੇ ਯੱਗ ਕਰਾਵਾਵੇਂਗਾ। ਜਦੋਂ ਤੂੰ ਯੱਗ ਵਿਚ ਭੋਜਨ ਵਰਤਾ ਰਿਹਾ ਹੋਵੇਂਗਾ, ਉਸ ਵੇਲੇ ਉਹ ਅਨਾਰੀਅਨ ਜਾਤੀ ਦੀ ਲੜਕੀ ਤੇਰੇ ਨਾਲ ਹੋਵੇਗੀ। ਉਸ ਵੇਲੇ ਅਚਾਨਕ ਉਸਦੀ ਸਾੜੀ ਦਾ ਪੱਲਾ ਹਵਾ ਦੇ ਵੇਗ ਨਾਲ ਉਡ ਜਾਵੇਗਾ ਅਤੇ ਉਧਰ ਭੋਜਨ ਖਾ ਰਹੇ ਵਿਦਿਆਰਥੀ ਬਾਲਕ ਪੰਡਤ ਆਪਣੀ ਕਿਸੇ ਗੱਲ ਉਪਰ ਹੀ ਖਿੜਖਿੜਾ ਕੇ ਹੱਸ ਪੈਣਗੇ। ਤੂੰ ਉਸ ਵੇਲੇ ਨਿਰਣੇ ਤੋਂ ਸ਼ੰਨਯ ਹੋ ਜਾਵੇਂਗਾ ਅਤੇ ਇਹ ਕਾਰਨ ਤੂੰ ਜਾਣ ਨਹੀਂ ਸਕੇਂਗਾ ਕਿ ਕਿਸ ਕਾਰਨ ਕਰਕੇ ਇਹ ਬਾਲਕ ਹੱਸੇ ਹਨ। ਤੈਨੂੰ ਐਨਾ ਕ੍ਰੋਧ ਚੜ੍ਹ ਜਾਵੇਗਾ ਕਿ ਤੂੰ ਉਨ੍ਹਾਂ ਬ੍ਰਾਹਮਣ ਬੱਚਿਆਂ ਨੂੰ ਗਰਮ ਕੜਾਹਿਆਂ ਵਿਚ, ਬਲਦੇ ਭੱਠਾਂ ਵਿਚ ਸੁਟਵਾ ਦੇਵੇਂਗਾ। ਉਸਦੇ ਫਲਸਰੂਪ ਤੈਨੂੰ ਕੁਸ਼ਟ ਹੋ ਜਾਵੇਗਾ। ਤੂੰ ਅਤਿ ਦੁਖੀ ਹੋ ਕੇ ਮੈਨੂੰ ਯਾਦ ਕਰੇਂਗਾ। ਮੈਂ ਉਸ ਦੇ ਉਪਚਾਰ ਲਈ ਤੈਨੂੰ ਭਾਗਵਤ ਕਥਾ ਸੁਣਾਵਾਂਗਾ ਕਿਉਂਕਿ ਹਰੀ ਦੀ ਕਥਾ ਨਾਲ ਰੋਗ ਦਾ ਨਾਸ਼ ਹੋ ਜਾਂਦਾ ਹੈ। ਪ੍ਰਮੇਸ਼ਰ ਦੇ ਨਾਮ ਦੀ ਮਹਿਮਾ ਸੁਣਨ ਨਾਲ ਸਾਰੇ ਕਸ਼ਟ ਦੂਰ ਹੋ ਜਾਂਦੇ ਹਨ। ਤੂੰ ਸੁਣਦਾ ਚਲਿਆ ਜਾਵੇਂਗਾ ਪਰ ਇਕ ਐਸੀ ਘਟਨਾ ਆਵੇਗੀ ਜਿਸ ਵਿਚ ਮੰਤਰ ਬਲ ਉਪਰ ਤੂੰ ਤਰਕ ਕਰੇਂਗਾ। ਉਸ ਵੇਲੇ ਸਾਰੇ ਸਰੀਰ ਤੋਂ ਕੁਸ਼ਟ ਦੂਰ ਹੋ ਜਾਵੇਗਾ ਪਰ ਤੇਰੇ ਨੱਕ ਉਪਰ ਰਹਿ ਜਾਵੇਗਾ। ਸੋ ਤੇਰੀ ਤਰਕ ਦਾ ਸਮਾਧਾਨ ਕਰਨ ਵਾਸਤੇ ਆਪਣੇ ਯੋਗ ਬਲ ਨਾਲ ਅਸੀਂ ਤੈਨੂੰ ਪ੍ਰਤੱਖ ਦਿਖਾ ਦੇਵਾਂਗੇ ਕਿ ਜੋ ਕੁਝ ਸਤਿ ਸਾਸ਼ਤਰਾਂ ਵਿਚ ਲਿਖਿਆ ਹੈ ਉਹ ਅਣਥਾ ਨਹੀਂ ਹੁੰਦਾ ਉਹ ਬਚਨ ਸਤਿਪੁਰਸ਼ਾਂ ਦੇ ਲਿਖੇ ਸਤਿ ਹੋਇਆ ਕਰਦੇ ਹਨ। ਇਹ ਕਹਿ ਕੇ ਵੇਦ ਵਿਆਸ ਜੀ ਚਲੇ ਗਏ।

ਇਸ ਰਾਜੇ ਨੇ ਹੁਕਮ ਕਰ ਦਿਤਾ ਕਿ ਕੋਈ ਘੋੜਾ ਨਹੀਂ ਖਰੀਦਣਾ। ਤਿੰਨ ਚਾਰ ਸਾਲ ਵਿਚ ਸਾਰੇ ਘੋੜੇ ਬੁੱਢੇ ਹੋਣੇ ਸ਼ੁਰੂ ਹੋ ਗਏ, ਉਨ੍ਹਾਂ ਦੀ ਚਪਲਤਾ ਨਸ਼ਟ ਹੋ ਗਈ। ਉਸ ਵੇਲੇ ਸਾਰੇ ਸੈਨਾਪਤੀਆਂ ਉਪ ਸੈਨਾਪਤੀਆਂ ਨੇ ਕਿਹਾ ਕਿ ਘੋੜੇ ਖਰੀਦਣ ਦਾ ਹੁਕਮ ਦੇਵੋ। ਰਾਜੇ ਨੇ ਕਿਹਾ ਕਿ ਘੋੜੇ ਤਾਂ ਖਰੀਦ ਲਵੋ ਪਰ ਘੋੜੀ ਭੁੱਲ ਕੇ ਵੀ ਨਹੀਂ ਖਰੀਦਣੀ। ਅਚਾਨਕ ਐਸਾ ਹੋਇਆ ਕਿ ਬਾਹਰੋਂ ਇਕ ਸੌਦਾਗਰ ਇਕ ਬਹੁਤ ਸੁੰਦਰ ਘੋੜੀ ਲੈ ਆਇਆ, ਅਮੀਰਾਂ ਵਜ਼ੀਰਾਂ ਨੇ ਦੇਖਿਆ, ਸਾਰਿਆਂ ਨੇ ਇਕ ਜ਼ੁਬਾਨ ਹੋ ਕੇ ਕਿਹਾ ਕਿ ਮਹਾਰਾਜ! ਇਹ ਘੋੜੀ ਸਿਰਫ ਸ਼ਾਹੀ ਘੋੜਸ਼ਾਲਾ (ਅਸਤਬਲ) ਵਿਚ

ਹੀ ਸ਼ੋਭਾ ਦਿੰਦੀ ਹੈ। ਅਧੀਨ ਰਾਜਿਆਂ ਕੋਲ ਇਹ ਹੋਵੇ, ਇਹ ਗੱਲ ਸ਼ੋਭਾ ਨਹੀਂ ਦੇਵੇਗੀ। ਆਪ ਇਸ ਉਪਰ ਸਵਾਰੀ ਕਰੋ ਚਾਹੇ ਨਾ ਕਰੋ, ਇਹ ਆਪ ਦੀ ਇੱਛਾ ਹੈ। ਪਰ ਇਹ ਘੋੜੀ ਖਰੀਦ ਜ਼ਰੂਰ ਲਵੋ। ਉਹ ਘੋੜੀ ਖਰੀਦ ਲਈ ਜਾਂਦੀ ਹੈ ਉਸ ਉਪਰ ਕੋਈ ਸਵਾਰੀ ਨਹੀਂ ਸੀ ਕਰਦਾ। ਇਸ ਕਰਕੇ ਉਸ ਦੇ ਚਪਲ ਅੰਗ ਸੁਸਤ ਹੋਣੇ ਸ਼ੁਰੂ ਹੋ ਗਏ। ਰਾਜੇ ਨੂੰ ਬੇਨਤੀ ਕੀਤੀ ਗਈ ਕਿ ਮਹਾਰਾਜ! ਤੁਸੀਂ ਇਸ ਘੋੜੀ ਉਪਰ ਸਵਾਰੀ ਕਰ ਲਓ, ਦੱਖਣ ਦਿਸ਼ਾ ਵਲ ਨਾ ਜਾਣਾ। ਉਹੋ ਗੱਲ ਹੋਈ, ਮਨ ਹੀ ਮਨ ਵਿਚ ਘੋੜੀ ਦੇ ਗੁਣਾਂ ਦੀ ਪ੍ਰਸ਼ੰਸਾ ਕਰਦਾ ਰਹਿੰਦਾ ਹੈ। ਇਕ ਦਿਨ ਜਦੋਂ ਘੋੜੀ ਉਪਰ ਬੈਠ ਕੇ ਬਾਹਰ ਨਿਕਲਿਆ ਤਾਂ ਉਹ ਘੋੜੀ ਇਸ ਨੂੰ ਇਕ ਜੰਗਲ ਵਿਚ ਲੈ ਵੜੀ। ਸੂਰਜ ਗਾੜ੍ਹੇ ਬੱਦਲਾਂ ਹੇਠ ਆਇਆ ਹੋਇਆ ਸੀ ਉਸ ਨੂੰ ਦਿਸ਼ਾ ਦਾ ਗਿਆਨ ਹੀ ਨਾ ਰਿਹਾ ਅਤੇ ਦਿਸ਼ਾ ਭਰਮ ਹੋ ਗਿਆ ਕਿ ਘੋੜੀ ਮੈਨੂੰ ਉਤਰ ਦਿਸ਼ਾ ਨੂੰ ਲਈ ਜਾ ਰਹੀ ਹੈਂ। ਉਹ ਚਲਦੀ-ਚਲਦੀ ਇਕ ਜੰਗਲ ਵਿਚ ਪਹੁੰਚ ਗਈ ਜਿਥੇ ਅਨਾਰੀਅਨ ਜਾਤੀਆਂ ਦੇ ਪ੍ਰਾਣੀ ਵਸਦੇ ਸਨ, ਇਸ ਨੂੰ ਪਿਆਸ ਲੱਗੀ ਇਹ ਪਾਣੀ ਪੀਣ ਲਈ ਇਕ ਝੌਂਪੜੀ ਵਿਚ ਗਿਆ, ਅਵਾਜ਼ ਦਿਤੀ ਇਕ ਲੜਕੀ ਜੋ ਨਿਰਾ ਹੀ ਸੁੰਦਰਤਾ ਦਾ ਰੂਪ ਸੀ, ਕਾਮਦੇਵ ਦੀ ਇਸਤਰੀ ਰੱਤੀ ਨੂੰ ਵੀ ਮਾਤ ਪਾਉਂਦੀ ਸੀ ਅਤੇ ਜਿਸ ਦੇ ਸਰੀਰਕ ਅੰਗਾਂ ਦੀ ਚਪਲਤਾ ਖਿੱਚ ਪਾਉਂਦੀ ਸੀ ਅਤੇ ਆਪਣੇ ਉਤੇ ਮੋਹਤ ਕਰਦੀ ਸੀ, ਉਹ ਪਾਣੀ ਲੈ ਕੇ ਆਈ ਰਾਜਾ ਜਨਮੇਜਾ ਨੇ ਪਾਣੀ ਪੀਤਾ ਪਰ ਉਹ ਉਸ ਉਪਰ ਐਨਾ ਮੋਹਿਤ ਹੋਇਆ ਕਿ ਸਤਿ ਅਤੇ ਅਸਤਿ ਦੀ ਵਿਚਾਰ ਉਸ ਦੇ ਮਨ ਵਿਚੋਂ ਜਾਂਦੀ ਰਹੀ। ਉਸ ਨੇ ਇਰਾਦਾ ਕਰ ਲਿਆ ਕਿ ਇਸ ਨੂੰ ਘਰ ਲਿਜਾ ਕੇ ਪਟਰਾਣੀ ਬਣਾਵਾਂਗਾ। ਉਸ ਵੇਲੇ ਉਸ ਦੀ ਯਾਦਾਸ਼ਤ ਨੇ ਹੁਲਾਰਾ ਮਾਰਿਆ ਤੇ ਉਸ ਨੂੰ ਰਿਸ਼ੀ ਵੇਦ ਵਿਆਸ ਜੀ ਦੇ ਬਚਨ ਯਾਦ ਕਰਾ ਦਿਤੇ ਕਿ ਉਸ ਲੜਕੀ ਨੂੰ ਨਾ ਲਿਆਵੀਂ। ਹੁਣ ਉਸ ਨੇ ਇਹ ਓਟ ਲੈ ਲਈ ਕਿ ਮੈਂ ਲੜਕੀ ਨੂੰ ਤਾਂ ਲੈ ਜਾਵਾਂਗਾ ਪਰ ਯੱਗ ਵਿਚ ਬ੍ਰਾਹਮਣਾਂ ਨੂੰ ਨਹੀਂ ਮਾਰਾਂਗਾ। ਪਰ ਹੋਇਆ ਉਸੇ ਤਰ੍ਹਾਂ ਜਿਸ ਤਰ੍ਹਾਂ ਵੇਦ ਵਿਆਸ ਜੀ ਨੇ ਭਾਵੀ ਦਾ ਚਿੱਤਰ ਖਿੱਚ ਕੇ ਦਸਿਆ ਹੋਇਆ ਸੀ। ਅਸ਼ੂਮੇਧ ਯੱਗ ਕਰਨ ਵਾਸਤੇ ਘੋੜਾ ਛੱਡਿਆ, ਰਾਜੇ, ਰਿਸ਼ੀ ਮੁਨੀ ਦੂਰ ਦੇ ਦੇਸ਼ਾਂ ਤੋਂ ਪਹੁੰਚੇ ਹੋਏ ਸਨ ਪਰ ਯੱਗ ਨੂੰ ਕਰਨ ਵਾਲੇ ਬ੍ਰਾਹਮਣ ਇਹ ਵਿਚਾਰ ਕੇ ਨਾ ਆਏ ਕਿ ਇਸ ਰਾਜੇ ਨੇ ਆਰੀਅਨ ਮਰਿਆਦਾ ਭੰਗ ਕਰਕੇ ਅਨਾਰੀਅਨ ਲੜਕੀ ਨਾਲ ਸ਼ਾਦੀ ਕੀਤੀ ਹੈ

ਜੋ ਰਾਜਸੀ ਤੇ ਸਮਾਜਿਕ ਤੌਰ ਤੇ ਕਿਸੇ ਤਰ੍ਹਾਂ ਵੀ ਪ੍ਰਵਾਨ ਨਹੀਂ ਕੀਤੀ ਜਾ ਸਕਦੀ। ਇਹ ਵਿਦਿਆਲੇ 'ਚੋਂ ਬ੍ਰਾਹਮਣਾਂ ਦੇ ਬੱਚਿਆਂ ਨੂੰ ਲੈ ਅਇਆ, ਭੋਜਨ ਛਕਣ ਵੇਲੇ ਬੱਚੇ, ਬਾਲਕ ਬੁੱਧੀ ਅਨੁਸਾਰ ਆਪਸ ਵਿਚ ਕਹਿਣ ਲੱਗੇ ਕਿ ਰਾਜੇ ਜਨਮੇਜੇ ਦੇ ਨਾਲ ਹਰ ਵਾਰੀ ਰਾਣੀ ਬਦਲ ਕੇ ਵਾਰੋ-ਵਾਰੋ ਆ ਰਹੀ ਹੈ। ਉਸ ਵੇਲੇ ਇਕ ਸੂਝਵਾਨ ਬੱਚੇ ਨੇ ਕਿਹਾ ਕਿ ਸਾਥੀਓ! ਰਾਣੀ ਬਦਲ ਕੇ ਨਹੀਂ ਆਉਂਦੀ ਪਰ ਰਾਣੀ ਹਰ ਵਾਰੀ ਸਾੜੀ ਬਦਲ ਕੇ ਆਉਂਦੀ ਹੈ। ਉਸ ਨੇ ਕਿਹਾ ਕਿ ਮੈਂ ਨਹੁੰ ਤੇ ਰੱਖ ਉਸ ਦੇ ਪੈਰ ਤੇ ਚਾਵਲ ਮਾਰਿਆ ਹੈ, ਤੁਸੀਂ ਦੇਖ ਲੈਣਾ ਜਦੋਂ ਰਾਣੀ ਨੇੜੇ ਆਈ ਤਾਂ ਉਸ ਵੇਲੇ ਸਾਰੇ ਬੱਚਿਆਂ ਨੇ ਨਿਰਣਾ ਕਰਨ ਲਈ ਇਕੱਠੇ ਹੀ ਉਸ ਦੇ ਪੈਰ ਵਲ ਦੇਖਿਆ ਤੇ ਸਾਰੇ ਬੱਚੇ ਤਾਲੀ ਮਾਰ ਕੇ ਖਿੜਖਿੜਾ ਕੇ ਹਸ ਪਏ। ਉਸ ਵੇਲੇ ਅਚਾਨਕ ਹਵਾ ਦਾ ਬੁਲਾ ਆਇਆ ਉਸ ਨੇ ਪਹਿਨੀ ਹੋਈ ਸਾੜੀ ਲੱਤ ਤੋਂ ਉਚੀ ਕਰ ਦਿਤੀ। ਬੱਚਿਆਂ ਦਾ ਹੱਸਣਾ ਅਤੇ ਸਾੜੀ ਦਾ ਉਚਾ ਚੁਕਣ ਜਨਮੇਜੇ ਦੀ ਬੁੱਧੀ ਨੂੰ ਭ੍ਰਿਸ਼ਟ ਕਰ ਗਿਆ। ਉਸ ਨੇ ਬ੍ਰਾਹਮਣ ਬੱਚਿਆਂ ਨੂੰ ਭੱਠਾਂ ਵਿਚ ਸੁੱਟ ਕੇ ਲੂਹ ਦਿਤਾ ਅਤੇ ਕੁਝ ਕੁ ਨੂੰ ਕੜਾਹਿਆਂ ਵਿਚ ਉਬਲਦੇ ਪਾਣੀ ਵਿਚ ਸੁੱਟ ਦਿਤਾ, ਇਸ ਤਰ੍ਹਾਂ ਸਭਨਾਂ ਨੂੰ ਮਾਰ ਦਿਤਾ। ਬ੍ਰਾਹਮਣ ਹੱਤਿਆ ਹੋਣ ਦੇ ਫਲਸਰੂਪ ਇਸ ਦੀ ਦੇਹ ਰੋਗੀ ਹੋ ਗਈ ਅਤੇ ਇਸ ਨੂੰ ਕੁਸ਼ਟ ਹੋ ਗਿਆ। ਆਪਣੇ ਕੀਤੇ ਬਚਨ ਅਨੁਸਾਰ ਵੇਦ ਵਿਆਸ ਜੀ ਆਏ ਅਤੇ ਉਨ੍ਹਾਂ ਨੇ ਸਾਰੀ ਗੱਲ ਜਨਮੇਜੇ ਨੂੰ ਪੁੱਛੀ ਕਿ ਰਾਜਨ! ਹੁਣ ਦਸ ਤੇਰੀ ਬੁੱਧੀ ਕਿਥੇ ਚਲੀ ਗਈ ਸੀ। ਤੇਰੀ ਬੁੱਧੀ ਨੇ ਤੇਰੀ ਕੋਈ ਸਹਾਇਤਾ ਨਾ ਕੀਤੀ? ਤੂੰ ਬਿਨਾਂ ਨਿਰਣਾ ਕੀਤੇ ਬੱਚੇ ਭੱਠ ਵਿਚ ਸੁਟਵਾ ਕੇ ਮਾਰ ਦਿਤੇ। ਸੋ ਤੇਰੇ ਕਰਮਾਂ ਨੇ ਤੇਰਾ ਸੁਭਾਅ ਜਿਸ ਨੂੰ ਕਿਰਤ ਆਖਿਆ ਜਾਂਦਾ ਹੈ, ਬਣਾਇਆ ਹੈ। ਤੂੰ ਸੁਭਾਅ ਦੇ ਮੁਤਾਬਿਕ ਬਿਨਾਂ ਨਿਰਣਾ ਕੀਤੇ ਇਨ੍ਹਾਂ ਨੂੰ ਮਾਰ ਦਿਤਾ।

ਹੁਣ ਮੈਂ ਤੈਨੂੰ ਭਗਵਤ ਕਥਾ ਸੁਣਾਵਾਂਗਾ ਜਿਸ ਵਿਚ ਪ੍ਰਭੂ ਦਾ ਜਸ ਸਰਵਣ ਕਰੀਂ। ਉਸ ਦੇ ਨਾਮ ਨਾਲ ਤੇਰਾ ਕੁਸ਼ਟ ਦੂਰ ਹੋ ਜਾਵੇਗਾ। ਹੁਣ ਤਰਕ ਨਾ ਕਰੀਂ। ਵੇਦ ਵਿਆਸ ਜੀ ਰੋਜ਼ ਕਥਾ ਕਰਦੇ ਹਨ। ਰੋਗ ਦੂਰ ਹੋਣਾ ਸ਼ੁਰੂ ਹੋ ਗਿਆ। ਇਕ ਦਿਨ ਭੀਮਸੈਨ ਦੀ ਕਥਾ ਵਿਚ ਮੰਤਰ ਬਲ ਦੀ ਗੱਲ ਚਲ ਰਹੀ ਸੀ। ਆਪ ਨੇ ਇਸ ਨੂੰ ਸੰਬੋਧਨ ਕਰਕੇ ਕਿਹਾ ਕਿ ਰਾਜਨ! ਭੀਮਸੈਨ ਦੀ ਕਥਾ ਸੁਣ ਕੇ ਤੂੰ ਮੰਨਣਾ ਨਹੀਂ ਹੈਂ। ਆਪ ਨੇ ਕਿਹਾ ਕਿ ਇਕ ਵਾਰੀ ਭੀਮ ਇਥੋਂ ਦੇ ਭੀਲ ਵਾਸੀਆਂ ਵਿਚ ਘਿਰ

ਗਿਆ, ਭੀਲ ਰਾਜੇ ਨੇ ਇਸ ਨੂੰ ਮਾਰਨ ਲਈ ਚਾਰੇ ਪਾਸਿਆਂ ਤੋਂ ਹਾਥੀਆਂ ਦਾ ਵਾਰ ਕਰ ਦਿਤਾ। ਉਸ ਵੇਲੇ ਭੀਮ ਨੇ ਮੰਤਰ ਬਾਲ ਨਾਲ ਹਾਥੀਆਂ ਨੂੰ ਸੁੰਢਾਂ ਤੋਂ ਫੜ ਕੇ ਅਸਮਾਨ ਦੇ ਉਪਰਲੇ ਪਾਸੇ ਸੁੱਟ ਦਿਤਾ ਜਿਥੇ ਧਰਤੀ ਦੀ ਖਿੱਚ ਕੁਝ ਵੀ ਨਹੀਂ ਕਰ ਸਕਦੀ, ਉਹ ਅਜੇ ਤਕ ਉਡੇ ਫਿਰਦੇ ਹਨ। ਧਰਤੀ ਦੇ ਦੁਆਲੇ ਘੁੰਮ ਰਹੇ ਹਨ। ਇਹ ਗੱਲ ਸੁਣਦੇ ਸਾਰ ਦੁਰਭਾਗ ਵਸ ਰਾਜਾ ਜਨਮੇਜਾ ਬੋਲ ਉਠਿਆ ਕਿ ਹੋਰ ਗੱਲਾਂ ਤਾਂ ਮੈਂ ਮੰਨਦਾ ਹੈ ਪਰ ਮੈਂ ਐਨਾ ਬੁੱਧੀਹੀਣ ਨਹੀਂ ਕਿ ਇਸ ਕਪੋਲ ਕਲਪਨਾ ਨੂੰ ਮੰਨ ਲਵਾਂ। ਆਦਮੀ ਵਿਚ ਕਿੰਨਾ ਕੁ ਬਲ ਹੁੰਦਾ ਹੈ ਕਿ ਹਾਥੀਆਂ ਨੂੰ ਸੈਂਕੜੇ ਮੀਲ ਦੂਰ ਸੁੱਟ ਦੇਵੇ? ਵੇਦ ਵਿਆਸ ਜੀ ਨੇ ਕਿਹਾ ਕਿ ਇਹੀ ਤੇਰੇ ਭਾਗਾਂ ਵਿਚ ਲਿਖਿਆ ਹੋਇਆ ਸੀ ਤੂੰ ਕਥਾ ਉਪਰ ਨੱਕ ਮਾਰੇਂਗਾ। ਸੋ ਨੱਕ ਤੇ ਕੁਸ਼ਟ ਰਹਿਣ ਕਰਕੇ ਇਸ ਨੇ ਪ੍ਰਾਣ ਤਿਆਗੇ। ਕਿਉਂਕਿ ਕਰਮਗਤੀ ਬਲਵਾਨ ਹੈ –

***ਭੋਗੇ ਬਿਨ ਭਾਗੇ ਨਹੀ ਕਰਮਗਤੀ ਬਲਵਾਨ।***

ਗੁਰੂ ਮਹਾਰਾਜ ਜੀ ਵੀ ਫੁਰਮਾਨ ਕਰਦੇ ਹਨ –

***ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥***
***ਪੰਨਾ – 937***

ਗੁਰੂ ਮਹਾਰਾਜ ਜੀ ਨੇ ਇਸ ਸਾਰੀ ਕਥਾ ਨੂੰ ਸੰਕੇਤ ਰੂਪ ਵਿਚ ਪ੍ਰਗਟ ਕਰਦਿਆਂ ਗੁਰਬਾਣੀ ਵਿਚ ਪ੍ਰਗਟ ਕੀਤਾ ਹੈ ਕਿ–

***ਰਾਜਾ ਜਨਮੇਜਾ ਦੇ ਮਤੀ ਬਰਜਿ ਬਿਆਸਿ ਪੜ੍ਹਾਇਆ॥***
***ਤਿਨਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ॥***
***ਪੰਨਾ – 1344***

ਸੋ ਸਾਰੀ ਸੰਗਤ ਬਹੁਤ ਧਿਆਨ ਨਾਲ ਸੁਣ ਰਹੀ ਸੀ ਉਹ ਪ੍ਰੇਮੀ ਬਹੁਤ ਰਸੂਖ ਵਾਲੇ ਸਨ, ਉਨ੍ਹਾਂ ਦੇ ਘਰ ਕਾਫੀ ਇਕੱਠ ਹੋ ਗਿਆ, ਮੈਂ ਵੀ ਆਪਣੀ ਘੜੀ ਵਲ ਦੇਖ ਰਿਹਾ ਸੀ ਕਿਉਂਕਿ ਅਸੀਂ ਦੂਰ ਜਾਣਾ ਸੀ। ਮੈਂ ਬੇਨਤੀ ਕੀਤੀ ਕਿ ਬਚਨ ਤਾਂ ਇਸ ਉਪਰ ਬਹੁਤ ਕਰਨੇ ਸਨ ਪਰ ਜੋ ਪ੍ਰਸ਼ਨ ਹੋਇਆ ਸੀ ਕਿ ਜੇ ਆਦਮੀ ਨੂੰ ਪਤਾ ਲਗ ਜਾਵੇ ਤਾਂ ਭਾਵੀ ਨੂੰ ਬਦਲਿਆ ਜਾ ਸਕਦਾ ਹੈ। ਭਾਵੀ ਅਟੱਲ ਹੈ ਅਤੇ ਬਦਲੀ ਨਹੀਂ ਜਾ ਸਕਦੀ ਸਿਰਫ ਇਕੋ ਰਸਤਾ ਹੈ ਕਿ ਪੂਰਨ ਗੁਰੂ ਦੀ ਸ਼ਰਨ ਪੈ ਕੇ ਨਾਮ ਦੀ ਓਟ ਲੈ ਲਵੇ ਤਾਂ ਇਹ ਹੋ ਸਕਦਾ ਹੈ ਕਿ ਉਸ ਦੇ ਕਰਮਾਂ ਦੀ ਸਖਤੀ ਨਰਮੀ ਵਿਚ ਬਦਲ ਜਾਵੇ। ਗੁਰੂ ਨਾਨਕ ਪਾਤਸ਼ਾਹ ਵੇਲੇ ਇਕ ਖਤਰੀ ਨੂੰ ਜਿਸ ਨੂੰ ਸੂਲੀ ਤੇ ਚਾੜ੍ਹਿਆ ਜਾਣਾ ਸੀ, ਉਹ ਇਕ ਕੰਡਾ ਲਗਣ ਤੇ ਸੂਲੀ ਤੋਂ ਬਚ ਗਿਆ। ਸੋ

ਐਨੇ ਬਚਨ ਕਰਕੇ ਅਸਾਨੂੰ ਜਲਦੀ ਸੀ ਅਤੇ ਸ਼ਾਮ ਦਾ 6 ਵਜੇ ਤੋਂ 9 ਵਜੇ ਤਕ ਦੀਵਾਨ ਗੁਰਦੁਆਰਾ Los Angeles ਵਿਚ ਲਗਣਾ ਸੀ। ਉਥੇ ਪਹੁੰਚਣਾ ਬਹੁਤ ਜ਼ਰੂਰੀ ਸੀ, ਅਸੀਂ ਉਥੋਂ ਚਲ ਕੇ ਕਾਫੀ ਸਫਰ ਕੱਟ ਕੇ ਭਾਈ ਖੁਸ਼ਵਿੰਦਰ ਸਿੰਘ ਦੇ ਘਰ Tulare ਵਿਚ ਪਹੁੰਚ ਗਏ।

South Locan Selma ਤੋਂ ਅਸੀਂ ਚੱਲੇ, ਜਥੇ ਦੇ ਸਿੰਘ ਵੀ ਨਾਲ ਹੀ ਸਨ। ਬਦਾਮਾਂ ਦੇ ਬਾਗਾਂ ਵਿਚੀਂ ਸੜਕਾਂ ਉਪਰ ਦੀ ਲੰਘਦੇ ਅਸੀਂ ਬਹੁਤ ਅਜੀਬ ਕਿਸਮ ਦਾ ਅਨੁਭਵ ਕਰ ਰਹੇ ਸਾਂ, ਅਜੇ ਬਦਾਮਾਂ ਦੇ ਬੂਟਿਆਂ ਨੂੰ ਛੋਟੇ-ਛੋਟੇ ਚਿੱਟੇ ਫੁਲ ਗੁਲਾਬੀ ਭਾਅ ਮਾਰਦੇ ਨਜ਼ਰ ਆ ਰਹੇ ਸਨ। ਅਖਰੋਟਾਂ ਦੇ ਵੱਡੇ-ਵੱਡੇ ਦਰਖਤ ਫਾਰਮਾਂ ਵਿਚ ਖੜ੍ਹੇ ਸਨ ਅਤੇ ਕਦੇ ਖੁਰਮਾਨੀਆਂ ਦੇ ਫਾਰਮ ਆ ਜਾਂਦੇ ਸਨ। ਫਾਰਮਾਂ ਦੀ ਲੰਬਾਈ ਚੌੜਾਈ ਬਹੁਤ ਜ਼ਿਆਦਾ ਸੀ ਕਿਸੇ ਦੀ ਇਕ ਹਜ਼ਾਰ ਏਕੜ ਕਿਸੇ ਦੀ ਇਸ ਤੋਂ ਵੀ ਜ਼ਿਆਦਾ ਸੀ। ਵਿਚਾਲੇ ਇਕ ਘਰ ਸੀ ਕਿਉਂਕਿ ਅਸਾਡੇ ਵਾਂਗੂੰ ਕਾਮਿਆਂ ਵਾਸਤੇ ਉਨ੍ਹਾਂ ਨੇ ਕੋਈ ਘਰ ਨਹੀਂ ਸੀ ਬਣਾਏ ਹੋਏ, ਕਾਮੇ ਅਸਾਡੇ ਵਰਗੇ ਨਹੀਂ ਹੁੰਦੇ, ਉਨ੍ਹਾਂ ਕੋਲ ਆਪਣੀਆਂ ਕਾਰਾਂ ਹੁੰਦੀਆਂ ਹਨ, ਬਹੁਤ ਹੀ ਵਧੀਆ ਸੂਟ ਪਾਏ ਹੁੰਦੇ ਹਨ, ਦਿਨ ਭਰ ਕੰਮ ਕਰਦੇ ਹਨ ਅਤੇ ਇਕ ਮਿੰਟ ਵੀ ਵਿਹਲਾ ਬੈਠ ਕੇ ਬਰਬਾਦ ਨਹੀਂ ਕਰਦੇ। ਇਹ ਉਸ ਦੇਸ਼ ਦੀ ਖੂਬੀ ਹੈ ਕਿ ਉਥੇ ਦੇ ਕਾਮੇ ਬਹਾਨੇਬਾਜ਼ ਨਹੀਂ ਅਤੇ ਨਾ ਹੀ ਅਸਾਡੇ ਵਾਂਗੂੰ ਛੋਟੀਆਂ-ਛੋਟੀਆਂ ਗੱਲਾਂ ਉਪਰ ਹੜਤਾਲਾਂ ਹੀ ਕਰਦੇ ਹਨ। ਜੋ ਦਿਤਾ ਹੋਇਆ ਕੰਮ ਹੈ ਉਹ ਬਿਨਾਂ ਬੋਲਿਆਂ ਪੂਰੀ ਤਨ ਦੇਹੀ ਨਾਲ ਕਰਕੇ ਪੂਰਾ ਸਮਾਂ ਲਾ ਕੇ ਆਪਣੀਆਂ ਕਾਰਾਂ ਵਿਚ ਬੈਠ ਕੇ ਕੋਈ 50 ਮੀਲ ਦੂਰ ਜਾਂਦਾ ਹੈ, ਕੋਈ 60 ਮੀਲ ਜਾਂਦਾ ਹੈ। ਬੀਬੀਆਂ ਕੋਲ ਆਪਣੀਆਂ ਕਾਰਾਂ ਹੁੰਦੀਆਂ ਹਨ, ਭਾਈਆਂ ਕੋਲ ਆਪਣੀਆਂ। ਇਸ ਕਰਕੇ ਉਨ੍ਹਾਂ ਨੂੰ ਫਾਰਮਾਂ ਵਿਚ ਰੱਖਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਪਰ ਹੁਣ ਬਹੁਤ ਪਰਿਵਰਤਨ ਆਇਆ ਹੋਇਆ ਹੈ, ਕਾਮੇ ਬਹੁਤ ਹੀ ਘੱਟ ਵਰਤੇ ਜਾਂਦੇ ਹਨ ਜ਼ਿਆਦਾ ਕੰਮ ਮਸ਼ੀਨਾਂ ਹੀ ਕਰਦੀਆਂ ਹਨ।

ਇਸ ਤਰ੍ਹਾਂ ਅਸੀਂ ਚਲੇ ਜਾ ਰਹੇ ਸਾਂ ਕਿ ਅੱਗੇ Tulare ਦੀ ਅਬਾਦੀ ਆ ਗਈ। ਅਸੀਂ ਉਥੇ HGB ਨੰਬਰ S. Mark st. ਭਾਈ ਖੁਸ਼ਵਿੰਦਰ ਸਿੰਘ ਦੇ ਗ੍ਰਹਿ ਵਿਚ ਪਹੁੰਚ ਗਏ, ਉਥੇ ਬਹੁਤ ਸੰਗਤ

ਇਕੱਠੀ ਹੋਈ ਹੋਈ ਸੀ, ਜਥੇ ਦੇ ਸਿੰਘਾਂ ਨੇ ਉਥੇ ਪ੍ਰਸ਼ਾਦਾ ਛਕਿਆ, ਮੇਰਾ ਤਾਂ ਕੁਝ ਨਿਰਾਲਾ ਹੀ ਅਸੂਲ ਸੀ ਕਿ ਮੈਂ ਸਵੇਰੇ ਤੁਰਨ ਤੋਂ ਪਹਿਲਾਂ ਹਾਜ਼ਰੀ ਛਕ ਲੈਂਦਾ ਸੀ, ਫੇਰ ਸਾਰਾ ਦਿਨ ਕੁਝ ਵੀ ਮੂੰਹ ਵਿਚ ਨਹੀਂ ਸੀ ਪਾਇਆ ਕਰਦਾ। ਰਾਤ ਦੇ ਦੀਵਾਨ ਪਿਛੋਂ ਪ੍ਰਸ਼ਾਦਾ ਛਕੀਦਾ ਸੀ, ਉਹ ਵੀ ਉਸ ਥਾਂ ਤੋਂ ਜਿਥੇ ਰਾਤ ਲਈ ਇੰਤਜ਼ਾਮ ਕੀਤਾ ਹੋਇਆ ਹੋਵੇ, ਇਹ ਪ੍ਰੇਮੀ ਬਹੁਤ ਹੀ ਪਿਆਰ ਵਾਲੇ ਸਨ, ਟਰੱਕ ਚਲਾਉਂਦੇ ਸਨ, ਹੁਣੇ-ਹੁਣੇ ਉਨ੍ਹਾਂ ਨੇ ਇਕ ਹੋਰ ਨਵਾਂ ਟਰੱਕ ਲਿਆ ਜਿਸ ਦਾ ਮੈਥੋਂ ਹਾਰ ਪੁਆਇਆ ਗਿਆ ਅਤੇ ਅਸ਼ੀਰਵਾਦ ਲਈ ਗਈ। ਇਸ ਘਰ ਦੀ ਵੀ ਬਚਿੱਤਰ ਕਥਾ ਹੈ। ਕੁਝ ਮਹੀਨੇ ਪਹਿਲਾਂ ਇਕ ਟੈਲੀਫੋਨ ਆਇਆ ਜੋ ਇਸੇ ਸ਼ਹਿਰ ਤੋਂ ਸੀ, ਨਾਮ ਪੁਛਿਆ ਤਾਂ ਉਸ ਨੇ ਕਿਹਾ ਕਿ ਮੇਰਾ ਨਾਮ ਖੁਸ਼ਵਿੰਦਰ ਸਿੰਘ ਹੈ, ਉਹ ਬੱਚਿਆਂ ਵਾਂਗੂੰ ਰੋ ਰਿਹਾ ਸੀ। ਮੈਂ ਟੈਲੀਫੋਨ ਤੁਹਾਡੇ ਬੀਜੀ ਨੂੰ ਫੜਾ ਦਿਤਾ ਅਤੇ ਕਿਹਾ ਕਿ ਕੋਈ ਬਹੁਤ ਦੁਖੀ ਹੈ, ਇਸ ਤੋਂ ਪੁਛੋਂ ਕਿ ਕੀ ਗੱਲ ਹੈ। ਤੁਹਾਡੇ ਬੀਜੀ ਨੇ ਕਿਹਾ ਤੂੰ ਕਾਫੀ ਸਿਆਣਾ ਪ੍ਰਤੀਤ ਦਿੰਦਾ ਹੈਂ ਪਰ ਤੂੰ ਬੱਚਿਆਂ ਵਾਂਗੂੰ ਕਿਉਂ ਰੋ ਰਿਹਾ ਹੈਂ, ਸਾਰੀਆਂ ਮੁਸ਼ਕਲਾਂ ਦਾ ਇਲਾਜ ਨਿਕਲ ਆਉਂਦਾ ਹੈ। ਸਾਰੀ ਵਿਥਿਆ ਖੋਲ੍ਹ ਕੇ ਦਸ।

ਉਸ ਨੇ ਕਿਹਾ ਕਿ ਮੇਰੀ ਪਤਨੀ ਨੇ ਮੈਨੂੰ (ਤਲਾਕ) divorce ਦੇ ਦਿਤਾ ਹੈ, ਮੇਰੇ ਛੋਟੇ-ਛੋਟੇ ਬੱਚੇ ਹਨ, ਮੈਨੂੰ ਇਹ ਵੀ ਨਹੀਂ ਪਤਾ ਕਿ ਉਹ ਕਿਥੇ ਠਹਿਰੀ ਹੋਈ ਹੈ। ਸਾਰੇ ਰਿਸ਼ਤੇਦਾਰਾਂ ਨੂੰ ਪੁਛ ਲਿਆ ਪਰ ਮੈਨੂੰ ਕੁਝ ਪਤਾ ਨਹੀਂ ਲੱਗਿਆ ਕਿ ਉਹ ਕਿਥੇ ਹੈ। ਬੀਬੀ ਜੀ ਨੇ ਫੋਨ ਮੈਨੂੰ ਫੜਾ ਦਿਤਾ, ਮੈਂ ਕਿਹਾ ਕਿ ਬੇਟਾ! ਹਰ ਮੁਸ਼ਕਲ ਦਾ ਹਲ ਲੱਭ ਜਾਂਦਾ ਹੈ, ਮੈਂ ਤੈਨੂੰ ਇਕ ਸਲਾਹ ਦਿੰਦਾ ਹਾਂ। ਉਸ ਮੁਤਾਬਿਕ ਜਦੋਂ ਤੂੰ ਕਰੇਂਗਾ ਤਾਂ ਤੁਹਾਡਾ ਆਪਸ ਵਿਚ ਸਮਝੌਤਾ ਹੋ ਜਾਵੇਗਾ ਅਤੇ ਉਹ ਬੀਬੀ ਤੇਰੇ ਘਰ ਵਾਪਸ ਆ ਜਾਵੇਗੀ। ਉਨ੍ਹਾਂ ਦੋਹਾਂ ਦਾ ਬਹੁਤ ਵੱਡਾ food store ਸੀ। ਉਸ ਸਟੋਰ ਨੂੰ ਬੀਬੀ ਸਾਂਭਦੀ ਸੀ। ਜਿਸ ਦਿਨ ਤੋਂ ਉਹ ਗਈ ਸੀ ਸਟੋਰ ਨੂੰ ਤਾਲਾ ਲੱਗਿਆ ਹੋਇਆ ਸੀ ਤੇ ਬੱਚੇ ਸ਼ਾਇਦ ਨਾਲ ਲੈ ਗਈ ਸੀ, ਵਕੀਲ ਨੇ ਉਸ ਨੂੰ ਪੱਕਾ ਕਰ ਦਿਤਾ ਸੀ ਕਿ ਤੂੰ ਖੁਸ਼ਵਿੰਦਰ ਸਿੰਘ ਨਾਲ ਕੋਈ ਗੱਲ ਨਹੀਂ ਕਰਨੀ, ਬੱਚਿਆਂ ਤੇ ਤੇਰਾ ਖਰਚਾ ਘਰ ਬੈਠੇ ਆ ਜਾਵੇਗਾ ਪਰ ਤੂੰ ਉਸ ਨਾਲ ਸਮਝੌਤਾ ਨਾ ਕਰੀਂ।

ਮੈਂ ਉਸ ਨੂੰ ਸਰਦਾਰ ਮਹਿੰਦਰ ਸਿੰਘ ਗਿੱਲ, ਭਾਈ ਸਤਨਾਮ ਸਿੰਘ ਅਟਵਾਲ ਤੇ ਹੋਰ ਗੁਰਸਿੱਖਾਂ ਨੂੰ ਨਾਲ ਲੈ ਕੇ ਉਸ ਬੀਬੀ ਕੋਲ ਜਾਣ ਲਈ ਕਿਹਾ ਅਤੇ ਕਿਹਾ ਕਿ ਜਾ ਕੇ ਕਹਿਣਾ ਕਿ ਅਜੇ ਤੂੰ divorce (ਤਲਾਕ) ਨਾ ਦੇ ਕਿਉਂਕਿ ਬੱਚੇ ਰੁਲ ਜਾਣਗੇ, ਕਾਰੋਬਾਰ ਆਪਣਾ ਠੱਪ ਹੋ ਜਾਵੇਗਾ। ਹਜ਼ਾਰਾਂ ਡਾਲਰਾਂ ਦਾ ਆਪਣਾ ਕਾਰੋਬਾਰ ਚਲਦਾ ਹੈ ਅਤੇ ਉਸ ਨੂੰ ਮੇਰੀ ਜ਼ਮਾਨਤ ਦੇ ਦੇਣੀ। ਮੈਂ ਬਹੁਤ ਛੇਤੀ ਅਮਰੀਕਾ ਆਉਣ ਵਾਲਾ ਹਾਂ, ਬੀਬੀ ਨੂੰ ਕਹਿਣਾ ਕਿ ਅਜੇ ਤੂੰ divorce (ਤਲਾਕ) ਦੇ ਕਾਗਜ਼ ਪੇਸ਼ ਨਾ ਕਰੀਂ। ਉਸ ਪਾਸ ਗੁਰਸਿੱਖ ਸੰਗਤ ਦੇ ਰੂਪ ਵਿਚ ਗਏ ਅਤੇ ਉਨ੍ਹਾਂ ਨੇ ਬੀਬੀ ਨੂੰ ਮਨਾ ਲਿਆ ਉਸ ਨੇ ਕਿਹਾ ਕਿ ਇਸ ਨੂੰ ਮੈਂ divorce (ਤਲਾਕ) ਤਾਂ ਜ਼ਰੂਰ ਦੇਣਾ ਹੈ ਪਰ ਜੇ ਬਾਬਾ ਜੀ ਪੂਰੀ ਤਰ੍ਹਾਂ ਇਸ ਦੀ ਜ਼ਮਾਨਤ ਦੇਣ, ਮੇਰੀ ਤਸੱਲੀ ਕਰਾਉਣ ਤਾਂ ਮੈਂ divorce (ਤਲਾਕ) ਨਹੀਂ ਦੇਵਾਂਗੀ।

ਇਹ ਖੁਸ਼ਵਿੰਦਰ ਸਿੰਘ ਗੁਰਬਾਣੀ ਤੋਂ ਬਹੁਤ ਦੂਰ ਸੀ, ਮੈਂ ਇਸ ਨੂੰ ਜਪੁਜੀ ਸਾਹਿਬ ਦੇ ਪਾਠ ਦਿਤੇ ਅਤੇ ਕਿਹਾ ਕਿ ਭਾਈ ਸਤਨਾਮ ਸਿੰਘ ਉਨ੍ਹਾਂ ਦੀ ਸੰਗਤ ਕਰਿਆ ਕਰ। ਉਨ੍ਹਾਂ ਦੀ ਸੰਗਤ ਦਾ ਉਸ ਉਪਰ ਬਹੁਤ ਅਸਰ ਪਿਆ। ਇਨ੍ਹਾਂ ਗੱਲਾਂ ਦੀ ਖਬਰ ਬੀਬੀ ਨੂੰ ਵੀ ਪਹੁੰਚਦੀ ਰਹੀ। ਜਦੋਂ ਮੈਂ ਟਰਲੋਕ ਗਿਆ ਖੁਸ਼ਵਿੰਦਰ ਸਿੰਘ, ਸਰਦਾਰ ਮਹਿੰਦਰ ਸਿੰਘ ਗਿੱਲ ਦੇ ਗ੍ਰਹਿ ਵਿਚ ਆਇਆ ਅਤੇ ਮੈਨੂੰ ਦਸਿਆ ਕਿ ਇਹ ਬਹੁਤ ਦਿਨਾਂ ਤੋਂ ਦੀਵਾਨਾਂ ਦੀ ਸੇਵਾ ਕਰ ਰਿਹਾ ਹੈ। ਇਹ ਆਪਣੇ ਘਰ ਚਰਨ ਪੁਆਉਣੇ ਚਾਹੁੰਦਾ ਹੈ। ਸਰਦਾਰ ਮਹਿੰਦਰ ਸਿੰਘ ਗਿੱਲ ਨੇ ਕਿਹਾ ਕਿ ਜਦੋਂ ਆਪਾਂ Los Angeles ਜਾਵਾਂਗੇ ਰਸਤੇ ਵਿਚ ਇਸ ਦਾ ਘਰ ਆਵੇਗਾ। ਆਪਣਾ ਬਹੁਤਾ ਸਮਾਂ ਨਹੀਂ ਲਗੇਗਾ, ਜਥੇ ਦੇ ਸਿੰਘ ਪ੍ਰਸ਼ਾਦਾ ਵੀ ਉਥੇ ਛਕ ਲੈਣਗੇ। ਤੁਸੀਂ ਆਪਣੀ ਭਾਵਨਾ ਦੇ ਮੁਤਾਬਿਕ ਆਪਣਾ ਉਥੇ ਦਾ ਪ੍ਰੋਗਰਾਮ ਬਣਾ ਲਵੋ।

ਜਦੋਂ ਅਸੀਂ ਇਸ ਦੇ ਘਰ ਪਹੁੰਚੇ ਬਹੁਤ ਸੋਹਣਾ ਘਰ ਸੀ, ਸੰਗਤ ਬਹੁਤ ਆਈ ਹੋਈ ਸੀ। ਬੱਚੇ ਬਹੁਤ ਪਿਆਰੇ ਹਨ। ਉਨ੍ਹਾਂ ਨੂੰ ਮਿਲਿਆ, ਉਹ ਬੀਬੀ ਵੀ ਬਹੁਤ ਚੰਗੀ ਹੈ। ਉਸ ਨੇ ਇਕਾਂਤ ਦਾ ਸਮਾਂ ਮੇਰੇ ਤੋਂ ਮੰਗਿਆ। ਜਦੋਂ ਮੇਰੇ ਪਾਸ ਆਈ ਉਸ ਨੇ ਬਹੁਤ ਹੀ ਬੈਰਾਗ ਕੀਤਾ, ਬੜੀ ਮੁਸ਼ਕਲ ਨਾਲ ਮੈਂ ਚੁਪ ਕਰਾਇਆ। ਕਹਿਣ ਲੱਗੀ ਪਿਤਾ ਜੀ! ਤੁਸੀਂ ਸਾਡਾ ਘਰ ਵਸਦਾ ਰਖ ਦਿਤਾ, ਨਹੀਂ ਤਾਂ ਇਸ ਘਰ ਵਿਚ ਉਜਾੜਾ ਪੈ ਜਾਣਾ ਸੀ, ਪੈਸੇ ਦਾ ਇਸ ਘਰ ਵਿਚ

ਕੋਈ ਘਾਟਾ ਨਹੀਂ ਹੈ। ਟਰੱਕਾਂ ਦਾ ਵੱਡਾ ਬਿਜ਼ਨਸ ਚਲਦਾ ਹੈ। ਇਸ ਬੰਦੇ ਨੇ ਮੈਨੂੰ ਜਾਨੋਂ ਹੀ ਮਾਰ ਦੇਣਾ ਸੀ। ਬੜੀ ਮੁਸ਼ਕਲ ਨਾਲ ਕੰਧ ਟੱਪ ਕੇ ਮੈਂ ਬਚੀ। ਮੈਂ ਇਸ ਨੂੰ (ਤਲਾਕ) divorce ਦੇਣ ਦਾ ਇਰਾਦਾ ਬਣਾ ਲਿਆ ਸੀ ਅਤੇ ਸੋਚਿਆ ਸੀ ਕਿ ਇਸ ਘਰ ਵਿਚ ਕਦੇ ਫੇਰ ਮੁੜ ਕੇ ਨਹੀਂ ਆਉਣਾ। ਪਰ ਤੁਹਾਡੇ ਸਿੰਘਾਂ ਵਿਚ ਪਤਾ ਨਹੀਂ ਕੀ ਸ਼ਕਤੀ ਸੀ ਕਿ ਮੈਨੂੰ ਆਪਣੇ ਭਾਵ ਬਦਲਣ ਤੇ ਮਜ਼ਬੂਰ ਕਰ ਗਈ। ਮੈਂ (ਤਲਾਕ) divorce ਲੈਣ ਦੇ ਕਾਗਜ਼ ਰੋਕ ਲਏ।

ਮੈਂ ਕਿਹਾ ਕਿ ਬੇਟਾ! ਹੁਣ ਤੂੰ ਕਿਵੇਂ ਹੈਂ? ਕਹਿਣ ਲੱਗੀ ਹੁਣ ਮੈਂ ਅਫਸੋਸ ਦੇ ਹੰਝੂ ਨਹੀਂ ਸੁੱਟ ਰਹੀ, ਇਹ ਖੁਸ਼ੀ ਦੇ ਹੰਝੂ ਹਨ। ਤੁਸੀਂ ਸਾਡਾ ਘਰ ਬਚਾ ਦਿਤਾ, ਖੁਸ਼ਵਿੰਦਰ ਹੁਣ ਉਹ ਖੁਸ਼ਵਿੰਦਰ ਨਹੀਂ ਰਿਹਾ ਇਹ ਦੇਵਤਾ ਬਣ ਚੁਕਿਆ ਹੈ। ਇਹ ਐਨਾ ਪਿਆਰਾ ਹੈ ਕਿ ਮੈਂ ਸੋਚਦੀ ਹਾਂ ਕਿ ਮੈਂ ਬਹੁਤ ਭੁੱਲ ਕਰਨੀ ਸੀ ਅਜਿਹੇ ਬੱਚੇ ਦਾ ਸਾਥ ਛੱਡ ਕੇ। ਉਸ ਨੇ ਕਿਹਾ ਕਿ ਮੈਂ ਹੁਣ ਪੂਰੀ ਤਰ੍ਹਾਂ ਖੁਸ਼ ਹਾਂ। ਫੇਰ ਉਨ੍ਹਾਂ ਨੇ ਆਪਣੇ ਟਰੱਕ ਦਿਖਾਏ ਅਤੇ ਸਟੋਰ ਦਿਖਾਇਆ। ਬੜੀ ਖੁਸ਼ੀ ਹੋਈ ਮੈਨੂੰ ਦੇਖ ਕੇ ਕਿ ਅਸਾਡੇ ਪੰਜਾਬੀ ਬੰਦੇ ਬਹੁਤ ਸੋਹਣਾ ਵਪਾਰ ਕਰ ਰਹੇ ਹਨ। ਟਰੱਕਾਂ ਦਾ ਕੰਮ ਉਥੇ ਬਹੁਤ ਸਖਤ ਗਿਣਿਆ ਜਾਂਦਾ ਹੈ। 20-20, 22-22 ਟਾਇਰਾਂ ਵਾਲੇ ਟਰੱਕ ਹੁੰਦੇ ਨੇ ਜੋ ਸੈਂਕੜੇ ਮੀਲਾਂ ਦਾ ਮਾਲ ਇਕ ਥਾਂ ਤੋਂ ਦੂਜੀ ਥਾਂ ਤੇ ਪਹੁੰਚਾਉਂਦੇ ਹਨ। ਇਹ ਜੋੜਾ ਬਹੁਤ ਖੁਸ਼ ਸੀ, ਬੱਚੇ ਬਾਰ-ਬਾਰ ਮੈਨੂੰ ਪਿਆਰ ਕਰ ਰਹੇ ਸਨ। ਕਿੰਨਾ ਚਿਰ ਮੈਂ ਉਥੇ ਰਿਹਾ। ਖੁਸ਼ਵਿੰਦਰ ਸਿੰਘ ਆਪਣਾ ਸਾਰਾ ਕਾਰੋਬਾਰ ਬੰਦ ਕਰਕੇ ਦੀਵਾਨ ਸੁਣਦਾ ਰਿਹਾ, ਭਾਵੇਂ ਉਹ ਕਿੱਡੀ-ਕਿੱਡੀ ਦੂਰ ਲਗਦੇ ਸਨ। ਇਸ ਪਿਛੋਂ ਬਹੁਤ ਸਾਰੇ ਪ੍ਰੇਮੀਆਂ ਨੇ ਚਰਨ ਪੁਆਏ। ਸਮਾਂ ਬਹੁਤ ਛੇਤੀ-ਛੇਤੀ ਲੰਘ ਰਿਹਾ ਸੀ। ਅਸੀਂ *.1. ਪਹੁੰਚਣਾ ਸੀ। ਸੋ ਸਫਰ ਦਾ ਅਨੰਦ ਮਾਣਦੇ ਅਸੀਂ L.A. ਜਾ ਰਹੇ ਸਾਂ। ਉਸ ਵੇਲੇ ਸਰਦਾਰ ਮਹਿੰਦਰ ਸਿੰਘ ਗਿੱਲ ਨੇ ਕਿਹਾ ਕਿ ਉਹ ਦੇਖੋਂ ਪਹਾੜੀ ਉਪਰ ਕਿੰਨੇ ਸੋਹਣੇ ਮਕਾਨ ਹਨ। ਉਸ ਨੂੰ Posh area ਕਹਿੰਦੇ ਹਨ ਇਸ ਦਾ ਨਾਮ Hollywood ਹੈ ਇਥੇ ਸੰਸਾਰ ਭਰ ਦੇ ਫਿਲਮਾਂ ਦੇ ਐਕਟਰ ਫਿਲਮ ਕੰਪਨੀਆਂ ਦੇ ਡਾਇਰੈਕਟਰ ਆਉਂਦੇ ਹੀ ਰਹਿੰਦੇ ਹਨ। ਇਹ ਸਾਰ ਸਥਾਨ (area) ਅਭਿਨੇਤਰ ਅਤੇ ਅਭਿਨੇਤਰੀਆਂ ਨੇ ਰੋਕਿਆ ਹੋਇਆ ਹੈ। ਇਥੇ ਜ਼ਮੀਨ ਬਹੁਤ ਮਹਿੰਗੀ ਹੈ ਅਤੇ ਖਰਚਾ ਵੀ ਦੂਜੀਆਂ ਅਬਾਦੀਆਂ ਨਾਲੋਂ ਦੁੱਗਣਾ ਹੈ। Hollywood ਨਾਮ ਮੈਂ ਸੁਣਦਾ ਆਉਂਦਾ ਸੀ

ਮੇਰੇ ਖਿਆਲ ਵਿਚ ਸੀ ਕਿ ਸ਼ਾਇਦ ਸਮੁੰਦਰ ਵਿਚ ਕੋਈ ਟਾਪੂ ਹੋਵੇ ਪਰ ਇਹ ਅਬਾਦੀ ਪਹਾੜ ਉਤੇ ਬਹੁਤ ਸੁੰਦਰ ਚੋਟੀ ਤੇ ਵਸੀ ਹੋਈ ਹੈ। ਇਥੋਂ ਅਸੀਂ ਭਾਈ ਜਗਦੀਸ਼ ਸਿੰਘ ਦੇ ਘਰ ਪਹੁੰਚੇ। ਉਨ੍ਹਾਂ ਦਾ ਪਿਛਲਾ ਪਿੰਡ ਲਤਾਲਾ ਹੈ ਅਤੇ ਉਨ੍ਹਾਂ ਦੇ ਘਰੋਂ ਬੀਬੀ ਮੇਰੇ ਬਿਲਕੁਲ ਗੁਆਂਢੀ ਹਨ ਜੋ ਘਲੋਟੀ ਪਿੰਡ ਤੋਂ ਹਨ। ਇਨ੍ਹਾਂ ਨੂੰ ਅਸਾਡੇ ਜਾਣ ਤੇ ਚਾਓ ਹੀ ਚੜ੍ਹ ਗਿਆ। ਭਾਈ ਜਗਦੀਸ਼ ਸਿੰਘ ਇਸ ਸਰੀਰ ਦੇ ਪਿੰਡ ਧਮੋਟ ਦੇ ਨੇੜੇ ਲਤਾਲੇ ਪਿੰਡ ਤੋਂ ਹਨ। ਘਲੋਟੀ ਤੇ ਧਮੋਟ ਦੀ ਜੂਹ ਲਗਦੀ ਹੈ। ਦੂਜਾ ਉਨ੍ਹਾਂ ਦਾ ਮਹਿੰਦਰ ਸਿੰਘ ਗਿੱਲ ਨਾਲ ਭੀ ਬਹੁਤ ਪਿਆਰ ਹੈ। ਬੱਚੇ ਭੀ ਬਹੁਤ ਪਿਆਰੇ ਹਨ। ਇਥੇ ਪਹਿਲਾਂ ਹੀ ਬਹੁਤ ਸਾਰੀਆਂ ਸੰਗਤਾਂ ਇਕੱਠੀਆਂ ਹੋਈਆਂ ਹੋਈਆਂ ਸਨ ਅਤੇ ਇਨ੍ਹਾਂ ਵਿਚ ਚੰਗੇ ਵਿਦਵਾਨ, ਵਿਗਿਆਨਕ, ਵਪਾਰੀ ਅਤੇ ਗਿਆਨਵਾਨ ਪੁਰਸ਼ ਸਨ। ਜਲ ਪਾਣੀ ਛਕ ਕੇ ਮੈਂ ਸੋਫੇ ਤੇ ਬੈਠ ਗਿਆ, ਸੰਗਤ ਹੇਠਾਂ carpet (ਗਲੀਚੇ) ਉਤੇ ਬੈਠੀ ਸੀ। ਬਹੁਤ ਸਾਰੇ ਪ੍ਰੇਮੀਆਂ ਨੇ ਬੜੇ ਪ੍ਰਸ਼ਨ ਕੀਤੇ, ਮੈਂ ਯਥਾਸ਼ਕਤ ਉਨ੍ਹਾਂ ਦਾ ਉਤਰ ਦਿੰਦਾ ਰਿਹਾ, ਉਹ ਚਲੇ ਜਾਂਦੇ ਸਨ ਉਤਨੇ ਹੀ ਹੋਰ ਆ ਜਾਂਦੇ ਸਨ। ਇਸ ਤਰ੍ਹਾਂ ਬਚਨ ਚਲ ਰਹੇ ਸਨ। ਪਹਿਲਾਂ ਮੈਂ ਸਫਰ ਵੀ ਅੱਠ ਸੌ ਕਿਲੋਮੀਟਰ ਦੇ ਕਰੀਬ ਤਹਿ ਕਰਕੇ ਆਇਆ ਸੀ ਇਥੇ ਵੀ ਅਰਾਮ ਕਰਨ ਦੀ ਥਾਂ ਸੰਗਤ ਨੂੰ ਮਿਲਦਾ ਰਿਹਾ। ਸੰਗਤ ਵਿਚ ਬਹੁਤ ਪਿਆਰ ਸੀ, ਉਤਸ਼ਾਹ ਸੀ ਉਹ ਬਾਰ-ਬਾਰ ਕਹਿੰਦੇ ਰਹਿੰਦੇ ਸਨ ਕਿ ਬਹੁਤ ਅੱਛਾ ਹੋਇਆ ਤੁਸੀਂ ਆ ਗਏ। ਬਹੁਤ ਸਾਰੇ ਘਰਾਂ ਵਿਚ ਮੈਗਜ਼ੀਨ ਜਾਂਦੇ ਸੀ ਪਰ ਇਕੱਲੇ ਜਗਦੀਸ਼ ਸਿੰਘ ਨੇ ਹੀ 50 ਮੈਂਬਰ ਬਣਾ ਕੇ, ਅਗੋਂ ਹੋਰ 50 ਮੈਂਬਰ ਬਣਾਉਣ ਦਾ ਬਚਨ ਕੀਤਾ। ਇਕ ਹੋਰ ਸਾਡੇ ਰਿਸ਼ਤੇਦਾਰ ਕਾਕਾ ਇਕਬਾਲ ਸਿੰਘ ਨੇ ਸੌ ਮੈਂਬਰ ਬਣਾਉਣ ਦਾ ਬਚਨ ਕੀਤਾ ਪਰ ਉਹ ਤਾਂ ਇਕ ਵੀ ਮੈਂਬਰ ਨਾ ਬਣਾ ਸਕੇ। ਉਹ ਮੇਰੇ ਮਾਮਾ ਜੀ ਦੇ ਮਨਸੂਰਾਂ ਤੋਂ ਪੋਤਰੇ ਹਨ। ਇਥੇ ਬਹੁਤ ਰਿਸ਼ਤੇਦਾਰ ਪਰਿਵਾਰ ਮਿਲੇ ਜੋ ਬਹੁਤ ਚੰਗੀ ਤਰ੍ਹਾਂ ਕਾਮਯਾਬ ਸਨ। ਭਾਈ ਜਗਦੀਸ਼ ਸਿੰਘ ਦਾ ਪਿੰਡ ਵੀ ਅਸਾਡੇ ਪਿੰਡ ਦੇ ਨੇੜੇ ਹੀ ਹੋਣ ਕਰਕੇ ਬਹੁਤ ਸਨੇਹ ਮਾਣਿਆ। ਰਾਤ ਨੂੰ ਦੀਵਾਨ Sikh gurudwara of Los Angeles Lanker Shirne ਵਿਖੇ ਸ਼ਾਮ ਦੇ ਛੇ ਵਜੇ ਤੋਂ ਨੌਂ ਵਜੇ ਤਕ ਲੱਗਿਆ। ਮੈਥੋਂ ਪਹਿਲਾਂ ਜਥੇ ਨੇ ਕੀਰਤਨ ਕੀਤਾ। ਕੀਰਤਨ ਸ਼ੁਰੂ ਕਰਦੇ ਹੀ ਮੈਨੂੰ ਦੋ ਬੇਨਤੀਆਂ ਕਰਨੀਆਂ ਪਈਆਂ ਕਿ ਤੁਹਾਡੇ ਰਿਵਾਜ ਹੈ ਕਿ ਕੀਰਤਨ

ਵਾਲੇ ਰਾਗੀ ਪ੍ਰਚਾਰਕ ਨੂੰ ਤੁਸੀਂ ਡਾਲਰ ਭੇਟ ਕਰਦੇ ਹੋਂ, ਜੋ ਤੁਹਾਡੀ ਸ਼ਰਧਾ ਦਾ ਪ੍ਰਤੀਕ ਹੈ, ਮੈਂ ਇਸ ਦਾ ਸਤਿਕਾਰ ਕਰਦਾ ਹਾਂ ਪਰ ਮੈਂ ਡਾਲਰ ਇਕੱਠੇ ਕਰਨ ਨਹੀਂ ਆਇਆ। ਮੈਂ ਤੁਹਾਡੇ ਨਾਲ ਕੁਝ ਬਚਨ ਸਾਂਝੇ ਕਰਨੇ ਹਨ। ਆਪ ਦੋ ਗੱਲਾਂ ਦਾ ਖਾਸ ਕਰਕੇ ਧਿਆਨ ਰੱਖੋ ਕਿ ਇਕ ਤਾਂ ਮੈਂ ਬਾਣੀ ਮੁੱਲ ਵੇਚਣ ਨਹੀਂ ਆਇਆ ਕਿਉਂਕਿ ਰੂਹਾਨੀ ਬਚਨ ਅਮੁੱਲ ਹਨ, ਇਨ੍ਹਾਂ ਦਾ ਕੋਈ ਮੁੱਲ ਨਹੀਂ ਦੇ ਸਕਦਾ। ਇਨ੍ਹਾਂ ਚੰਦ ਡਾਲਰਾਂ ਪਿਛੇ ਬਾਣੀ ਦੇ ਸਤਿਕਾਰ ਦਾ ਬਹਾਨਾ ਲੈ ਕੇ ਮੈਂ ਬਾਣੀ ਨਹੀਂ ਵੇਚਣੀ। ਤੁਸੀਂ ਮੇਰੇ ਬਚਨ ਸੁਣੋ ਜੋ ਤੁਹਾਨੂੰ ਗੁਰਮਤਿ ਅਨੁਸਾਰ ਲਗਣ ਉਹ ਮੰਨ ਲਵੋ। ਇਹੀ ਤੁਹਾਡੀ ਭੇਟਾ ਮੇਰੇ ਵਾਸਤੇ ਬਹੁਤ ਵੱਡੀ ਹੋਵੇਗੀ। ਦੂਸਰਾ ਇਹ ਹੈ ਕਿ ਮੈਂ ਕਿਸੇ ਗੁਰਦੁਆਰੇ ਤੋਂ ਸਰੋਪਾ ਨਹੀਂ ਲੈਂਦਾ। ਕਈ ਪ੍ਰੇਮੀ ਮੇਰੇ ਤੇ ਸਵਾਲ ਕਰਦੇ ਰਹਿੰਦੇ ਹਨ ਕਿ ਉਹ ਤਾਂ ਗੁਰਦੁਆਰਾ ਸਾਹਿਬ ਵਲੋਂ ਮਾਣ ਕਰਦਿਆਂ ਦਿਤਾ ਜਾਂਦਾ ਹੈ, ਸੰਗਤ ਵਲੋਂ ਦਿਤਾ ਜਾਂਦਾ ਹੈ। ਉਥੇ ਵੀ ਮੈਨੂੰ ਸਮਝਾਉਣਾ ਪੈਂਦਾ ਹੈ ਕਿ ਮੈਂ ਵੀ ਗੁਰਦੁਆਰਾ ਸਾਹਿਬ ਵਲੋਂ ਆਇਆ ਹਾਂ ਉਹੀ ਗੁਰਦੁਆਰਾ ਸਾਹਿਬ ਇਥੇ ਮੇਰੇ ਸਾਮ੍ਹਣੇ ਸ਼ਸ਼ੋਭਤ ਹੈ। ਇਹ ਵੀ ਗੁਰਦੁਆਰਾ ਹੈ, ਇਥੇ ਵੀ ਲੰਗਰ ਚਲਦੇ ਹਨ ਅਤੇ ਜਿਥੋਂ ਮੈਂ ਆਇਆ ਹਾਂ ਉਥੇ ਵੀ ਗੁਰਦੁਆਰਾ ਹੀ ਹੈ, ਇਹੀ ਕੰਮ ਉਥੇ ਹੋ ਰਿਹਾ ਹੈ। ਇਹ ਵੀ ਗੁਰਦੁਆਰਾ ਹੈ ਫਿਰ ਇਕ ਹੀ ਹੋਇਆ। ਇਕ ਗੁਰਦੁਆਰੇ ਤੋਂ ਸਰੋਪਾ ਲੈ ਕੇ ਦੂਜੇ ਗੁਰਦਵਾਰੇ ਵਿਚ ਜਮ੍ਹਾਂ ਕਰਾਵਾਂ, ਇਹ ਕੋਈ ਦਾਨਸ਼ਵੰਦੀ ਦੀ ਗੱਲ ਨਹੀਂ ਹੈ। ਮੇਰੇ ਸਤਿਗੁਰੂ ਇਥੇ ਵੀ ਓਹੀ ਹਨ ਉਥੇ ਵੀ ਓਹੀ ਹਨ। ਮੈਂ ਇਨ੍ਹਾਂ ਸਰੋਪਿਆਂ ਵਿਚੋਂ ਇਕ ਵੀ ਪੈਸਾ ਨਹੀਂ ਖਾਂਦਾ ਸਾਰੇ ਦੇ ਸਾਰੇ ਗੁਰਦੁਆਰੇ ਸਾਹਿਬ ਜਮ੍ਹਾਂ ਕਰਾ ਦਿੰਦਾ ਹਾਂ। ਸੋ ਇਹ ਇਥੇ ਹੀ ਜਮ੍ਹਾ ਕਰ ਲਵੋ। ਜੇ ਅਜੇ ਵੀ ਤੁਹਾਡਾ ਮਨ ਪ੍ਰਸੰਨ ਨਹੀਂ ਹੁੰਦਾ ਤੇ ਤੁਸੀਂ ਜ਼ਰੂਰ ਹੀ ਦੇਣਾ ਚਾਹੁੰਦੇ ਹੋ ਤਾਂ ਤੁਸੀਂ ਆਤਮ ਮਾਰਗ ਦੀ ਮੈਂਬਰਸ਼ਿਪ ਲੈ ਲਵੋ, ਤੁਸੀਂ ਜੋ ਸਿਰੋਪਾ ਮੈਨੂੰ ਦੇਣਾ ਹੈ ਉਨ੍ਹਾਂ ਪੈਸਿਆਂ ਨਾਲ ਤੁਸੀਂ ਆਤਮ ਮਾਰਗ ਦੇ ਫਰੀ ਮੈਂਬਰ ਬਣਾ ਦੇਵੋ। ਉਨ੍ਹਾਂ ਲਈ ਇਹ ਗੱਲ ਅਜੀਬ ਸੀ। ਜੇ ਤੁਸੀਂ ਕਹੋ ਕਿ ਮੈਨੂੰ ਇਨ੍ਹਾਂ ਗੱਲਾਂ ਦੀ ਅਕਲ ਘੱਟ ਹੈ ਕਿਉਂਕਿ ਮੈਂ ਹਜ਼ਾਰਾਂ ਡਾਲ ਗਵਾ ਰਿਹਾ ਹਾਂ। ਇਸ ਸਬੰਧ ਵਿਚ ਮੇਰੀ ਬੇਨਤੀ ਹੈ ਕਿ ਜੇ ਮੈਂ ਘਰ ਲਿਆ ਕੇ ਆਪਣੀਆਂ ਜਾਇਦਾਦਾਂ ਬਣਾਉਣੀਆਂ ਹੋਣ, ਆਪਣੇ ਬੱਚਿਆਂ ਨੂੰ ਦੇਣੇ ਹੋਣ, ਆਪਣੇ ਨਿਜ ਲਈ ਬਹੁਤ ਵਧੀਆ-ਵਧੀਆ ਸਵਾਰੀਆਂ ਲੈਣੀਆਂ ਹੋਣ ਫੇਰ ਤਾਂ ਮੈਨੂੰ ਥੋੜ੍ਹੀ ਅਕਲ ਦਾ ਕਿਹਾ ਜਾ

ਸਕਦਾ ਹੈ ਪਰ ਜੇ ਮੈਂ ਆਪਣੇ ਗੁਰੂ ਨੂੰ ਸਾਰੀ ਸ੍ਰਿਸ਼ਟੀ ਦਾ ਇਕੋ ਹੀ ਮਾਲਕ ਮੰਨ ਲਿਆ ਹੈ ਤਾਂ ਇਥੇ ਵੀ ਮੈਂ ਗੁਰੂ ਮਹਾਰਾਜ ਨੂੰ ਭੇਟਾ ਕਰਨਾ ਹੈ, ਉਥੇ ਵੀ ਕਰਨਾ ਹੈ। ਫੇਰ ਮੈਂ ਵਾਧੂ ਦਾ ਬੋਝ ਕਿਉਂ ਨਾਲ ਚੁਕਾਂ। ਗੁਰਮਤਿ ਦਾ ਸਿਧਾਂਤ ਹੈ-

*ਘਾਲਿ ਖਾਇ ਕਿਛੁ ਹਥਹੁ ਦੇਇ॥*
*ਨਾਨਕ ਰਾਹੁ ਪਛਾਣਹਿ ਸੇਇ॥* *ਪੰਨਾ - 1245*

ਇਸ ਦੇ ਅਨੁਕੂਲ ਭਾਵੇਂ ਬਹੁਤ ਵੱਡਾ ਆਸ਼ਰਮ ਰਤਵਾੜਾ ਸਾਹਿਬ ਚਲ ਰਿਹਾ ਹੈ ਜਿਥੇ ਦਿਨ ਰਾਤ ਅਖੰਡ ਲੰਗਰ ਚਲ ਰਿਹਾ ਹੈ, ਸਵਾ ਕੁਇੰਟਲ ਹਰ ਰੋਜ਼ ਦੁਧ ਲਗਦਾ ਹੈ, ਪੰਜ ਸੇਰ ਦੇਸੀ ਘੀ ਖਰਚ ਆਉਂਦਾ ਹੈ। ਬੇਅੰਤ ਸਬਜ਼ੀਆਂ, ਆਟਾ ਲੰਗਰ ਤਿਆਰ ਕਰਨ ਵਿਚ ਲਗਦਾ ਹੈ ਪਰ ਮੈਂ ਸਦਾ ਹੀ ਆਪਣੇ ਘਰ ਜੋ ਮੈਨੂੰ ਵਾਹਿਗੁਰੂ ਜੀ ਨੇ ਮੇਰੀ ਪਰਾਲਬਧ ਅਨੁਸਾਰ ਦਿਤਾ ਹੈ ਉਸ ਵਿਚ ਹੀ ਸੰਤੁਸ਼ਟ ਰਹਿੰਦਾ ਹਾਂ। ਇਹੋ ਹਾਲ ਤੁਹਾਡੇ ਮਾਤਾ ਜੀ ਦਾ ਹੈ ਉਹ ਵੀ ਕਿਸੇ ਦਾ ਇਕ ਕਿਣਕਾ ਵੀ ਨਹੀਂ ਖਾਂਦੇ। ਮੇਰੀ ਤੇ ਮੇਰੇ ਸਹਿਯੋਗੀਆਂ ਦੀ ਡਿਊਟੀ ਵੰਡਣ ਤੇ ਲੱਗੀ ਹੋਈ ਹੈ, ਆਪਣੇ ਮਕਾਨ ਬਣਾਉਣ ਦੀ ਨਹੀਂ ਹੈ। ਬਨੂੜ ਵਾਲਾ ਆਸ਼ਰਮ ਸੜਕ ਦੇ ਕੰਢੇ ਹੋਣ ਕਰਕੇ ਸਾਰਾ ਦਿਨ ਸੜਕ ਦੇ ਕੰਢੇ ਲੰਗਰ ਤਿਆਰ ਕਰਕੇ ਵਰਤਾਇਆ ਜਾਂਦਾ ਹੈ, ਗਰਮੀਆਂ ਵਿਚ ਸ਼ਰਬਤ ਪਿਲਾਏ ਜਾਂਦੇ ਹਨ, ਲੰਗਰ ਗੁਰੂ ਦੇ ਹੋਣ ਕਰਕੇ ਅਤੁੱਟ ਚਲਦੇ ਹਨ। ਅਸੀਂ ਤਾਂ ਸਾਰੇ ਸੇਵਾਦਾਰ ਹਾਂ, ਇਸ ਗੱਲ ਦਾ ਅਸਾਨੂੰ ਗੌਰਵ ਹੈ ਕਿ ਗੁਰੂ ਕ੍ਰਿਪਾ ਕਰਕੇ ਅਸਾਨੂੰ ਭੀ ਆਪਣੀ ਸੇਵਾ ਦਿਤੀ ਹੋਈ ਹੈ। ਮੇਰਾ ਰਿਹਾਇਸ਼ ਅਸਥਾਨ 781 ਸੈਕਟਰ 60 ਮੋਹਾਲੀ ਵਿਖੇ ਭੀ ਮਿਲਣ ਆਏ ਪ੍ਰੇਮੀਆਂ ਲਈ ਯਥਾਸ਼ਕਤ ਲੰਗਰ ਚਲ ਰਿਹਾ ਹੈ।

ਸੋ ਇਥੇ ਕੀਰਤਨ ਸੁਰੂ ਹੋਇਆ ਸਭ ਤੋਂ ਪਹਿਲਾਂ ਮੈਂ ਬੇਨਤੀ ਕੀਤੀ ਕਿ ਬਾਹਰ ੧ੴ ਲਿਖ ਕੇ ਬਹੁਤ ਵੱਡਾ ਲਿਖਿਆ ਹੋਇਆ ਹੈ ਕਿ God is One ਮੈਂ ਕਿਹਾ ਕਿ ਇਹ ਅਰਥ ਜੋ ਅੰਗਰੇਜ਼ੀ ਵਿਚ ਕਰਿਆ ਹੈ ਉਹ ਗਲਤ ਹੈ। ਉਹ ਇਸ ਕਰਕੇ ਕਿ ਅਸੀਂ ਗੁਰਮਤਿ ਸਿਧਾਂਤ ਨੂੰ ਸਮਝ ਨਹੀਂ ਸਕੇ ਜੇ ਕੋਈ ਵਿਦਵਾਨ ਇਸ ਸੰਗਤ ਵਿਚ ਬੈਠਾ ਹੋਵੇ ਤਾਂ ਮੇਰੀ ਭੁੱਲ ਨੂੰ ਦੂਰ ਕਰਨ ਦਾ ਯਤਨ ਕਰੇ। ਇਥੇ ਲਿਖਿਆ ਹੋਣਾ ਚਾਹੀਦਾ ਸੀ ਕਿ Only God, none else. ਸਾਰੇ ਜ਼ਮੀਨ ਜ਼ਮਾਨ ਵਿਚ ੧ੴ ਜੋਤੀ ਸਰੂਪ ਸਮਾਇਆ ਹੋਇਆ ਹੈ ਉਸ

ਦਾ ਹੀ ਸਾਰੇ ਪਸਾਰਾ ਹੈ, ਉਹ ਆਪੇ ਹੀ ਇਕ ਤੋਂ ਅਨੇਕ ਹੋਇਆ ਹੋਇਆ ਹੈ, ਅਨੇਕ ਹੁੰਦੇ ਹੋਏ ਫੇਰ ਇਕ ਹੈ। ਇਸ ਕਰਕੇ ਇਥੇ ਹੋਰ ਕੋਈ ਹੈ ਹੀ ਨਹੀਂ। ਇਥੇ ਸਿਰਫ ਵਾਹਿਗੁਰੂ ਜੀ ਹੀ ਆਪਣੀ ਖੇਲ ਵਿਚ ਆਪ ਹੀ ਸਮਾਏ ਹੋਏ ਹਨ। ਸੋ Only God none else ੧ਓ ਦੇ ਸਪਸ਼ਟ ਅਰਥ ਦਿੰਦਾ ਹੈ, ਇਥੇ ਦੋ ਗੱਲਾਂ ਉਪਰ ਜ਼ੋਰ ਦਿਤਾ ਗਿਆ ਨਾਮ ਜਪਣਾ ਤੇ ਸੇਵਾ ਕਰਨੀ। ਨਾਮ ਜਪਣ ਨਾਲ ਸਾਰੇ ਵਿਘਨਾਂ ਦਾ, ਸਾਰੀਆਂ ਉਤਣਾਈਆਂ ਦਾ ਨਾਸ਼ ਹੋ ਜਾਂਦਾ ਹੈ ਅਤੇ ਸੇਵਾ ਕਰਕੇ ਦੁਨੀਆਂ ਵਿਚ ਵੀ ਅਤੇ ਦਰਗਾਹ ਵਿਚ ਵੀ ਮਾਣ ਪ੍ਰਾਪਤ ਹੁੰਦਾ ਹੈ ਜਿਵੇਂ ਕਿ ਫੁਰਮਾਨ ਹੈ –

*ਵਿਚਿ ਦੁਨੀਆ ਸੇਵ ਕਮਾਈਐ॥*
*ਤਾ ਦਰਗਹ ਬੈਸਣੁ ਪਾਈਐ॥*
*ਕਹੁ ਨਾਨਕ ਬਾਹ ਲੁਡਾਈਐ॥* *ਪੰਨਾ - 26*

ਦੀਵਾਨ ਦੀ ਸਮਾਪਤੀ ਪਿਛੋਂ ਸਾਰੇ ਪ੍ਰੇਮੀ ਜਿਨ੍ਹਾਂ ਨੂੰ ਮੈਂ ਚੰਡੀਗੜ੍ਹ ਜਾਣਦਾ ਸੀ, ਉਹ ਮਿਲੇ। ਸੋ ਥੋੜ੍ਹਾ ਟਾਈਮ ਲਾ ਕੇ ਅਸੀਂ ਵਾਪਸ ਭਾਈ ਜਗਦੀਸ਼ ਸਿੰਘ ਦੀ ਕੋਠੀ ਵਾਪਸ ਆ ਗਏ। ਕਾਫੀ ਸੰਗਤ ਮੇਰੇ ਨਾਲ ਸੀ ਉਨ੍ਹਾਂ ਨੇ ਬੜੇ ਪ੍ਰੇਮ ਨਾਲ ਸਭ ਨੂੰ ਪ੍ਰਸ਼ਾਦਾ ਛਕਾਇਆ। ਮੇਰਾ ਕਮਰਾ ਉਪਰ ਸੀ, ਬਹੁਤ ਹੀ ਸਜਿਆ ਹੋਇਆ, ਬਾਥਰੂਮ ਬਹੁਤ ਹੀ ਸੋਹਣਾ ਨਵੀਨ ਢੰਗ ਨਾਲ ਬਣਾਇਆ ਹੋਇਆ ਸੀ। ਉਥੇ ਆਰਾਮ ਕੀਤਾ। ਦੂਜੇ ਦਿਨ ਫੇਰ ਸੰਗਤ ਨੂੰ ਮਿਲੇ ਅਤੇ ਘਰਾਂ ਵਿਚ ਚਰਨ ਪਾਏ ਅਤੇ ਰਾਤ ਦੇ ਦੀਵਾਨ ਵਿਚ ਫੇਰ ਸੇਵਾ ਤੇ ਸਿਮਰਨ ਬਾਰੇ ਵਿਚਾਰਾਂ ਹੋਈਆਂ। ਇਹ ਸਾਡਾ ਦੀਵਾਨ ਇਸ ਸ਼ਹਿਰ ਵਿਚ ਆਖਰੀ ਸੀ ਬਹੁਤ ਸਾਰੇ ਪ੍ਰੇਮੀ ਰਹਿ ਗਏ ਸੀ ਜੋ ਕਹਿ ਰਹੇ ਸੀ ਕਿ ਸਾਡੇ ਘਰਾਂ ਵਿਚ ਵੀ ਚਰਨ ਪਾਓ। ਪਰ ਅਗਲੇ ਦਿਨ ਅਸੀਂ ਜਹਾਜ਼ ਰਾਹੀਂ ਸ਼ਿਕਾਗੋ ਜਾਣਾ ਸੀ। ਸੋ ਦੋ ਦਿਨ ਇਥੇ ਰਹਿ ਕੇ 22 ਤਰੀਕ ਨੂੰ Los Angeles ਹਵਾਈ ਅੱਡੇ ਤੇ ਪਹੁੰਚ ਗਏ। ਅੱਡਾ ਬਹੁਤ ਹੀ ਸੋਹਣਾ ਸੀ। ਅਮਰੀਕਾ ਵਿਚ ਸਾਰੇ ਹਵਾਈ ਅੱਡੇ ਬਹੁਤ ਸੋਹਣੇ ਹਨ। ਆਦਮੀ ਚਲਦਾ-ਚਲਦਾ ਥਕ ਜਾਂਦਾ ਹੈ। ਇਥੋਂ ਜਥਾ ਤਾਂ ਅਸੀਂ Los Angeles ਨੂੰ ਵਾਪਸ ਕਰ ਦਿਤਾ। ਮੇਰੇ ਨਾਲ ਸਰਦਾਰ ਮਹਿੰਦਰ ਸਿੰਘ ਗਿੱਲ ਟਰਲੋਕ ਵਾਲੇ, ਸ੍ਰੀ ਰਸ਼ਪਾਲ ਮਲਹੋਤਰਾ ਜੀ ਡਾਇਰੈਕਟਰ ਕਰਿਡ, ਭਾਈ ਗੁਰਦੀਪ ਸਿੰਘ ਰਤਵਾੜਾ ਸਾਹਿਬ ਵਾਲੇ ਰਹਿ ਗਏ। ਬਹੁਤ ਸੰਗਤ ਅਸਾਨੂੰ ਹਵਾਈ ਜਹਾਜ਼ ਤੇ ਚੜ੍ਹਾਉਣ ਲਈ ਆਈ। ਜਦੋਂ ਅਸੀਂ ਸੰਗਤ ਤੋਂ ਵਿਛੜ ਰਹੇ ਸੀ ਤਾਂ

ਉਨ੍ਹਾਂ ਦੇ ਨੇਤਰਾਂ ਵਿਚੋਂ ਹੰਝੂ ਗਿਰਦੇ ਵੇਖ ਕੇ ਉਨ੍ਹਾਂ ਦੇ ਪਿਆਰ ਦਾ ਨਿੱਘ ਮਾਣਦੇ ਹੋਏ ਅਸੀਂ ਆਪਣੇ ਜਹਾਜ਼ ਤੇ ਚੜ੍ਹਨ ਲਈ ਅੰਦਰ ਚਲੇ ਗਏ।

22.3.98 ਨੂੰ ਅਸੀਂ (LA) Los Angeles ਤੋਂ ਰਵਾਨਾ ਹੋਏ, ਸਹੀ ਸਮੇਂ ਉਪਰ ਸ਼ਿਕਾਗੋ ਲਈ ਜਹਾਜ਼ ਨੇ ਉਡਾਨ ਭਰੀ। ਥੋੜ੍ਹੇ ਚਿਰ ਵਿਚ ਹੀ ਸਾਡਾ ਜਹਾਜ਼ ਸ਼ਿਕਾਗੋ ਨੂੰ ਸਿੱਧਾ ਜਾ ਰਿਹਾ ਸੀ ਉਥੇ ਅਸੀਂ E.DE. ਤੇ ਸ਼ਾਮ ਨੂੰ ਪਹੁੰਚ ਗਏ ਉਥੇ ਬਹੁਤ ਸਾਰੇ ਪ੍ਰੇਮੀ ਅਸਾਨੂੰ ਹਵਾਈ ਅੱਡੇ ਤੇ ਲੈਣ ਵਾਸਤੇ ਆਏ ਹੋਏ ਸਨ। ਸਰਦਾਰ ਜੈਦੇਵ ਸਿੰਘ ਭੱਠਲ ਨੇ ਅਸਾਨੂੰ ਸੰਗਤ ਨਾਲ ਮਿਲ ਕੇ ਬੁਲਾਇਆ ਸੀ, ਭੱਠਲ ਜੀ ਬਹੁਤ ਹੀ ਪਿਆਰ ਵਾਲੇ ਗੁਰਸਿੱਖ ਹਨ, ਇਨ੍ਹਾਂ ਨੇ ਸ਼ਿਕਾਗੋ ਵਿਚ ਬਹੁਤ ਮਿਹਨਤ ਕਰਕੇ ਆਤਮ ਮਾਰਗ ਦੇ ਮੈਂਬਰ ਬਣਾਏ ਹੋਏ ਸਨ, ਇਥੇ ਹੀ ਇਸੇ ਸ਼ਹਿਰ ਵਿਚ ਮੇਰੇ ਦੋ ਲੜਕੇ ਮਨਜੀਤ ਸਿੰਘ ਗਿੱਲ ਅਤੇ ਨ੍ਰਿਪਜੀਤ ਸਿੰਘ ਆਪਣਾ ਕਾਰੋਬਾਰ ਕਰਦੇ ਹਨ ਅਤੇ ਲੜਕੀ ਰਿਪਜੀਤ ਸਿੱਧੂ ਜਿਸ ਨੂੰ ਰੂਪੀ ਸਿੱਧੂ ਕਹਿੰਦੇ ਹਨ ਉਹ ਭੀ ਇਸੇ ਸ਼ਹਿਰ ਵਿਚ ਹੈ। ਇਸ ਤੋਂ ਪਹਿਲਾਂ ਮੈਂ ਚਾਰ ਵਾਰੀ 1986 ਤੋਂ ਲੈ ਕੇ 1989 ਤਕ ਜਾ ਚੁਕਿਆ ਸੀ ਅਤੇ ਤਿੰਨ-ਤਿੰਨ ਮਹੀਨੇ ਤੋਂ ਵੱਧ ਰਹਿ ਚੁਕਿਆ ਸੀ। ਇਸੇ ਸਮੇਂ ਵਿਚ ਮੈਂ ਸਾਰੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਵਿੱਤਰ ਤੁਕਾਂ ਨੋਟ ਕੀਤੀਆਂ ਜਿਨ੍ਹਾਂ ਤੋਂ ਤੁਸੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਦੀ ਬਹੁਤ ਹੀ ਸ਼ੀਘਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋਂ। ਪਰ ਇਸ ਵਾਰੀ ਸਰਦਾਰ ਜੈਦੇਵ ਸਿੰਘ ਭੱਠਲ ਨੇ ਆਪਣੇ ਸਾਥੀਆਂ ਨਾਲ ਰਲ ਕੇ ਅਸਾਡੇ ਜਥੇ ਨੂੰ ਬੁਲਾਇਆ ਸੀ। ਜਥਾ ਤਾਂ ਮੈਂ ਨਾਲ ਨਹੀਂ ਸੀ ਲੈ ਕੇ ਆਇਆ, ਸ੍ਰੀ ਰਸ਼ਪਾਲ ਮਲਹੋਤਰਾ ਜੀ ਡਾਇਰੈਕਟਰ ਕਰਿਡ, ਸਰਦਾਰ ਮਹਿੰਦਰ ਸਿੰਘ ਗਿੱਲ ਟਰਲੋਕ, ਭਾਈ ਗੁਰਦੀਪ ਸਿੰਘ ਮੇਰੇ ਨਾਲ ਸਨ। ਜਦੋਂ ਅਸੀਂ ਹਵਾਈ ਅੱਡੇ ਤੇ ਉਤਰੇ ਬਾਹਰ ਠੰਢ ਬਹੁਤ ਸੀ, ਮੈਂ ਤਾਂ ਭਾਈ ਜੈਦੇਵ ਸਿੰਘ ਜੀ ਨਾਲ ਹੀ ਕਾਰ ਵਿਚ ਬੈਠ ਗਿਆ ਸੀ ਅਤੇ ਬਾਕੀ ਦੇ ਸੱਜਣ ਹੋਰਾਂ ਕਾਰਾਂ ਵਿਚ ਬੈਠੇ ਸਨ, ਅਸਾਡੇ ਨਾਲ ਮਿਸਿਜ਼ ਜੈਦੇਵ ਸਿੰਘ ਭੱਠਲ ਅਤੇ ਮਿਸਿਜ਼ ਗੁਰਚਰਨ ਸਿੰਘ ਝੱਜ ਵੀ ਬੈਠੇ ਸਨ, ਉਹ ਮੇਰੇ ਨਾਲ ਸੁਖ ਸਾਂਦ ਦੇ ਬਚਨ ਕਰਦੀਆਂ ਆ ਰਹੀਆਂ ਸਨ। ਅਚਾਨਕ ਮੈਂ ਦੇਖਿਆ ਕਿ ਮਿਸਿਜ਼ ਝੱਜ ਦੇ ਨੇਤਰਾਂ ਵਿਚ ਹੰਝੂ ਸਨ। ਦੇਖ ਕੇ ਮੈਂ ਚੁੱਪ ਕਰ ਰਿਹਾ। ਅਖੀਰ ਅਸੀਂ ਆਪਣੀ ਮੰਜ਼ਲ ਉਪਰ ਪਹੁੰਚ ਗਏ ਉਥੇ ਬਹੁਤ ਸਾਰੇ ਪ੍ਰੇਮੀ ਅਸਾਨੂੰ

ਮਿਲਣ ਲਈ ਆਏ ਹੋਏ ਸਨ, ਜਿਨ੍ਹਾਂ ਵਿਚ ਮਨਜੀਤ ਗਿੱਲ, ਨ੍ਰਿਪਜੀਤ, ਰੂਪੀ ਸਿੱਧੂ ਆਪਣੇ ਸਾਰੇ ਪਰਿਵਾਰਾਂ ਸਮੇਤ ਭੱਠਲ ਜੀ ਦੇ ਘਰ ਆਏ ਹੋਏ ਸਨ। ਸਮਾਂ 5.45 ਹੋਏ ਤੋਂ ਅਸਾਡਾ ਜਹਾਜ਼ ਲੱਗਿਆ ਸੀ ਅਤੇ ਅਸੀਂ ਸ਼ੀਘਰ ਹੀ ਆਪਣੀ ਰਿਹਾਇਸ਼ਗਾਹ ਤੇ ਪਹੁੰਚ ਗਏ ਸਾਂ। ਇਥੇ ਮੈਂ ਸਾਰੀਆਂ ਸੰਗਤਾਂ ਨੂੰ ਮਿਲਦਾ ਰਿਹਾ। ਸਾਰੇ ਆਪਣੇ-ਆਪਣੇ ਪ੍ਰਸ਼ਨ ਤੇ ਹੋਰ ਅਨੇਕ ਤਰ੍ਹਾਂ ਦੇ ਬਚਨ ਕਰਦੇ ਰਹੇ। ਉਥੇ ਹੀ ਸ਼ਿਕਾਗੋ ਦੇ ਪ੍ਰਸਿੱਧ ਡਾਕਟਰ ਰਾਓ ਜੀ ਆਏ ਹੋਏ ਸਨ, ਉਹ ਡਾਕਟਰ ਸਵਾਮੀ ਰਾਮ ਜੀ ਦੇ ਬਹੁਤ ਹੀ ਪਿਆਰ ਵਾਲੇ ਸੇਵਕ ਸਨ। ਸ਼ਿਕਾਗੋ ਦੇ ਕਾਮਯਾਬ ਡਾਕਟਰ ਹੋਣ ਕਰਕੇ ਸਾਰੇ ਸ਼ਿਕਾਗੋ ਵਿਚ ਉਨ੍ਹਾਂ ਦੀ ਜਾਣਕਾਰੀ ਹੈ। ਜਦੋਂ ਮੈਂ ਸਾਰਿਆਂ ਨੂੰ ਮਿਲ ਚੁਕਿਆ ਉਸ ਵੇਲੇ ਮੈਂ ਆਪਣੇ ਕਮਰੇ ਬੈਡ ਰੂਮ ਵਿਚ ਆ ਗਿਆ। ਬੀਬੀ ਭੱਠਲ ਨੇ ਮੈਨੂੰ ਆ ਕੇ ਕਿਹਾ ਕਿ ਪਿਤਾ ਜੀ! ਤੁਹਾਡੇ ਬੱਚੇ ਹੇਠਾਂ ਬੈਠੇ ਹਨ ਅਤੇ ਤੁਹਾਨੂੰ ਇਕੱਲਿਆਂ ਮਿਲਣਾ ਚਾਹੁੰਦੇ ਹਨ। ਮੈਂ ਪ੍ਰਵਾਨਗੀ ਦੇ ਦਿਤੀ, ਸਾਰੇ ਪਰਿਵਾਰ ਇਸ ਕਮਰੇ ਵਿਚ ਆ ਗਏ ਅਤੇ ਬਹੁਤ ਕਿਸਮ ਦੇ ਬਚਨ ਚਲਦੇ ਰਹੇ। ਸਾਰੇ ਹੀ ਆਪਣੇ ਆਪਣੇ ਹਾਲ ਦਸ ਰਹੇ ਸਨ। ਛੋਟੇ ਬੱਚੇ ਵੀ ਬਹੁਤ ਪਿਆਰ ਨਾਲ ਬਚਨ ਕਰ ਰਹੇ ਸਨ। ਮੈਂ ਕਿਉਂਕਿ ਅੱਠ ਸਾਲ ਪਿਛੋਂ ਗਿਆ ਸੀ, ਉਹ ਛੋਟੇ-ਛੋਟੇ ਬੱਚੇ ਵੱਡੇ ਹੋ ਗਏ ਸਨ, ਉਹ ਵੀ ਬੜੇ ਪਿਆਰ ਨਾਲ ਮਿਲੇ ਕਿਉਂਕਿ ਮੈਗਜ਼ੀਨ ਲਗਾਤਾਰ ਇਨ੍ਹਾਂ ਪਾਸ ਹੋਣ ਕਰਕੇ ਉਹ ਮੇਰੀਆਂ ਤਸਵੀਰਾਂ ਮੈਗਜ਼ੀਨ ਵਿਚ ਦੇਖਦੇ ਰਹਿੰਦੇ ਸਨ ਅਤੇ ਉਨ੍ਹਾਂ ਨੂੰ ਪਛਾਨਣ ਲਈ ਬਹੁਤੀ ਦੇਰੀ ਨਾ ਲੱਗੀ ਅਤੇ ਇਕ ਦਮ ਜਾਣ ਗਏ ਕਿ ਸਾਡੇ grandpapa (ਦਾਦਾ ਜੀ) ਹਨ। ਉਹ ਮੇਰੇ ਪਾਸ ਐਉਂ ਆ ਕੇ ਬੈਠ ਗਏ ਜਿਵੇਂ ਮੈਨੂੰ ਬਹੁਤ ਦੇਰ ਤੋਂ ਜਾਣਦੇ ਹੋਣ, ਅਮਰੀਕਨ ਬੱਚੇ ਆਮ ਤੌਰ ਤੇ ਬਹੁਤ ਸੂਝਵਾਨ ਹੁੰਦੇ ਹਨ, ਉਹ Shyfeel (ਸੰਗਦੇ) ਨਹੀਂ ਕਰਦੇ।

ਸਾਰੇ ਬੱਚਿਆਂ ਨੇ ਬਹੁਤ ਪਿਆਰ ਕੀਤਾ। ਮਨਜੀਤ ਤੇ ਰੂਪੀ ਨੇ ਮੈਨੂੰ ਕਿਹਾ ਕਿ ਉਹ ਸਾਡੇ ਘਰ ਆ ਕੇ ਵਿਸ਼ਰਾਮ ਕਰਨ। ਮੈਂ ਉਤਰ ਦਿਤਾ ਕਿ ਬੇਟਾ! ਪ੍ਰੋਗਰਾਮ ਸਾਰਾ ਸਰਦਾਰ ਜੈਦੇਵ ਸਿੰਘ ਭੱਠਲ ਅਤੇ ਉਨ੍ਹਾਂ ਦੇ ਸਾਥੀਆਂ ਨੇ ਬਣਾਇਆ ਹੋਇਆ ਹੈ, ਉਹ ਕਿੱਡਾ ਕੁ ਲੰਮਾ ਚੌੜਾ ਹੈ ਮੈਨੂੰ ਕੋਈ ਪਤਾ ਨਹੀਂ, ਇਸ ਕਰਕੇ ਮੈਂ ਇਥੇ ਹੀ ਠੀਕ ਹਾਂ। ਜੇ ਤੁਸੀਂ ਮੈਨੂੰ ਘਰ ਲੈ ਕੇ ਜਾਣਾ ਹੈ ਤਾਂ ਤੁਸੀਂ ਭੱਠਲ ਪਰਿਵਾਰ ਤੋਂ ਸਮਾਂ ਲੈ ਲਵੋ, ਕਿਉਂਕਿ ਦੂਸਰੇ ਦਿਨ 24-

3-98 ਨੂੰ ਮੈਂ ਕਈ ਘਰਾਂ ਵਿਚ ਚਰਨ ਪਾਉਣੇ ਹਨ। ਉਸੇ ਤਰ੍ਹਾਂ ਨਾਲ ਤੁਹਾਡੇ ਵੀ ਚਰਨ ਪੈ ਜਾਣਗੇ ਤਾਂ ਨ੍ਰਿਪਜੀਤ ਨੇ ਕਿਹਾ ਕਿ ਪਿਤਾ ਜੀ! ਮੈਂ ਕਲ੍ਹ ਨੂੰ ਬਹੁਤ ਹੀ ਜ਼ਰੂਰੀ ਕੰਮ ਆਪਣੀ ਕਾਰਪੋਰੇਸ਼ਨ ਵਲੋਂ ਜਾ ਰਿਹਾ ਹਾਂ, ਸੋ ਮੈਨੂੰ ਤਾਂ ਵਿਹਲ ਨਹੀਂ ਮਿਲਣਾ, ਮੈਂ ਤਾਂ ਆਪ ਨੂੰ ਇਥੇ ਹੀ ਫਤਹਿ ਬੁਲਾਉਂਦਾ ਹਾਂ। ਮਨਜੀਤ ਨੇ ਬੀਬੀ ਭੱਠਲ ਤੋਂ ਸੰਗਤ ਨੂੰ ਚਾਹ ਪਾਣੀ ਪਿਲਾਉਣ ਦਾ ਸਮਾਂ ਲੈ ਲਿਆ ਅਤੇ ਰੂਪੀ ਸਿੱਧੂ ਨੇ ਸੰਗਤ ਨੂੰ ਪ੍ਰਸ਼ਾਦਾ ਛਕਾਉਣ ਦਾ ਸਮਾਂ ਲੈ ਲਿਆ। ਰਾਤ ਨੂੰ ਆਰਾਮ ਕੀਤਾ, ਮਲਹੋਤਰਾ ਸਾਹਿਬ ਜੀ ਅਤੇ ਸਰਦਾਰ ਮਹਿੰਦਰ ਸਿੰਘ ਗਿੱਲ, ਸਰਦਾਰ ਗੁਰਚਰਨ ਸਿੰਘ ਝੱਜ ਜੀ ਦੇ ਘਰ ਰਾਤ ਨੂੰ ਵਿਸ਼ਰਾਮ ਕਰਨ ਲਈ ਚਲੇ ਗਏ। ਗੁਰਦੀਪ ਸਿੰਘ ਮੇਰੇ ਨਾਲ ਹੀ ਦੂਸਰੇ ਬੈਡ ਰੂਮ ਵਿਚ ਰਹਿ ਗਿਆ। ਅਸਾਡੇ ਨਾਲ ਭਾਈ ਸਵਰਨ ਸਿੰਘ ਜੀ ਵੀ ਸਨ ਜਿਸ ਨੂੰ ਸਾਰੀ ਸੰਗਤ ਆਮ ਤੌਰ ਤੇ ਅਮਰੀਕਨ ਬਾਬਾ ਕਹਿ ਕੇ ਜਾਣਦੀ ਹੈ ਉਹ Los Angeles ਤੋਂ ਸਾਡੇ ਨਾਲ ਜਹਾਜ਼ ਤਾਂ ਨਹੀਂ ਸੀ ਚੜ੍ਹਿਆ ਪਰ ਉਹ ਇਥੇ ਸਮੇਂ ਸਿਰ ਹੀ ਪਹੁੰਚ ਗਿਆ ਕਿਉਂਕਿ ਉਸ ਨੇ ਸਾਰੀ ਜ਼ਿੰਦਗੀ ਸ਼ਿਕਾਗੋ ਵਿਚ ਹੀ ਕੱਟੀ ਹੈ। ਬਹੁਤ ਸਾਰੇ 'ਆਤਮ ਮਾਰਗ' ਦੇ ਮੈਂਬਰ ਉਸ ਨੇ ਬਣਾਏ ਹੋਏ ਹਨ, ਮਨਜੀਤ ਗਿੱਲ ਵੀ ਕਾਫੀ ਮੈਂਬਰ ਬਣਾਉਂਦਾ ਰਹਿੰਦਾ ਹੈ।

ਦੂਸਰੇ ਦਿਨ ਅੰਮ੍ਰਿਤ ਵੇਲੇ ਸਵੇਰ ਦੇ 9 ਵਜੇ ਸੰਗਤ ਆਈ ਹੋਈ ਸੀ। ਉਨ੍ਹਾਂ ਵਿਚ ਡਾਕਟਰ ਰਾਓ ਸਾਹਿਬ ਦੇ ਨਾਲ 14 ਅਮਰੀਕਨ ਪ੍ਰੋਫੈਸਰ, ਵਿਗਿਆਨਕ, ਡਾਕਟਰ ਆਏ ਹੋਏ ਸਨ। ਹੋਰ ਵੀ ਬਹੁਤ ਸਾਰੀ ਸੰਗਤ ਸੀ। ਮੈਂ ਸਾਰਿਆਂ ਨੂੰ ਮਿਲਿਆ, ਪ੍ਰਸ਼ਾਦ ਦਿਤਾ। ਮਲਹੋਤਰਾ ਜੀ ਨੇ ਮੈਨੂੰ ਕਿਹਾ ਕਿ ਡਾਕਟਰ ਰਾਓ ਸਾਹਿਬ ਦੇ ਨਾਲ ਜੋ ਅਮਰੀਕਨ ਆਏ ਹੋਏ ਹਨ, ਉਹ ਤੁਹਾਥੋਂ ਕੁਝ ਬਚਨ ਸੁਣਨੇ ਚਾਹੁੰਦੇ ਹਨ। ਪੈਨਸਨਵਾਲੀਆ ਦੇ ਮੌਜੂਦਾ ਇੰਤਜ਼ਾਮ ਕਰਨ ਵਾਲੇ ਸਵਾਮੀ ਰਾਜ ਮੁਨੀ ਜੀ ਜੋ ਡਾਕਟਰ ਸਵਾਮੀ ਰਾਮ ਜੀ ਦੇ ਸ਼ਿਸ਼ ਹਨ, ਉਨ੍ਹਾਂ ਨੇ ਕਿਹਾ ਕਿ ਤੁਸੀਂ ਹਿੰਦੀ ਵਿਚ ਬੋਲਦੇ ਜਾਵੋ, ਮੈਂ ਇੰਗਲਿਸ਼ ਵਿਚ ਨਾਲ ਦੀ ਨਾਲ Interpret (ਅਨੁਵਾਦ) ਕਰਦਾ ਜਾਵਾਂਗਾ। ਬਚਨ ਸੁਭਾਵਿਕ ਚਲ ਰਹੇ ਸਨ, ਗੱਲ ਇਸ ਤਰ੍ਹਾਂ ਸ਼ੁਰੂ ਹੋਈ ਕਿ ਡਾਕਟਰ ਸਵਾਮੀ ਰਾਮ ਜੀ ਇਕ ਵਾਰੀ ਮੇਰੇ ਪਾਸ ਰਤਵਾੜਾ ਸਾਹਿਬ ਆਏ ਸਨ, ਅਤੇ ਉਨ੍ਹਾਂ ਨਾਲ ਇਕਾਂਤ ਵਿਚ ਬਚਨ ਕਰਦਿਆਂ ਮੈਂ ਕਿਹਾ ਸੀ ਕਿ ਸਵਾਮੀ ਜੀ! ਤੁਸੀਂ ਬਹੁਤ ਵੱਡੀ ਸੇਵਾ ਕਰ ਰਹੇ ਹੋਂ, 2500 ਬੈਡ ਦਾ ਤੁਸੀਂ ਹਸਪਤਾਲ ਬਣਾ ਰਹੇ ਹੋਂ ਅਤੇ

ਏਸ਼ੀਆਂ ਵਿਚ ਸਭ ਤੋਂ ਵਧੀਆ ਕਾਲਜ ਬਣਾ ਰਹੇ ਹੋ, ਨਰਸਾਂ ਦਾ ਸਕੂਲ ਤੁਹਾਡਾ ਚਲ ਰਿਹਾ ਹੈ ਅਤੇ ਹੋਰ ਅਨੇਕਾਂ ਜਨ ਭਲਾਈ ਦੇ ਕਾਰਜ ਆਪ ਕਰ ਰਹੇ ਹੋ ਇਹ ਬਹੁਤ ਹੀ ਅੱਛੀ ਚੀਜ਼ ਹੈ ਕਿਉਂਕਿ ਗੁਰੂ ਮਹਾਰਾਜ ਫੁਰਮਾਨ ਕਰਦੇ ਹਨ –

*ਵਿਚਿ ਦੁਨੀਆ ਸੇਵ ਕਮਾਈਐ॥*
*ਤਾ ਦਰਗਹ ਬੈਸਣੁ ਪਾਈਐ॥*
*ਕਹੁ ਨਾਨਕ ਬਾਹ ਲੁਡਾਈਐ॥* *ਪੰਨਾ - 26*

ਮੇਰੇ ਤੋਂ ਵੀ ਮਹਾਰਾਜ ਜੀ ਕਾਫੀ ਕੰਮ ਕਰਵਾ ਰਹੇ ਹਨ ਪਰ ਸਵਾਮੀ ਜੀ ਇਹ ਹੈ ਤਾਂ ਸਭ ਸੁਪਨਾ ਹੀ, ਅਸਲੀਅਤ ਨਹੀਂ ਹੈ, ਸੁਪਨੇ ਕਈ ਕਿਸਮ ਦੇ ਹੁੰਦੇ ਹਨ, ਇਕ ਸੁਪਨਾ ਰਾਤ ਨੂੰ ਆਉਂਦਾ ਹੈ, ਉਹ ਵੀ ਦੇਖਣ ਨੂੰ ਬਿਲਕੁਲ ਸੱਚਾ ਲਗਿਆ ਕਰਦਾ ਹੈ, ਜਿੰਨੀ ਦੇਰ ਤਕ ਉਸ ਦੀ ਮਿਆਦ ਹੈ ਉਹ ਸਾਨੂੰ ਬਿਲਕੁਲ ਝੂਠਾ ਪ੍ਰਤੀਤ ਨਹੀਂ ਦਿੰਦਾ, ਸਤਿ ਹੀ ਪ੍ਰਤੀਤ ਦਿੰਦਾ ਹੈ।

ਜੇ ਕੋਈ ਕੁੱਤਾ ਜਾਂ ਜੰਗਲੀ ਜਾਨਵਰ ਸੁਪਨੇ ਵਿਚ ਸਾਡੇ ਮਗਰ ਪੈ ਜਾਵੇ ਤਾਂ ਅਸੀਂ ਨੱਠਦੇ ਭਜਦੇ ਹਾਂ, ਆਪਣਾ ਬਚਾਓ ਕਰਦੇ ਹਾਂ, ਦਿਲ ਧੱਕ-ਧਕ ਕਰਦਾ ਹੈ। ਜੇ ਜਾਗ ਆ ਜਾਵੇ ਤਾਂ ਬਹੁਤ ਦੇਰ ਤਕ ਸੁਪਨੇ ਵਿਚ ਦੇਖਿਆ ਡਰ ਪਿਛਾ ਨਹੀਂ ਛਡਦਾ ਪਰ ਸਿਆਣੇ ਬੰਦੇ ਦੇਖ ਲੈਂਦੇ ਹਨ ਕਿ ਇਹ ਕੁਝ ਨਹੀਂ ਸੀ, ਇਹ ਤਾਂ ਇਕ ਸੁਪਨਾ ਸੀ, ਉਹ ਇਕ ਦਮ ਆਪਣੇ ਆਪ ਨੂੰ ਸੈਟ ਕਰ ਲੈਂਦੇ ਹਨ। ਸੁਪਨੇ ਵੇਲੇ ਸੁਪਨਾ ਬਿਲਕੁਲ ਸੱਚਾ ਲਗਦਾ ਹੈ। ਜੇ ਝੂਠਾ ਲਗਦਾ ਹੁੰਦਾ ਤਾਂ ਅਸੀਂ ਕਦੇ ਵੀ ਨਾ ਡਰਦੇ ਅਤੇ ਨਾ ਡਰ ਕੇ ਦੌੜਦੇ। ਪਰ ਜਦੋਂ ਜਾਗ ਆ ਜਾਂਦੀ ਹੈ ਤਾਂ ਕਹਿੰਦੇ ਹਾਂ ਕਿ ਸ਼ੁਕਰ ਪ੍ਰਮੇਸ਼ਰ ਦਾ ਕਿ ਇਹ ਅਸਲੀਅਤ ਨਹੀਂ ਸੀ ਸੁਪਨਾ ਹੀ ਸੀ। ਸਵਾਮੀ ਜੀ! ਦੂਸਰਾ ਸੁਪਨਾ ਉਹ ਹੈ ਜਿਸ ਵਿਚੋਂ ਮੈਂ ਤੇ ਤੁਸੀਂ ਦੋਵੇਂ ਲੰਘ ਰਹੇ ਹਾਂ ਤੁਸੀਂ ਵੱਡੇ-ਵੱਡੇ ਕੰਮ ਕਰ ਰਹੇ ਹੋ, ਮੇਰੇ ਤੋਂ ਵੀ ਕੁਝ ਕਰਾਇਆ ਜਾ ਰਿਹਾ ਹੈ ਪਰ ਜਦੋਂ ਅਸੀਂ ਸਰੀਰ ਛੱਡ ਜਾਵਾਂਗੇ ਉਸ ਵੇਲੇ ਪਤਾ ਲਗੇਗਾ ਕਿ ਇਕ ਲੰਮੇ ਸੁਪਨੇ ਤੋਂ ਜਾਗੇ ਹਾਂ ਅਤੇ ਮੁੜ ਕੇ ਨਾ ਉਹ ਪਰਿਵਾਰ ਮਿਲੇ, ਨਾ ਉਹ ਕੋਠੀਆਂ, ਨਾ ਬਿਜ਼ਨਸਾਂ ਮਿਲਣ ਸਗੋਂ ਜੇ ਕਿਤੇ ਇਹ ਚੀਜ਼ਾਂ ਯਾਦ ਰਹਿ ਜਾਣ ਤਾਂ ਇਹ ਸੁਪਨੇ ਦੀ ਦੁਨੀਆਂ ਵਿਚ ਫੇਰ ਖਿੱਚ ਲੈਂਦੀਆਂ ਹਨ। ਅਗਲੇ ਸੁਪਨੇ ਵਿਚ ਹੋਰ ਰੰਗ ਦੀ ਦੁਨੀਆਂ ਦੇਖਦੇ ਹਾਂ। ਸਵਾਮੀ ਜੀ! ਆਪਾਂ ਦੋਵੇਂ ਬਚਨ ਕਰ ਰਹੇ ਹਾਂ, ਤੁਹਾਨੂੰ ਵੀ ਪਤਾ ਹੈ, ਮੈਨੂੰ ਵੀ ਪਤਾ ਹੈ, ਆਪਾਂ ਸੁਪਨੇ ਵਿਚੋਂ ਲੰਘ

ਰਹੇ ਹਾਂ। ਇਸ ਗੱਲ ਨੂੰ ਵਿਚਾਰ ਕੇ ਔਕੜਾਂ ਸਮੇਂ ਸਾਡਾ ਮਾਨਸਿਕ ਸੰਤੁਲਨ ਨਹੀਂ ਵਿਗੜਦਾ। ਅਸੀਂ ਉਨ੍ਹਾਂ ਨੂੰ ਸਹਿਜੇ ਹੀ ਸਹਿ ਲੈਂਦੇ ਹਾਂ। ਗੁਰੂ ਮਹਾਰਾਜ ਜੀ ਇਥੋਂ ਤਕ ਫੁਰਮਾਨ ਕਰਦੇ ਹਨ ਕਿ ਸਾਰਾ ਸੰਸਾਰ ਰਜੋ ਗੁਣ, ਤਮੋ ਗੁਣ, ਸਤੋ ਗੁਣ ਵਿਚ ਸੁੱਤਾ ਪਿਆ ਹੈ ਅਤੇ ਗਾੜ੍ਹੀ ਨੀਂਦ ਵਿਚ ਬੁਰੜਾ ਰਿਹਾ ਹੈ। ਸਾਧੂ ਮਹਾਂਪੁਰਸ਼ ਇਸ ਨੂੰ ਅਵਾਜ਼ਾਂ ਮਾਰ ਰਹੇ ਹਨ, ਜਗਾ ਰਹੇ ਹਨ ਪਰ ਇਸ ਦਾ ਚਿੱਤ ਇਸ ਸੁਪਨੇ ਵਿਚ ਐਨਾ ਫਸ ਗਿਆ ਹੈ ਕਿ ਨਿਕਲਣ ਦਾ ਦਮ ਹੀ ਨਹੀਂ ਲੈਂਦਾ। ਗੁਰੂ ਮਹਾਰਾਜ ਜੀ ਇਸ ਦੀ ਮੂਰਖਤਾ ਨੂੰ ਤਕਦੇ ਫੁਰਮਾਨ ਕਰਦੇ ਹਨ –

*ਸੁਪਨੇ ਸੇਤੀ ਚਿਤੁ ਮੂਰਖਿ ਲਾਇਆ॥*
*ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ॥*
*ਆਰਜਾ ਗਈ ਵਿਹਾਇ ਧੰਧੈ ਧਾਇਆ॥*
*ਪੂਰਨ ਭਏ ਨ ਕਾਮ ਮੋਹਿਆ ਮਾਇਆ॥*
*ਕਿਆ ਵੇਚਾਰਾ ਜੰਤੁ ਜਾ ਆਪਿ ਭੁਲਾਇਆ॥ ਪੰਨਾ – 707*

ਇਹ ਗੁੱਲ ਸੁਣ ਕੇ ਸਵਾਮੀ ਜੀ ਕਿ ਦਮ ਉਠੇ ਅਤੇ ਮੈਨੂੰ ਗਲਵਕੜੀ ਪਾ ਲਈ। ਕਹਿਣ ਲੱਗੇ ਬਿਲਕੁਲ ਠੀਕ। ਸੋ ਇਸ ਮੁਲਾਕਾਤ ਦੀ ਗੱਲ ਕਰਦੇ-ਕਰਦੇ ਮੈਂ ਗੱਲ ਹੋਰ ਲੰਮੇਰੀ ਕਰ ਲਈ ਜਿਸ ਨੂੰ ਮੈਂ ਹਿੰਦੀ ਵਿਚ ਬੋਲ ਕੇ ਦਸ ਰਿਹਾ ਸਾਂ ਅਤੇ ਰਾਜਮੁਨੀ ਜੀ ਇਸ ਦਾ ਇੰਗਲਿਸ਼ ਵਿਚ ਅਨੁਵਾਦ ਕਰ ਰਹੇ ਸਨ। ਸਵਾਮੀ ਰਾਜਮੁਨੀ ਜੀ ਦੀ ਲਿਆਕਤ ਦੇਖ ਕੇ ਮੈਂ ਬਹੁਤ ਪ੍ਰਸੰਨ ਹੋਇਆ ਕਿ ਉਹ ਮੇਰਾ 10-10 ਮਿੰਟ ਬੋਲਿਆ ਹੋਇਆ ਅੱਖਰ-ਅੱਖਰ ਅਨੁਵਾਦ ਕਰ ਦਿੰਦੇ ਸਨ। ਮੈਂ ਕਿਹਾ ਕਿ ਸੁਪਨਾ ਕਈ ਵਾਰੀ ਬਿਲਕੁਲ ਸਤਿ ਲਗਣ ਲਗ ਜਾਂਦਾ ਹੈ ਜੇ ਉਸ ਦਾ ਅਧਿਆਸ ਪੱਕ ਜਾਵੇ ਤਾਂ ਪਤਾ ਨਹੀਂ ਲਗਦਾ ਕਿ ਜਿਹੜਾ ਮੈਂ ਜਾਗਦਾ ਹਾਂ ਉਹ ਸਚ ਹੈ ਜਾਂ ਜਿਹੜਾ ਸੁੱਤੇ ਪਏ ਦੇਖਿਆ ਹੈ ਉਹ ਸਤਿ ਹੈ। ਐਸੀ ਹੀ ਭ੍ਰਾਂਤੀ ਰਾਜੇ ਜਨਕ ਨੂੰ ਪਈ।

ਅਧਿਆਤਮਵਾਦ ਵਿਚ ਇਸ ਗੱਲ ਉਪਰ ਬਹੁਤ ਹੀ ਵਿਚਾਰ ਕਰਨੀ ਪੈਂਦੀ ਹੈ ਕਿ ਇਹ ਜੀਵ ਪ੍ਰਮੇਸ਼ਰ ਦੀ ਅੰਸ ਹੈ। ਵਾਹਿਗੁਰੂ ਜੀ ਸਰਬੱਗ ਹਨ, ਸਮਰੱਥ ਹਨ ਸਭ ਕੁਝ ਜਾਣਦੇ ਹਨ, ਸਾਰੀਆਂ ਸ਼ਕਤੀਆਂ ਦੇ ਮਾਲਕ ਹਨ, ਕਰਨ ਕਾਰਨਹਾਰ ਹਨ, ਆਪ ਹੀ ਆਪਣੀ ਮਰਜ਼ੀ ਨਾਲ ਸੰਸਾਰ ਦੀ ਰਚਨਾ ਕੀਤੀ ਹੈ। ਜਦੋਂ ਖੇਲ੍ਹ

ਸੰਕੋਚਨਾ ਹੋਵੇਗਾ ਉਸ ਵੇਲੇ ਇਕ ਦਮ ਖੇਲ੍ਹ ਸੰਕੋਚ ਕੇ ਫੇਰ ਆਪ ਇਕੱਲੇ ਹੀ ਰਹਿ ਜਾਂਦੇ ਹਨ। ਇਹ ਵਿਚਾਰਾਂ ਹਨ ਜਿਹੜੀਆਂ ਸਾਧਕ ਦੇ ਮਨ ਵਿਚ ਸੁਤੇ ਹੀ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਪ੍ਰਸ਼ਨ ਇਹ ਉਠਦਾ ਹੈ ਕਿ ਐਡੇ ਸਮਰੱਥ ਵਾਹਿਗੁਰੂ ਦੀ ਅੰਸ ਜੋ ਇਹ ਜੀਵ ਹੈ, ਉਹ ਮਾਇਆ ਵਿਚ ਕਿਉਂ ਭੁੱਲ ਗਿਆ? ਕਿਉਂ ਐਨੀ ਕਮਜ਼ੋਰ ਹਾਲਤ ਵਿਚ ਆ ਗਿਆ ਹੈ, ਜੰਮਦਾ ਮਰਦਾ ਹੈ, ਦੁਖੀ ਹੁੰਦਾ ਹੈ, ਰੋਂਦਾ ਕੁਰਲਾਉਂਦਾ ਹੈ ਇਹ ਗੱਲ ਕਿਉਂ ਹੋ ਗਈ? ਮਹਾਂਪੁਰਸ਼ ਇਸ ਗੱਲ ਨੂੰ ਸਮਝਾਉਣ ਵਾਸਤੇ ਕੁਝ ਉਦਾਹਰਣਾਂ ਦਿਆ ਕਰਦੇ ਹਨ, ਉਹ ਫੁਰਮਾਉਂਦੇ ਹਨ ਕਿ ਇਹ ਸੰਸਾਰ ਸੁਪਨੇ ਨਿਆਈ ਹੈ, ਜੋ ਰਾਤ ਨੂੰ ਆਇਆ ਕਰਦਾ ਹੈ, ਕਿਸੇ ਨੂੰ ਸੁਪਨੇ ਬਹੁਤ ਚੰਗੇ ਆਉਂਦੇ ਹਨ, ਕਿਸੇ ਨੂੰ ਬਹੁਤ ਮਾੜੇ ਸੁਪਨੇ ਆਉਂਦੇ ਹਨ, ਕੀ ਇਹ ਸੁਪਨਾ ਸਤਿ ਹੈ ਜਾਂ ਅਸਤਿ ਹੈ, ਜਿਸ ਨੂੰ ਅਸੀਂ ਜਾਗ੍ਰਤ ਕਹਿੰਦੇ ਹਾਂ, ਇਸ ਅਵਸਥਾ ਨੂੰ ਅਸੀਂ ਸਤਿ ਮੰਨਦੇ ਹਾਂ। ਸੰਸਾਰ ਵਿਚ ਜੀਵ ਆਉਂਦਾ ਹੈ ਅਤੇ ਦੇਰ ਤਕ ਜਿਉਂਦਾ ਹੈ, ਅਨੇਕ ਕਿਸਮ ਦੀ ਕ੍ਰਿਆ ਕਰਦਾ ਹੈ, ਫੇਰ ਇਹ ਚਲਿਆ ਜਾਂਦਾ ਹੈ, ਮੁੜ ਕੇ ਮੇਲ ਨਹੀਂ ਹੁੰਦਾ, ਕੋਈ ਸੁਖ ਸੁਨੇਹਾ ਨਹੀਂ ਆਉਂਦਾ, ਐਨਾ ਹਨ੍ਹੇਰਾ ਛਾ ਜਾਂਦਾ ਹੈ, ਐਨਾ ਵਿਛੋੜਾ ਪੈ ਜਾਂਦਾ ਹੈ ਕਿ ਖਿਆਲ ਛੱਡਣਾ ਹੀ ਪੈਂਦਾ ਹੈ ਕਿਉਂਕਿ ਫੇਰ ਮੇਲ ਤਾਂ ਹੋਣਾ ਹੀ ਨਹੀਂ। ਇਵੇਂ ਜਿਵੇਂ ਜਦੋਂ ਅਸੀਂ ਰਾਤ ਦੇ ਸੁਪਨੇ 'ਚੋਂ ਅਸੀਂ ਜਾਗ੍ਰਤ ਅਵਸਥਾ ਵਿਚ ਆ ਜਾਂਦੇ ਹਾਂ ਤਾਂ ਰਾਤ ਦਾ ਲੰਘਿਆ ਹੋਇਆ ਸੁਪਨਾ ਕਈ ਵਾਰੀ ਸਾਡੇ ਉਪਰ ਬਹੁਤ ਅਸਰ ਕਰਦਾ ਹੈ, ਅਜਿਹੇ ਭਿਆਨਕ ਸੁਪਨੇ ਵੀ ਆਉਂਦੇ ਹਨ ਜੋ ਦਿਮਾਗ ਦਾ ਸੰਤੁਲਨ ਵਿਗਾੜ ਦਿੰਦੇ ਹਨ ਅਤੇ ਆਦਮੀ ਨੂੰ ਪਤਾ ਹੀ ਨਹੀਂ ਲਗਦਾ ਕਿ ਸੁਪਨਾ ਸੱਚ ਹੈ ਜਾਂ ਇਹ ਜੋ ਮੈਂ ਦਿਨ ਕੱਟ ਰਿਹਾ ਹਾਂ, ਸੱਚ ਹੈ। ਮਹਾਂਪੁਰਸ਼ ਦਸਿਆ ਕਰਦੇ ਹਨ ਕਿ ਇਕ ਵਾਰੀ ਇਕ ਪੇਂਜਾ (ਰੂੰ ਪਿੰਜਣ ਵਾਲਾ) ਬਹੁਤ ਹੀ ਸੁਥਰਾ ਕੰਮ ਕਰਿਆ ਕਰਦਾ ਸੀ, ਇਕ ਗੰਢ ਵੀ ਰੂੰ ਵਿਚ ਨਹੀਂ ਸੀ ਰਹਿਣ ਦਿੰਦਾ, ਪੂਰੀ ਤਰ੍ਹਾਂ ਇਕ-ਇਕ ਗੰਢ ਦਾ ਸਬੰਧ ਤੋੜ ਕੇ ਉਸ ਨੂੰ ਨਰਮ ਬਣਾ ਦਿੰਦਾ ਸੀ, ਉਹ ਗਦੇਲਿਆਂ ਵਿਚ ਪਾਈ ਹੋਈ ਬਹੁਤ ਨਿੱਘ ਵੀ ਦਿੰਦੀ ਸੀ ਅਤੇ ਨਰਮ ਵੀ ਰਹਿੰਦੀ ਸੀ। ਉਸ ਦੇਸ਼ ਦੇ ਰਾਜੇ ਦੇ ਅਹਿਲਕਾਰ ਇਸ ਪਾਸੋਂ ਹੀ ਰਜ਼ਾਈਆਂ ਤੁਲਾਈਆਂ ਭਰਾਉਣ ਦਾ ਕੰਮ ਕਰਾਈਆ ਕਰਦੇ ਸਨ ਅਤੇ ਇਸ ਨੂੰ ਮਿਹਨਤ ਵੀ ਚੰਗੀ ਮਿਲ ਜਾਂਦੀ ਸੀ। ਸੋਹਣਾ ਗੁਜ਼ਾਰਾ ਹੋ ਰਿਹਾ ਸੀ। ਇਕ ਦਿਨ ਰਾਤ ਨੂੰ ਐਸਾ ਹੋਇਆ

ਕਿ ਇਸ ਨੂੰ ਬਹੁਤ ਗਹਿਰਾ ਸੁਪਨਾ ਆਇਆ। ਇਸ ਦੇ ਪਾਸ ਰਾਜੇ ਦੇ ਅਹਿਲਕਾਰ ਆਏ, ਉਹ ਪਹਿਲਾਂ ਤੋਂ ਹੀ ਜਾਣੇ ਪਛਾਣੇ ਸਨ, ਉਠ ਕੇ ਇਸ ਨੇ ਉਨ੍ਹਾਂ ਦੇ ਬੈਠਣ ਲਈ ਮੂੜੇ ਆਦਿ ਦਿਤੇ ਅਤੇ ਬੜੇ ਪਿਆਰ ਨਾਲ ਬਚਨ ਕਰਦਾ ਰਿਹਾ। ਉਸ ਨੇ ਪੁਛਿਆ ਕਿ ਇਸ ਵਾਰੀ ਮਹਾਰਾਜ ਜੀ ਨੇ ਕੋਈ ਕੰਮ ਹਾਲੇ ਤਕ ਨਹੀਂ ਭੇਜਿਆ, ਸਿਆਲ ਤਾਂ ਆ ਗਿਆ ਹੈ। ਉਸ ਵੇਲੇ ਉਨ੍ਹਾਂ ਅਹਿਲਕਾਰਾਂ ਨੇ ਕਿਹਾ ਕਿ ਪੇਂਜੇ! ਮਹਾਰਾਜ ਤੇਰੇ ਕੰਮ ਤੋਂ ਬਹੁਤ ਪ੍ਰਸੰਨ ਹਨ, ਇਸ ਵਾਰੀ ਉਨ੍ਹਾਂ ਦਾ ਖਿਆਲ ਹੋ ਗਿਆ ਹੈ ਕਿ ਤੇਰੇ ਤੋਂ ਸੇਵਾ ਲਈ ਜਾਵੇ, ਉਹ ਇਸ ਤਰ੍ਹਾਂ ਹੈ ਕਿ ਬਹੁਤ ਸਾਰੇ ਸਾਧੂ ਤੀਰਥ ਯਾਤਰਾ ਤੇ ਜਾ ਰਹੇ ਹਨ। ਉਨ੍ਹਾਂ ਨੇ ਪਹਾੜਾਂ ਵਿਚ ਜਾਣਾ ਹੈ ਉਨ੍ਹਾਂ ਨੂੰ ਤਲਾਈਆਂ ਰਜਾਈਆਂ ਉਤੇ ਲੈਣ ਲਈ ਦੇਣੀਆਂ ਹਨ। ਆਪਣੇ ਰਾਜੇ ਨੇ ਰੂੰ ਖਰੀਦਣ ਦਾ ਹੁਕਮ ਦੇ ਦਿਤਾ ਹੈ ਅਤੇ ਅਸੀਂ ਰੂੰ ਦੀ ਤਲਾਸ਼ ਕਰ ਰਹੇ ਹਾਂ ਅਤੇ ਹੁਣ ਅਸੀਂ ਰੂੰ ਦੇਖ ਲਈ ਹੈ, ਪਸੰਦ ਆ ਗਈ ਹੈ, ਹੁਣ 50 ਗੱਡੇ ਉਸ ਰੂੰ ਨਾਲ ਭਰੇ ਹਨ। ਰਾਜਾ ਜੀ ਨੇ ਹੁਕਮ ਦੇ ਦਿਤਾ ਹੈ ਕਿ ਇਹ ਸਾਰੇ ਗੱਡੇ ਪੇਂਜੇ ਪਾਸ ਪਹੁੰਚਾ ਦੇਵੇ, ਉਹ ਇਨ੍ਹਾਂ ਨੂੰ ਆਪ ਪਿੰਜੇ, ਰਜਾਈਆਂ ਤੇ ਤਲਾਈਆਂ ਦੇ ਉਛਾੜ ਉਹ ਵੀ ਖਰੀਦ ਲਏ ਹਨ, ਤੂੰ ਸਾਰੀਆਂ ਰਜਾਈਆਂ ਭਰਨੀਆਂ ਹਨ, ਦਰਿਆ ਚੜ੍ਹਿਆ ਹੋਣ ਕਰਕੇ ਉਹ ਗੱਡੇ ਅਜੇ ਪਾਣੀ ਉਤਰਨ ਤਕ ਦਰਿਆ ਦੇ ਕੰਢੇ ਖੜ੍ਹੇ ਹਨ ਪਰ ਇਕ ਗੱਲ ਰਾਜੇ ਨੇ ਆਖੀ ਹੈ ਕਿ ਐਤਕੀ ਅਸੀਂ ਸਾਰੀਆਂ ਰਜਾਈਆਂ ਬਣਾਉਣ ਦੀ ਸੇਵਾ ਪੇਂਜੇ ਤੋਂ ਹੀ ਕਰਾਉਣੀ ਹੈ ਅਤੇ ਕੋਈ ਮਿਹਨਤ ਦੀ ਮਾਇਆ ਨਹੀਂ ਦੇਣੀ। ਇਸ ਨੇ ਕਿਹਾ ਕਿ ਮੈਂ ਇਕੱਲਾ ਤਾਂ ਇਹ ਕੰਮ ਕਰ ਨਹੀਂ ਸਕਦਾ। ਫੇਰ ਮੈਂ ਜੇ ਸਾਰਾ ਕੰਮ ਮੁਫਤ ਕਰਦਾ ਹਾਂ ਤਾਂ ਮੈਂ ਰੋਜ਼ੀ ਰੋਟੀ ਕਪੜਾ ਕਿਥੋਂ ਸੁਆਵਾਂਗਾ, ਬਾਲ ਬੱਚਿਆਂ ਨੂੰ ਕਿਵੇਂ ਪਾਲਾਂਗਾ? ਮੇਰੇ ਤੋਂ ਇਹ ਕੰਮ ਨਹੀਂ ਹੋਣਾ। ਉਨ੍ਹਾਂ ਨੇ ਕਿਹਾ ਕਿ ਜੇ ਤੂੰ ਸੁਲਾਹ ਸਫਾਈ ਨਾਲ ਨਹੀਂ ਕਰੇਗਾ ਤਾਂ ਸਾਡੀ ਪੁਲਿਸ ਤੇਰੇ ਤੋਂ ਜਬਰੀ ਵਗਾਰ ਲਵੇਗੀ। ਜੇ ਤੂੰ ਫੇਰ ਵੀ ਨਹੀਂ ਕਰੇਂਗਾ ਤਾਂ ਤੈਨੂੰ ਕਾਰਾਗਾਰ (ਜੇਲ੍ਹ) ਵਿਚ ਸਦਾ ਲਈ ਬੰਦ ਕਰ ਦਿਤਾ ਜਾਵੇਗਾ ਜਿਥੇ ਨਾ ਤੈਨੂੰ ਰੋਟੀ ਮਿਲਣੀ ਹੈ, ਨਾ ਪੀਣ ਲਈ ਪਾਣੀ ਮਿਲਣਾ ਹੈ। ਐਨੇ ਨੂੰ ਕੀ ਦੇਖਦਾ ਹੈ ਕਿ ਬਹੁਤ ਸਾਰੇ ਸਿਪਾਹੀ ਹਥਕੜੀਆਂ ਲੈ ਕੇ ਪੇਂਜੇ ਨੂੰ ਫੜਨ ਵਾਸਤੇ ਆ ਰਹੇ ਹਨ, ਇਹ ਪੇਂਜਾ ਉਠ ਕੇ ਅੱਗੇ ਨੂੰ ਦੌੜ ਲਿਆ ਅਤੇ ਇਕੋ ਹੀ ਗੱਲ ਕਹੀ ਜਾਂਦਾ ਹੈ ਕਿ ਮੈਥੋਂ ਨਹੀਂ 50 ਗੱਡੇ ਰੂੰ ਦੇ ਪਿੰਜ ਹੋਣੇ,

ਮੈਂ ਇਹ ਕੰਮ ਨਹੀਂ ਕਰ ਸਕਦਾ। ਸਿਪਾਹੀਆਂ ਤੋਂ ਦੂਰ ਲੰਘ ਗਿਆ।

ਐਨੇ ਨੂੰ ਇਸ ਨੂੰ ਜਾਗ ਆ ਗਈ ਉਹ ਮੰਜੇ ਤੋਂ ਉਠ ਕੇ ਬਾਹਰ ਨੂੰ ਦੌੜ ਗਿਆ ਅਤੇ ਇਕੋ ਗੱਲ ਕਹੀ ਜਾਂਦਾ ਹੈ ਕਿ ਮੇਰੇ ਤੋਂ 50 ਗੱਡੇ ਨਹੀਂ ਪਿੰਜ ਹੋਣੇ, ਦਿਨ ਰਾਤ ਇਕੋ ਗੱਲ ਕਹੀ ਜਾਂਦਾ ਹੈ, ਡਰਦਾ ਹੈ ਕਿ ਸਿਪਾਹੀ ਆ ਕੇ ਫੜ ਨਾ ਲੈਣ, ਰੋਟੀ ਪਾਣੀ ਵੀ ਬੜੀ ਮੁਸ਼ਕਲ ਨਾਲ ਖਲਾਉਂਦੇ ਹਨ, ਸ਼ਹਿਰ ਦੀਆਂ ਗਲੀਆਂ ਵਿਚ ਘੁੰਮਦਾ ਰਹਿੰਦਾ ਹੈ ਅਤੇ ਇਕੋ ਗੱਲ ਆਖੀ ਜਾਂਦਾ ਹੈ ਕਿ ਮੇਰੇ ਤੋਂ 50 ਗੱਡੇ ਰੂੰ ਦੇ ਨਹੀਂ ਪਿੰਜ ਹੋਣੇ।

ਕਾਫੀ ਸਮਾਂ ਲੰਘ ਜਾਣ ਪਿਛੋਂ ਉਹੋ ਮਹਾਤਮਾ ਆ ਗਏ ਉਨ੍ਹਾਂ ਨੇ ਵੀ ਇਕ ਰਜਾਈ ਭਰਾਉਣੀ ਸੀ। ਪੇਂਜੇ ਬਾਰੇ ਪੁਛਿਆ ਤਾਂ ਉਸ ਦੇ ਘਰਦਿਆਂ ਨੇ ਕਿਹਾ ਕਿ ਮਹਾਰਾਜ! ਪਤਾ ਨਹੀਂ ਕੀ ਹੋ ਗਿਆ ਕਿ ਇਕ ਦਿਨ ਸੁੱਤੇ ਪਏ ਉਭੜਵਾਹੇ ਉਠ ਕੇ ਨੱਠ ਪਏ ਅਤੇ ਹੁਣ ਇਕੋ ਗੱਲ ਕਹੀ ਜਾਂਦੇ ਹਨ ਕਿ ਮੈਂ ਨਹੀਂ ਇਹ ਕੰਮ ਕਰਨਾ, ਮੇਰੇ ਤੋਂ 50 ਗੱਡੇ ਰੂੰ ਦੇ ਨਹੀਂ ਪਿੰਜ ਹੋਣੇ। ਮਹਾਰਾਜ ਜੀ! ਉਹ ਤਾਂ ਹੁਣ ਰੋਟੀ ਪਾਣੀ ਵੀ ਨਹੀਂ ਖਾਂਦਾ ਅਤੇ ਉਸ ਨੂੰ ਬਥੇਰਾ ਸਮਾਇਆ ਹੈ ਕਿ ਕਿਥੇ ਨੇ ਪੰਜਾਹ ਗੱਡੇ? ਉਹ ਕਹਿੰਦਾ ਹੈ ਕਿ ਉਹ ਦਰਿਆ ਦੇ ਕੰਢੇ ਖੜ੍ਹੇ ਨੇ। ਪੁਲਿਸ ਵਾਲਿਆਂ ਨੇ ਮੈਨੂੰ ਫੜ ਲੈਣਾ ਹੈ।

ਉਸ ਵੇਲੇ ਮਹਾਤਮਾ ਨੇ ਕਿਹਾ ਕਿ ਉਸ ਨੂੰ ਮੇਰੇ ਪਾਸ ਲੈ ਕੇ ਆਉਣਾ। ਜਦੋਂ ਉਸ ਨੂੰ ਮਹਾਂਪੁਰਸ਼ਾਂ ਦੇ ਸਾਮ੍ਹਣੇ ਲਿਜਾਇਆ ਗਿਆ, ਤਾਂ ਉਸ ਨੇ ਉਨ੍ਹਾਂ ਨੂੰ ਪਛਾਣ ਲਿਆ ਤੇ ਨਮਸ਼ਕਾਰ ਕਰਕੇ ਨਾਲ ਹੀ ਕਹਿਣ ਲੱਗਿਆ ਕਿ ਤੁਸੀਂ ਦਸੋ ਮੈਂ 50 ਗੱਡੇ ਰੂੰ ਦੇ ਕਿਵੇਂ ਇਕੱਲਾ ਪਿੰਜ ਸਕਦਾ ਹਾਂ, ਫੇਰ ਰਾਜੇ ਨੇ ਕੰਮ ਮੁਫਤ ਕਰਾਉਣਾ ਹੈ ਤੇ ਮੈਨੂੰ ਡਰਾਉਂਦਾ ਹੈ ਕਿ ਜੇ ਤੂੰ ਇਹ ਕੰਮ ਨਾ ਕਰਿਆ ਤਾਂ ਤੈਨੂੰ ਕਾਰਾਗਾਰ (ਜੇਲ੍ਹ) ਵਿਚ ਸਦਾ ਲਈ ਬੰਦ ਕਰ ਦਿਤਾ ਜਾਵੇਗਾ। ਐਨਾ ਕਹਿ ਕੇ ਨੱਠਣ ਲਗਿਆ ਤਾਂ ਮਹਾਂਪੁਰਸ਼ਾਂ ਨੇ ਬਾਂਹ ਤੋਂ ਫੜ ਕੇ ਬਿਠਾ ਲਿਆ ਅਤੇ ਕਿਹਾ ਕਿ ਪੇਂਜੇ ਮੈਂ ਤੈਨੂੰ ਇਕ ਖੁਸ਼ਖਬਰੀ ਦੇਣ ਆਇਆ ਹਾਂ। ਮੈਂ ਉਹ 50 ਗੱਡੇ ਰੂੰ ਦੀ ਹੀ ਗੱਲ ਕਰਨੀ ਹੈ। ਉਹ ਟਿਕ ਗਿਆ ਅਤੇ ਕਹਿਣ ਲੱਗਿਆ ਕਿ ਕੀ ਗੱਲ ਹੈ? ਸੰਤ ਕਹਿਣ ਲੱਗੇ ਕਿ ਜਦੋਂ ਉਹ ਰੂੰ ਦੇ ਗੱਡੇ ਤੇਰੇ ਵਲ ਨੂੰ ਨਦੀਓਂ ਪਾਰ ਕਰਕੇ ਲਿਆ ਰਹੇ ਸੀ ਉਸ ਵੇਲੇ ਅਚਾਨਕ ਡਾਕੂ ਆ ਗਏ। ਉਨ੍ਹਾਂ ਨੇ ਰਾਖੀ ਕਰਨ ਵਾਲੇ ਸਿਪਾਹੀ ਮਾਰ ਦਿਤੇ, ਗੱਡਿਆਂ ਵਾਲੇ ਭੱਜ

ਗਏ, ਬੈਲ ਗੱਡੇ ਛੱਡ ਕੇ ਖੇਤਾਂ ਵਲ ਨੂੰ ਭੱਜ ਗਏ। ਹੁਣ ਡਾਕੂਆਂ ਨੇ ਰੂੰ ਨੂੰ ਅੱਗ ਲਾ ਦਿਤੀ ਉਥੇ ਗੱਡੇ ਵੀ ਅਧ ਸੜੇ ਖੜ੍ਹੇ ਹਨ, ਰੂੰ ਸਾਰੀ ਜਲ ਚੁਕੀ ਹੈ। ਪਿਛੋਂ ਰਾਜੇ ਦਾ ਸੁਨੇਹਾ ਆ ਗਿਆ ਕਿ ਰੂੰ ਦੇ ਗੱਡੇ ਵਾਪਸ ਲੈ ਆਓ, ਹੁਣ ਅਸੀਂ ਰਜਾਈਆਂ ਨਹੀਂ ਭਰਾਉਣੀਆਂ, ਜਿਹੜਾ ਕੰਮ ਵੀ ਕਰਾਵਾਂਗੇ ਉਹ ਪੈਸੇ ਦੇ ਕੇ ਹੀ ਕਰਾਵਾਂਗੇ, ਵਗਾਰ ਵਿਚ ਨਹੀਂ ਕਰਾਉਣਾ। ਪੇਂਜਾ ਕਹਿਣ ਲੱਗਿਆ, ਸੰਤ ਜੀ! ਇਹ ਤੁਸੀਂ ਬਹੁਤ ਸੋਹਣੀ ਖਬਰ ਦਿਤੀ ਹੈ। ਹੁਣ ਮੈਨੂੰ ਫੜਨ ਵਾਸਤੇ ਪੁਲਿਸ ਦੇ ਸਿਪਾਹੀ ਤਾਂ ਨਹੀਂ ਆਉਣਗੇ? ਸੰਤਾਂ ਨੇ ਕਿਹਾ ਕਿ ਰਾਜੇ ਦੇ ਤਾਂ ਚਿੱਤ ਚੇਤੇ ਵੀ ਨਹੀਂ ਕਿ ਤੈਨੂੰ ਫੜਨਾ ਹੈ। ਹੁਣ ਤੈਨੂੰ ਕੋਈ ਖਤਰਾ ਨਹੀਂ, ਅਸੀਂ ਹੁਣ ਇਕ ਰਜਾਈ ਭਰਾਉਣੀ ਹੈ। ਉਸ ਨੇ ਸੰਤਾਂ ਤੋਂ ਰੂੰ ਲੈ ਲਈ ਉਸ ਦਾ ਦਿਮਾਗ ਠੀਕ ਹੋ ਗਿਆ। ਉਸ ਨੂੰ ਉਸ ਝੂਠੇ ਸੁਪਨੇ ਦੇ ਅਸਰ ਵਿਚੋਂ ਜਾਗ ਆ ਗਈ। ਜਿੰਨਾ ਚਿਰ ਉਹ ਜਾਗਿਆ ਨਹੀਂ ਸੀ ਭਿਆਨਕ ਸੁਪਨੇ ਦੇ ਅਸਰ ਨੇ ਉਸ ਨੂੰ ਪਾਗਲ ਬਣਾ ਛੱਡਿਆ ਸੀ। ਪਾਗਲਪੁਣਾ ਕੀ ਹੁੰਦਾ ਹੈ? ਦਿਮਾਗ ਵਿਚ ਕੋਈ ਐਸੀ ਸਥਿਤੀ ਪੈਦਾ ਹੋ ਜਾਂਦੀ ਹੈ, ਜਿਸ ਤੋਂ ਉਹ ਕੋਈ ਨਿਰਣਾ ਨਹੀਂ ਲੈ ਸਕਦਾ, ਇਕੋ ਗੱਲ ਹਾਵੀ ਹੋ ਕੇ ਉਸ ਦੀ ਸੋਚ ਸ਼ਕਤੀ ਨੂੰ ਖਤਮ ਕਰ ਦਿੰਦੀ ਹੈ। ਸੋ ਇਹ ਇਕ ਸੁਪਨਾ ਹੈ, ਇਹ ਬਿਲਕੁਲ ਝੂਠਾ ਹੋਇਆ ਕਰਦਾ ਹੈ। ਥੋੜ੍ਹੀ ਦੇਰ ਦਾ ਹੋਇਆ ਕਰਦਾ ਹੈ ਪਰ ਜਦੋਂ ਅਸੀਂ ਸੁਪਨੇ ਵਿਚੋਂ ਲੰਘ ਰਹੇ ਹੁੰਦੇ ਹਾਂ ਤਾਂ ਇਹ ਪੂਰੀ ਤਰ੍ਹਾਂ ਸੱਚਾ ਲਗਦਾ ਹੈ, ਇਸਦਾ ਅਸਰ ਸਰੀਰ ਤੇ ਵੀ ਹੁੰਦਾ ਹੈ। ਸਵਪਨ ਦੋਸ਼ ਵਗੈਰਾ ਸੁਪਨੇ ਦੇ ਖਿਆਲਾਂ ਵਿਚ ਆਉਣ ਕਰਕੇ ਹੀ ਹੁੰਦਾ ਹੈ। ਸੁਪਨੇ ਵਿਚ ਡਰ ਕੇ ਦਿਲ ਫੇਲ੍ਹ ਵੀ ਹੋ ਜਾਂਦਾ ਹੈ। ਇਹ ਸੁਪਨਾ ਇਕ ਰਾਤ ਦਾ ਹੈ। ਇਸੇ ਤਰ੍ਹਾਂ ਨਾਲ ਸੰਸਾਰ ਵਿਚ ਜਿਸ ਨੂੰ ਅਸੀਂ ਜਾਗ੍ਰਤ ਅਵਸਥਾ ਕਹਿੰਦੇ ਹਾਂ। ਇਹ ਵੀ ਇਕ ਸੁਪਨਾ ਹੀ ਹੈ। ਇਸ ਵਿਚ ਰਾਤ ਦੇ ਸੁਪਨੇ ਨਾਲੋਂ ਚੇਤਨਤਾ ਬਹੁਤੀ ਹੁੰਦੀ ਹੈ, ਕੋਈ ਆਦਮੀ ਇਕ ਲੱਖ ਰੁਪਈਆ ਨਗਦ ਆਪਣੇ ਸਰ੍ਹਾਣੇ ਹੇਠ ਰੱਖ ਕੇ ਸੌਂ ਗਿਆ। ਉਸ ਨੂੰ ਸੁਪਨੇ ਵਿਚ ਪਿਆਸ ਲਗ ਗਈ, ਪਾਣੀ ਦੀ ਤਲਾਸ਼ ਵਿਚ ਇਧਰ ਉਧਰ ਫਿਰਦਾ ਹੈ। ਅਖੀਰ ਢੂੰਢਦਾ ਹੋਇਆ ਪਾਣੀ ਪਾਸ ਪਹੁੰਚਿਆ। ਉਥੇ ਇਕ ਪ੍ਰੇਮੀ ਨੇ ਕਿਹਾ ਕਿ ਦੋ ਪੈਸੇ ਦਾ ਇਕ ਗਿਲਾਸ ਮਿਲਦਾ ਹੈ। ਦੋ ਪੈਸੇ ਦੇਹ, ਤੂੰ ਪਿਆਸ ਬੁਝਾ ਸਕਦਾ ਹੈਂ। ਪਰ ਇਸ ਨੂੰ ਦੋ ਪੈਸੈ ਨਹੀਂ ਮਿਲਦੇ। ਇਹ ਮਿੰਨਤਾਂ ਕਰਦਾ ਹੈ ਕਿ ਮੇਰਾ ਗਲ ਪਾਣੀ ਬਿਨਾਂ ਖੁਸ਼ਕ ਹੋ ਰਿਹਾ ਹੈ, ਤੁਸੀਂ

ਮੇਰੇ ਤੇ ਤਰਸ ਕਰੋ, ਮੈਨੂੰ ਪਾਣੀ ਮੁਫਤ ਪਿਲਾ ਦੇਵੋ ਪਰ ਉਹ ਨਹੀਂ ਪਿਲਾ ਰਹੇ। ਜਦੋਂ ਇਸ ਨੂੰ ਜਾਗ ਆਉਂਦੀ ਹੈ ਤਾਂ ਹੈਰਾਨ ਹੁੰਦਾ ਹੈ ਕਿ ਮੇਰੇ ਸਰ੍ਹਾਣੇ ਤਾਂ ਇਕ ਲੱਖ ਰੁਪਿਆ ਪਿਆ ਸੀ, ਮੈਂ ਉਸ ਨੂੰ ਕਿਉਂ ਨਾ ਵਰਤਿਆ। ਸੋ ਐਸੀ ਹਾਲਤ ਹੋ ਜਾਂਦੀ ਹੈ–

*ਨਰਪਤਿ ਏਕ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥*
*ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥* *ਪੰਨਾ - 658*

*ਜਿਉ ਸੁਪਨੈ ਨਿਸਿ ਭੁਲੀਐ ਜਬ ਲਗਿ ਨਿਦ੍ਰਾ ਹੋਇ॥*
*ਇਉ ਸਰਪਨਿ ਕੈ ਵਸਿ ਜੀਅੜਾ ਅੰਤਰਿ ਹਉਮੈ ਦੋਇ॥*
*ਗੁਰਮਤਿ ਹੋਇ ਵੀਚਾਰੀਐ ਸੁਪਨਾ ਇਹੁ ਜਗੁ ਲੋਇ॥*
*ਪੰਨਾ - 63*

ਸੁਪਨੇ ਵਿਚ ਰਾਜਾ ਰਾਜ ਗੁਆ ਕੇ ਕੰਗਾਲ ਬਣ ਜਾਂਦਾ ਹੈ ਪਰ ਜਦੋਂ ਜਾਗ ਆਉਂਦੀ ਹੈ ਤਾਂ ਉਹ ਤਖਤ ਉਪਰ ਬੈਠਾ ਆਪਣੇ ਆਪ ਨੂੰ ਦੇਖਦਾ ਹੈ। ਇਕ ਛੋਟਾ ਜਿਹਾ ਨੀਂਦ ਦਾ ਝੌਂਕਾ ਉਸ ਨੂੰ ਬਾਦਸ਼ਾਹੀ ਭੁਲਾ ਕੇ ਕੰਗਾਲੀ ਵਿਚ ਲੈ ਗਿਆ। ਇਸੇ ਤਰ੍ਹਾਂ ਜਿਸ ਨੂੰ ਅਸੀਂ ਜਾਗ੍ਰਤ ਕਹਿੰਦੇ ਹਾਂ, ਇਹ ਇਕ ਲੰਮਾ ਸੁਪਨਾ ਹੈ, ਅਗਿਆਨਮਈ ਨੀਂਦ ਹੈ। ਸੁਪਨਾ ਇਕ ਰਾਤ ਦਾ ਹੁੰਦਾ ਹੈ ਅਤੇ ਇਹ ਜੀਵਨ 80-90 ਸਾਲ ਦਾ ਹੁੰਦਾ ਹੈ, ਪਰ ਹੈਨ ਦੋਨੋਂ ਹੀ ਸੁਪਨੇ। ਐਉਂ ਸਮਝ ਲਓ ਕਿ ਇਕ ਸੇਰ ਆਟਾ ਥੋੜ੍ਹੇ ਸਮੇਂ ਵਿਚ ਅਤੇ ਇਕ ਮਣ ਆਟਾ ਕਾਫੀ ਸਮੇਂ ਵਿਚ ਖਾਧਾ ਜਾਂਦਾ ਹੈ, ਪਰ ਖਾਧੇ ਦੋਵੇਂ ਹੀ ਜਾਣੇ ਹਨ। ਇਹ ਜੀਵਨ ਜਿਸ ਵਿਚ ਅਸੀਂ ਵਿਚਰ ਰਹੇ ਹਾਂ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਇਹ ਇਕ ਸੁਪਨਾ ਹੀ ਹੈ, ਅਸਲੀ ਜੀਵਨ ਇਨ੍ਹਾਂ ਸੁਪਨਿਆਂ ਤੋਂ ਉਪਰ ਹੈ। ਚੇਤਨਤਾ ਦੀਆਂ ਚਾਰ ਅਵਸਥਾਵਾਂ ਹੋਇਆ ਕਰਦੀਆਂ ਹਨ। ਇਕ ਅਵਸਥਾ ਉਹ ਹੈ ਜਦੋਂ ਅਸੀਂ ਘੂਕ ਨੀਂਦ ਵਿਚ ਸੁੱਤੇ ਪਏ ਹਾਂ, ਇਸ ਨੂੰ ਸਖੋਪਤ ਕਹਿੰਦੇ ਹਨ। ਦੂਜੀ ਸੁਪਨ ਅਵਸਥਾ, ਜਦੋਂ ਸੁਪਨੇ ਆ ਰਹੇ ਹੁੰਦੇ ਹਨ। ਤੀਜੀ ਜਾਗ੍ਰਤ ਅਵਸਥਾ, ਜਦੋਂ ਅਸੀਂ ਜਾਗਦੇ ਹਾਂ। ਚੌਥੀ ਤੁਰੀਆ ਹੋਇਆ ਕਰਦੀ ਹੈ ਜਦੋਂ ਅਸੀਂ ਅਸਲੀਅਤ ਪਛਾਣ ਲੈਂਦੇ ਹਾਂ। ਆਪਣੇ ਸਰੂਪ ਦਾ ਗਿਆਨ ਹੋ ਜਾਂਦਾ ਹੈ। ਉਥੇ ਸਾਰੇ ਭਰਮਾਂ ਦਾ ਨਾਸ਼ ਹੋ ਜਾਂਦਾ ਹੈ। ਤੱਤ ਗਿਆਨ ਵਿਚ ਇਸਦੀ ਹੋਂਦ ਪੂਰਨ ਤੌਰ ਤੇ ਵਾਹਿਗੁਰੂ ਜੀ ਵਿਚ ਲੀਨ ਹੋ ਜਾਂਦੀ ਹੈ ਅਤੇ ਪ੍ਰੇਮ ਚੇਤਨਤਾ ਦਾ ਲਿਸ਼ਕਾਰਾ ਵਜਦਾ ਹੈ, ਜੀਵ ਭਾਵ ਖਤਮ ਹੋ ਕੇ ਆਪਣੇ ਆਤਮ ਸਰੂਪ ਵਿਚ ਲੈਅ ਹੋ

ਜਾਂਦਾ ਹੈ, ਇਸ ਨੂੰ ਚੌਥਾ ਪਦ ਤ੍ਰਿਗੁਣ ਅਤੀਤ ਪਦਵੀ ਆਖਦੇ ਹਨ।

ਸੋ ਇਸ ਤਰ੍ਹਾਂ ਦੇ ਨਾਲ ਇਹ ਜੀਵ ਕ੍ਰੋੜਾਂ ਸਾਲਾਂ ਤੋਂ ਇਕ ਨੀਂਦ ਦੇ ਵਿਚ ਗੁਲਤਾਨ ਹੋਇਆ ਹੋਇਆ ਜੰਮਦਾ ਮਰਦਾ ਹੈ। ਕ੍ਰੋੜਾਂ ਬ੍ਰਹਿਮੰਡ ਇਸ ਨੂੰ ਨਜ਼ਰੀਂ ਪੈਂਦੇ ਹਨ। ਦੁਨੀਆਂ ਵਿਚ ਮਿਤਰ ਤੇ ਵੈਰੀ ਇਸ ਨੂੰ ਲਗਦੇ ਹਨ ਪਰ ਜਦੋਂ ਇਹ ਜਾਗ੍ਰਤ ਰੂਪੀ ਸੁਪਨੇ ਵਿਚੋਂ, ਤੱਤ ਅਵਸਥਾ ਵਿਚੋਂ ਜਾਗ ਪੈਂਦਾ ਹੈ ਉਸ ਵੇਲੇ ਇਸ ਨੂੰ ਪ੍ਰਮੇਸ਼ਰ ਤੋਂ ਬਗੈਰ ਕੋਈ ਦਿਸਦਾ ਹੀ ਨਹੀਂ। ਇਹ ਆਪਣੀ ਅਸਲੀ ਅਵਸਥਾ ਵਿਚ ਆ ਜਾਂਦਾ ਹੈ ਜਿਥੇ ਪੂਰਨ ਰੂਪ ਵਿਚ ਜਾਗ ਆ ਜਾਵੇ। ਇਹ ਅਵਸਥਾ ਪੂਰਨ ਤੱਤ ਬੇਤੇ ਮਹਾਂਪੁਰਸ਼ ਦੀ ਸੰਗਤ ਤੋਂ ਬਿਨਾਂ ਪ੍ਰਾਪਤ ਨਹੀਂ ਹੁੰਦੀ ਕਿਉਂਕਿ illusion (ਭੁੱਲ) ਜੋ ਹਮੇਸ਼ਾ ਜੀਵ ਨੂੰ ਘੇਰੀ ਰਖਦੀ ਹੈ ਅਤੇ ਅਗਿਆਨ ਦੀ ਹਨ੍ਹੇਰੀ ਵਿਚ ਧੱਕੀ ਰਖਦੀ ਹੈ। ਸੰਤਾਂ ਦਾ ਇਹ ਫਰਜ਼ ਹੋਇਆ ਕਰਦਾ ਹੈ ਕਿ ਜੀਵ ਨੂੰ ਅਗਿਆਨਤਾ ਦੀਆਂ ਹਨ੍ਹੇਰੀਆਂ ਖੱਡਾਂ ਵਿਚੋਂ ਕੱਢ ਕੇ ਗਿਆਨ ਤੱਤ, ਅਸਲੀ ਤੱਤ ਵਿਚ ਜਾਗ੍ਰਤ ਕੀਤਾ ਜਾਵੇ। ਸਾਰਾ ਰੋਲਾ ਹੰਗਤਾ ਤੇ ਮਮਤਾ ਨੇ ਪਾਇਆ ਹੋਇਆ ਹੈ। ਇਹ ਜੀਵ ਹੈ ਤਾਂ ਵਾਹਿਗੁਰੂ ਦਾ ਹੀ ਸਰੂਪ ਪਰ ਹਉਮੈ ਕਰਕੇ ਇਹ ਵਖਰਾਪੁਣ ਮਹਿਸੂਸ ਕਰਦਾ ਹੈ। ਜਿਵੇਂ ਘਰ ਵਿਚੋਂ ਹਨ੍ਹੇਰਾ ਬਾਹਰ ਕੱਢਣ ਲਈ ਪੱਖੇ (exhaust fan) ਲਾ ਦਿਤੇ ਜਾਣ, ਜਾਂ ਹੋਰ ਤਰੀਕੇ ਅਪਣਾ ਲਏ ਜਾਣ ਕਿ ਹਨ੍ਹੇਰਾ ਦੂਰ ਹੋ ਜਾਵੇ, ਪਰ ਫੇਰ ਵੀ ਹਨ੍ਹੇਰਾ ਦੂਰ ਨਹੀਂ ਹੁੰਦਾ।

ਮਹਾਂਪੁਰਸ਼ ਇਕ ਕਥਾ ਸੁਣਾਉਂਦੇ ਹਨ ਕਿ ਇਕ ਲੜਕੀ ਅਜਿਹੇ ਥਾਂ ਵਿਆਹੀ ਗਈ ਜਿਥੇ ਦੇ ਲੋਕ ਦਿਨੇ ਫਟਾ ਫਟ ਕੰਮ ਕਰਦੇ ਸਨ ਅਤੇ ਥੋੜ੍ਹਾ ਅਰਾਮ ਕਰ ਲੈਂਦੇ ਸਨ ਅਤੇ ਰਾਤ ਨੂੰ ਉਹ ਕੱਪੜੇ ਲੈ ਲੈ ਕੇ ਘਰਾਂ ਵਿਚੋਂ ਹਨ੍ਹੇਰੇ ਨੂੰ ਬਾਹਰ ਕੱਢਦੇ ਸਨ ਅਤੇ ਜਦੋਂ ਸਵੇਰੇ ਚਾਨਣਾ ਹੋਣਾ ਤਾਂ ਬੜੇ ਖੁਸ਼ ਹੋਣਾ ਤੇ ਕਹਿਣਾ ਕਿ ਅਸੀਂ ਹਨ੍ਹੇਰਾ ਢੋਹ ਲਿਆ ਹੈ ਤੇ ਚਾਨਣ ਹੋ ਗਿਆ ਹੈ। ਉਸ ਲੜਕੀ ਨੇ ਦੇਖਿਆ ਕਿ ਇਹ ਤਾਂ ਸਾਰੇ ਸਾਧਾਰਣ ਹਨ। ਇਨ੍ਹਾਂ ਨੂੰ ਨਹੀਂ ਪਤਾ ਕਿ ਹਨ੍ਹੇਰਾ ਕਿਵੇਂ ਦੂਰ ਹੁੰਦਾ ਹੈ। ਉਸ ਨੇ ਦਿਨ ਵਿਚ ਹੀ ਇਕ ਵੱਡਾ ਬਰਤਨ ਲਿਆ, ਉਸ ਵਿਚ ਰੂੰ ਦੀ ਬੱਤੀ ਪਾਈ, ਸਰ੍ਹੋਂ ਦਾ ਤੇਲ ਪਾ ਲਿਆ। ਉਸ ਨੇ ਜਦੋਂ ਹਨ੍ਹੇਰਾ ਹੋਇਆ ਤਾਂ ਸਾਰਿਆਂ ਨੂੰ ਕਿਹਾ ਕਿ ਤੁਸੀਂ ਅੱਜ ਹਨ੍ਹੇਰਾ ਨਹੀਂ ਢੋਣਾ ਮੈਂ ਇਕੱਲੀ ਹੀ ਇਸ ਹਨ੍ਹੇਰੇ ਨੂੰ ਕੱਢ ਦੇਵਾਂਗੀ। ਪਿੰਡ ਦੇ ਸਾਰੇ ਲੋਕ ਇਕੱਠੇ ਹੋ ਗਏ ਕਿ ਇਕ ਲੜਕੀ ਆਈ ਹੈ ਕਿ ਜਿਸ ਨੇ ਜਾਦੂ ਕਰਕੇ ਹਨ੍ਹੇਰਾ ਭਜਾ ਦੇਣਾ

ਹੈ। ਜਦੋਂ ਹਨ੍ਹੇਰਾ ਹੋ ਗਿਆ ਤਾਂ ਉਸ ਵੇਲੇ ਸਾਰੇ ਸਿਆਣੇ ਬੰਦੇ ਇਕੱਠੇ ਹੋਏ ਬੈਠੇ ਹਨ ਜਿਨ੍ਹਾਂ ਵਿਚ ਉਹ ਲੜਕੀ ਆਪਣਾ ਦੀਵਾ ਲਈ ਖੜ੍ਹੀ ਹੈ, ਉਨ੍ਹਾਂ ਬੰਦਿਆਂ ਨੇ ਕਿਹਾ ਕਿ ਹਨ੍ਹੇਰਾ ਤਾਂ ਵਧ ਰਿਹਾ ਹੈ, ਤੂੰ ਛੇਤੀ ਢੋਹ ਕੇ ਬਾਹਰ ਕਰ ਦੇ ਕਿਉਂਕਿ ਤੂੰ ਕਹਿੰਦੀ ਸੀ ਕਿ ਮੈਂ ਇਕੱਲੀ ਹੀ ਹਨ੍ਹੇਰਾ ਕੱਢ ਦੇਵਾਂਗੀ। ਉਸ ਵੇਲੇ ਉਸ ਲੜਕੀ ਨੇ ਅੱਗ ਲੈ ਕੇ ਦੀਵਾ ਜਲਾ ਦਿਤਾ ਅਤੇ ਉਹੋ ਜਿਹੇ ਦੀਵੇ ਕਈ ਘਰਾਂ ਵਿਚ ਜਲਾ ਦਿਤੇ ਅਤੇ ਸਾਰੇ ਖੁਸ਼ ਹੋ ਗਏ ਕਿ ਇਸ ਲੜਕੀ ਨੇ ਹਨ੍ਹੇਰਾ ਦੂਰ ਕਰ ਦਿਤਾ। ਸੋ ਇਸੇ ਤਰ੍ਹਾਂ ਨਾਲ ਸਾਡੀ ਚੇਤਨਤਾ ਉਪਰ ਅਗਿਆਨ ਦਾ ਹਨ੍ਹੇਰਾ ਪੂਰੀ ਤਰ੍ਹਾਂ ਨਾਲ ਛਾਇਆ ਹੋਇਆ ਹੈ ਜਿਥੇ ਪ੍ਰਕਾਸ਼ ਦੀ ਇਕ ਕਿਰਨ ਵੀ ਨਹੀਂ ਪਹੁੰਚਦੀ ਪਰ ਤੱਤ ਬੇਤੇ ਮਹਾਂਪੁਰਸ਼ ਗਿਆਨ ਦਾ ਪ੍ਰਕਾਸ਼ ਕਰਾ ਕੇ ਜਨਮਾਂ ਜਨਮਾਂਤਰਾਂ ਦਾ ਹਨ੍ਹੇਰਾ ਦੂਰ ਕਰਾ ਦਿਆ ਕਰਦੇ ਹਨ ਜਿਵੇਂ ਕਿ ਫੁਰਮਾਨ ਹੈ –

*ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥*
*ਪੰਨਾ - 204*

ਸੋ ਇਹ ਜਨਮਾਂ ਜਨਮਾਂਤਰਾਂ ਦਾ ਪਿਆ ਅਗਿਆਨ ਦਾ ਹਨ੍ਹੇਰਾ ਗਿਆਨ ਦੇ ਪ੍ਰਕਾਸ਼ ਬਿਨਾਂ ਦੂਰ ਨਹੀਂ ਹੋਇਆ ਕਰਦਾ। ਗਿਆਨ ਤੱਤ ਬੇਤੇ ਮਹਾਂਪੁਰਸ਼ ਦੇ ਸ਼ਰਨ ਵਿਚ ਆਏ ਤੋਂ ਬਿਨਾਂ ਪ੍ਰਾਪਤ ਨਹੀਂ ਹੋਇਆ ਕਰਦਾ, ਇਸ ਤਰ੍ਹਾਂ ਅਸੀਂ ਸੰਸਾਰ ਵਿਚ ਹਨ੍ਹੇਰੇ ਦਾ ਜੀਵਨ ਬਿਤਾ ਰਹੇ ਹਾਂ, ਅਗਿਆਨ ਹੋਣ ਕਰਕੇ ਆਪਣੇ ਬੇਗਾਨੇ, ਘਾਟੇ ਵਾਧੇ, ਦੁਖ ਸੁਖ ਨਜ਼ਰ ਆ ਰਹੇ ਹਨ ਪਰ ਜਦੋਂ ਅੰਦਰ ਅੰਤਰ ਆਤਮੇ ਪ੍ਰਕਾਸ਼ ਹੋ ਗਿਆ ਫੇਰ ਕੀ ਦਿਸਦਾ ਹੈ –

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥*

*ਪੰਨਾ - 846*

ਗੁਰੂ ਮਹਾਰਾਜ ਇਕ ਥਾਂ ਹੋਰ ਫੁਰਮਾਨ ਕਰਦੇ ਹਨ –

*ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥*
*ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥*
*ਸਭੁ ਆਤਮ ਰਾਮੁ ਪਛਾਣਿਆ ਤਾਂ ਇਕੁ ਰਵਿਆ ਇਕੋ*

*ਓਤਿ ਪੋਤਿ॥*
*ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ ਸ੍ਰਵਣ ਸਰੋਤਿ॥*
*ਜਨ ਨਾਨਕ ਨਾਮੁ ਸਲਾਹਿ ਤੂ ਸਚੁ ਸਚੇ ਸੇਵਾ ਤੇਰੀ ਹੋਤਿ॥* *ਪੰਨਾ - 309*

ਇਸ ਜੋਤ ਦੇ ਪ੍ਰਕਾਸ਼ ਵਿਚ ਜਦੋਂ ਅਸੀਂ ਆਪਣੇ ਅੰਦਰ ਖੋਜ ਕਰਦੇ ਹਾਂ ਅਸੀਂ ਉਸ ਅਸਥਾਨ ਤੇ ਪਹੁੰਚਦੇ ਹਾਂ ਜਿਥੇ ਮੈਂ ਭਾਵ ਪੂਰੀ ਤਰ੍ਹਾਂ ਮਿਟ ਚੁਕਿਆ ਹੁੰਦਾ ਹੈ। ਉਸ ਵੇਲੇ ਇਕੋ ਆਤਮਾ ਸਾਰੇ ਪ੍ਰਕਾਸ਼ ਵਿਚ ਅਨੁਭਵ ਹੁੰਦੀ ਹੈ ਜਿਵੇਂ ਕਿ ਉਪਰਲੇ ਮਹਾਂਵਾਕ ਵਿਚ ਫੁਰਮਾਨ ਆਇਆ ਹੈ ਕਿ ਸਭ ਪਸਾਰਾ ਆਤਮਾ ਦਾ ਕੀਤਾ ਨਜ਼ਰੀਂ ਪੈ ਰਿਹਾ ਹੈ ਜੋ ਅਸੀਂ ਇਕ ਮੰਨਿਆ, ਇਕ ਦੇਖਿਆ ਹੈ। ਜਿਨ੍ਹਾਂ ਨੇ ਇਸ ਨੂੰ ਪਰਪੱਕ ਰੂਪ ਵਿਚ ਦੇਖਿਆ ਹੈ ਉਨ੍ਹਾਂ ਦਾ ਫੁਰਮਾਨ ਹੈ -

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ ਹਰਿ ਕਾ ਰੂਪੁ ਹੈ*
*ਹਰਿ ਰੂਪੁ ਨਦਰੀ ਆਇਆ॥*
*ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ*
*ਹਰਿ ਬਿਨੁ ਅਵਰੁ ਨ ਕੋਈ॥*
*ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ*
*ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥* *ਪੰਨਾ - 922*

ਹੋਰ ਬਹੁਤ ਸਾਰੇ ਬਚਨ ਉਥੇ ਕੀਤੇ ਗਏ। 14 ਅਮਰੀਕਨ ਬਹੁਤ ਹੀ ਧਿਆਨ ਨਾਲ ਇਹ ਬਚਨ ਸੁਣ ਰਹੇ ਸਨ। ਜਦੋਂ ਮੈਂ ਸਮਾਂ ਦੇਖਿਆ ਤਾਂ ਸਵਾ ਦੋ ਘੰਟੇ ਲੰਘ ਚੁੱਕੇ ਸਨ, ਦਿਨ ਭਰ ਦੇ ਪ੍ਰੋਗਰਾਮ ਕਾਫੀ ਸਨ, ਬਹੁਤ ਸਾਰੇ ਘਰਾਂ ਵਿਚ ਚਰਨ ਪਾਉਣੇ ਸਨ। ਮੈਂ ਕਿਹਾ ਕਿ ਖਿਮਾ ਕਰਨਾ ਕਿ ਮੈਨੂੰ ਤਾਂ ਧਿਆਨ ਹੀ ਨਹੀਂ ਰਿਹਾ ਕਿ ਮੇਰਾ ਬਾਕੀ ਦਾ ਪ੍ਰੋਗਰਾਮ ਬਹੁਤ ਲੰਮਾ ਹੈ, ਉਹ ਵੀ ਇਸੇ ਸਮੇਂ ਵਿਚ ਪੂਰਾ ਕਰਨਾ ਹੈ। ਉਨ੍ਹਾਂ ਵਿਚ ਬਹੁਤ ਸਾਰੇ ਡਾਕਟਰ, ਸਾਇੰਸਦਾਨ ਡਾਕਟਰ ਰਾਓ ਜੀ ਦੇ ਨਾਲ ਆਏ ਸਨ। ਉਹ ਸਾਰੇ ਡਾਕਟਰ ਸਵਾਮੀ ਰਾਮ ਜੀ ਦੇ ਪ੍ਰੇਮੀ ਸਨ। ਪਿਛੋਂ ਉਨ੍ਹਾਂ ਦਾ ਫੋਨ ਆਇਆ ਕਿ ਅਸੀਂ ਕੈਨੇਡਾ, ਦੱਖਣੀ ਅਮਰੀਕਾ, ਆਸਟਰੇਲੀਆ, ਅਰਜਨਟਾਈਨਾ, ਮੈਕਸੀਕੋ ਅਤੇ ਯੂਰਪ ਵਿਚੋਂ 200-300 ਮੈਂਬਰ ਇਕੱਠੇ ਹੋ ਰਹੇ ਹਾਂ।

ਤੁਸੀਂ ਸਾਨੂੰ 25 ਮਾਰਚ ਨੂੰ ਚਾਰ ਘੰਟੇ ਦੋ ਦਿਨਾਂ ਵਿਚ ਸਵੇਰੇ ਸ਼ਾਮ ਇਕ-ਇਕ ਘੰਟਾ ਲੈਕਚਰ ਦੇ ਜਾਵੋ। ਉਹ ਟੈਲੀਫੋਨ ਪੈਨਸਨਵਾਲੀਆ ਨਿਉਯਾਰਕ ਦੇ ਕੋਲੋਂ ਆਇਆ ਸੀ ਪਰ ਮੇਰੇ ਕੋਲ ਸਮਾਂ ਨਾ ਹੋਣ ਕਰਕੇ ਜਵਾਬ ਦੇਣਾ ਪਿਆ। ਉਨ੍ਹਾਂ ਤੋਂ ਵਿਦਾ ਲੈ ਕੇ ਅਸੀਂ ਗੱਡੀਆਂ ਵਿਚ ਸਵਾਰ ਹੋ ਗਏ, ਮੇਰੇ ਨਾਲ ਬਹੁਤ ਸਾਰੀਆਂ ਕਾਰਾਂ ਸਨ, ਸਭ ਤੋਂ ਪਹਿਲਾਂ ਅਸੀਂ ਸਰਦਾਰ ਗੁਰਚਰਨ ਸਿੰਘ ਝੱਜ ਦੇ ਘਰ ਪੁਜਣ ਲਈ ਰਵਾਨਾ ਹੋਏ।

ਸਵਾ ਦੋ ਘੰਟੇ ਦਾ ਇਹ ਲੈਕਚਰ ਦੇਣਾ ਸਾਡੇ ਪ੍ਰੋਗਰਾਮ ਵਿਚ ਸ਼ਾਮਲ ਨਹੀਂ ਸੀ, ਇਸ ਲਈ ਰਾਜਮੁਨੀ ਜੀ ਅਤੇ ਡਾਕਟਰ ਰਾਓ ਜੀ ਤੋਂ ਵਿਦਾ ਲੈ ਕੇ ਅਸੀਂ ਆਪਣੇ ਪ੍ਰੋਗਰਾਮ ਅਨੁਸਾਰ ਕਾਰਾਂ ਵਿਚ ਬੈਠ ਗਏ, ਰਸਤੇ ਵਿਚ ਮੈਨੂੰ ਸ੍ਰੀ ਰਸ਼ਪਾਲ ਮਲਹੋਤਰਾ ਨੇ ਦਸਿਆ ਕਿ ਇਨ੍ਹਾਂ ਪ੍ਰੇਮੀਆਂ ਵਿਚ ਜੋ ਬਹੁਤ ਜੁਆਨ ਜਿਹੀ ਬੀਬੀ ਵੀ ਬੈਠੀ ਸੀ, ਉਹ ਬਹੁਤ ਮਾਲਦਾਰ ਹੈ। ਇਕ ਵਾਰੀ ਉਸ ਨੂੰ ਛਿਕਾਂ ਲਗ ਗਈਆਂ ਸਭ ਦਵਾਦਾਰੂ ਕਰਨ ਉਪਰੰਤ ਵੀ ਛਿਕਾਂ ਬੰਦ ਨਾ ਹੋਈਆਂ। ਉਹ ਸਵਾਮੀ ਜੀ ਪਾਸ ਪਹੁੰਚੀ। ਸਵਾਮੀ ਜੀ ਨੇ ਵਿਚਾਰ ਕੇ ਦੇਖ ਲਿਆ ਕਿ ਇਸ ਦੇ ਨੱਕ ਅੰਦਰ ਕੋਈ ਵਾਲ ਹੈ ਜੋ ਛਿਕਾਂ ਦਿਵਾਉਂਦਾ ਹੈ ਕਿਉਂਕਿ ਉਹ ਡਾਕਟਰ ਵੀ ਸਨ ਉਨ੍ਹਾਂ ਨੇ ਉਹ ਨੁਕਸ ਦੂਰ ਕਰ ਦਿਤਾ। ਛਿਕਾਂ ਇਕ ਦਮ ਬੰਦ ਹੋ ਗਈਆਂ। ਇਸ ਬੀਬੀ ਨੇ 3 ਮਿਲੀਅਨ ਡਾਲਰ ਦਾ ਚੈਕ ਬੜੇ ਅਭਿਮਾਨ ਭਰੇ ਤਰੀਕੇ ਨਾਲ ਸਵਾਮੀ ਜੀ ਵਲ ਸੁੱਟ ਕੇ ਕਿਹਾ ਕਿ ਮਿਸਟਰ ਸਵਾਮੀ ਇਹ ਚੁਕ ਲੈ, ਤੇਰੇ ਕੰਮ ਆਵੇਗਾ। ਸਵਾਮੀ ਜੀ ਨੇ ਦੇਖਿਆ ਕਿ ਇਸ ਬੀਬੀ ਦੇ ਮਨ ਵਿਚ ਆਪਣੀ ਦੌਲਤ ਦਾ ਬਹੁਤ ਅਭਿਮਾਨ ਹੈ, ਜੋ ਇਸ ਦੇ ਜੀਵਨ ਨੂੰ ਨਸ਼ਟ ਕਰ ਦੇਵੇਗਾ। ਉਹ ਸਾਧੂ ਸਨ, ਸਾਧੂ ਸਦਾ ਹੀ ਬੇਪ੍ਰਵਾਹ ਹੋਇਆ ਕਰਦੇ ਹਨ, ਜੇ ਉਹ ਆਪਣੇ ਸ਼ਰਧਾਲੂਆਂ ਤੋਂ ਭੇਟਾਵਾਂ ਲੈਂਦੇ ਹਨ ਤਾਂ ਉਨ੍ਹਾਂ ਦਾ ਖਿਆਲ ਇਹ ਹੁੰਦਾ ਹੈ ਕਿ ਇਨ੍ਹਾਂ ਦੀ ਮਾਇਆ ਕਿਸੇ ਸੁਚੱਜੇ ਥਾਂ ਲਾ ਕੇ ਸਫਲੀ ਕਰੀਏ ਤਾਂ ਕਿ ਇਨ੍ਹਾਂ ਦੇ ਵਿਘਨ ਦੂਰ ਹੋ ਜਾਣ, ਹੋਰ ਸੰਤਾਂ ਦਾ ਇਹ ਮਤਲਬ ਨਹੀਂ ਹੋਇਆ ਕਰਦਾ ਕਿ ਸ਼ਰਧਾਲੂਆਂ ਦੀ ਮਾਇਆ ਨਾਲ ਆਪਣੇ ਬੈਂਕ ਭਰ ਲੈਣ। ਸੋ ਇਸ ਬੀਬੀ ਨੇ ਚੈਕ ਬੜੇ ਅਭਿਮਾਨ ਨਾਲ ਲਿਖਿਆ ਅਤੇ ਸਵਾਮੀ ਜੀ ਦੇ ਅੱਗੇ ਸੁੱਟ ਦਿਤਾ ਅਤੇ ਕਿਹਾ ਕਿ ਲੈ ਚੁਕ ਲੈ ਸਵਾਮੀ, ਤੇਰੇ ਕੰਮ ਆਵੇਗਾ। ਉਨ੍ਹਾਂ ਨੇ ਇਸ ਗੱਲ ਨੂੰ ਅੱਛਾ ਨਾ ਸਮਝਿਆ ਅਤੇ ਕਿਹਾ ਕਿ ਇਸ ਬੀਬੀ ਅੰਦਰ ਮਾਇਆ ਦਾ ਬਹੁਤ

ਅਭਿਮਾਨ ਹੈ, ਇਹ ਸਾਧੂਆਂ ਨੂੰ ਮੰਗਤੇ ਹੀ ਸਮਝਦੀ ਹੈ, ਉਨ੍ਹਾਂ ਨੇ ਉਹ ਚੈਕ ਚੁਕਿਆ ਅਤੇ ਉਸ ਦੇ 15-20 ਟੁਕੜੇ ਕਰਕੇ ਕਿਹਾ ਕਿ ਇਹ ਲੈ ਜਾ, ਸਾਨੂੰ ਤੇਰੀ ਅਭਿਮਾਨ ਭਰੀ ਮਾਇਆ ਦੀ ਲੋੜ ਨਹੀਂ। ਇਸ ਬੀਬੀ ਨੂੰ ਉਸ ਸਮੇਂ ਸਮਝ ਆਈ ਕਿ ਸਾਧੂ ਨਿਰਚਾਹ, ਬੇਲੋੜੇ, ਬੇਪ੍ਵਾਹ ਹੁੰਦੇ ਹਨ, ਉਸ ਵੇਲੇ ਇਸ ਨੂੰ ਆਪਣੀ ਭੁੱਲ ਦਾ ਅਹਿਸਾਸ ਹੋਇਆ। ਇਸ ਨੇ ਸਵਾਮੀ ਜੀ ਤੋਂ ਮਾਫੀ ਮੰਗੀ ਤੇ ਕਹਿਣ ਲੱਗੀ ਕਿ ਮੇਰੇ ਤੋਂ ਭੁੱਲ ਹੋ ਗਈ। ਮੈਂ ਆਪ ਦੀ ਹਸਤੀ ਨੂੰ ਪਹਿਚਾਣ ਨਾ ਸਕੀ। ਉਸ ਸਮੇਂ ਤੋਂ ਹੀ ਉਹ ਸਤਿਸੰਗ ਕਰ ਰਹੀ ਸੀ। ਅੱਜ ਉਹ ਸਤਿਸੰਗ ਕਰ ਰਹੀ ਸੀ ਅਤੇ ਡਾਕਟਰ ਰਾਓ ਜੀ ਦੇ ਦੱਸਣ ਤੇ ਉਹ ਮੇਰੇ ਪਾਸ ਸ਼ਿਕਾਗੋ ਆਈ ਸੀ। ਉਸ ਨੇ ਪ੍ਵਚਨ ਬਹੁਤ ਧਿਆਨ ਨਾਲ ਸੁਣੇ ਸਨ, ਇਹ ਗੱਲ ਮੈਨੂੰ ਸ੍ਰੀ ਰਸ਼ਪਾਲ ਮਲਹੋਤਰਾ ਜੀ ਨੇ ਗੱਡੀ ਵਿਚ ਹੀ ਦੱਸੀ। ਗੱਲਾਂ ਕਰਦੇ ਕਰਦੇ ਅਸੀਂ ਸਰਦਾਰ ਗੁਰਚਰਨ ਸਿੰਘ ਝੱਜ ਦੇ ਨਿਵਾਸ ਅਸਥਾਨ ਤੇ ਪਹੁੰਚ ਗਏ, ਉਨ੍ਹਾਂ ਦੇ ਬਾਲ ਬੱਚੇ ਅਤੇ ਪੜੌਸੀ ਰਿਸ਼ਤੇਦਾਰ ਜੋ ਉਨ੍ਹਾਂ ਨੇ ਬੁਲਾਏ ਹੋਏ ਸਨ, ਉਹ ਸਾਰੇ ਮੈਨੂੰ ਮਿਲੇ, ਮਿਸਿਜ਼ ਝੱਜ ਜਦੋਂ ਮੇਰੇ ਸਾਮ੍ਹਣੇ ਆਈ ਤਾਂ ਮੈਂ ਪੁਛਿਆ ਬੇਟਾ! ਕਲ੍ਹ ਜਦੋਂ ਅਸੀਂ airport (ਹਵਾਈ ਅੱਡੇ) ਤੋਂ ਆ ਰਹੇ ਸੀ ਤਾਂ ਅਚਾਨਕ ਤੇਰੇ ਅੱਖਾਂ ਵਿਚ ਹੰਝੂ ਕਿਉਂ ਆ ਗਏ ਸਨ? ਉਥੇ ਬੈਠੇ ਸੱਜਣਾਂ ਵਿਚ ਕਈ ਬੋਲ ਉਠੇ ਕਿ ਬਾਬਾ ਜੀ ਇਸ ਪਰਿਵਾਰ ਨਾਲ ਬੜੀ ਦੁਰਘਟਨਾ ਹੋਈ ਹੈ। 24 ਸਾਲ ਦਾ ਲਾਇਕ ਬੱਚਾ ਜਿਸ ਨੇ ਪੜ੍ਹਾਈ ਲਿਖਾਈ ਵਿਚ ਬਹੁਤ ਉਚੀ ਪੋਜ਼ੀਸ਼ਨ ਲਈ ਹੋਈ ਸੀ ਉਹ ਅਚਾਨਕ ਹੀ ਇਸ ਸੰਸਾਰ ਉਪਰੋਂ ਚਲਿਆ ਗਿਆ, ਅੱਜ ਇਕ ਮਹੀਨਾ ਹੋ ਚੁਕਿਆ ਹੈ। ਉਸ ਵੇਲੇ ਬੀਬੀ ਨੇ ਦਸਿਆ ਕਿ ਉਹ ਬੱਚਾ ਬਹੁਤ ਹੀ ਲਾਇਕ ਸੀ, ਬਹੁਤ ਪਿਆਰ ਕਰਦਾ ਸੀ, ਇਹ ਅੱਜ ਤਕ ਸਾਨੂੰ ਨਹੀਂ ਪਤਾ ਲਗ ਸਕਿਆ ਕਿ ਉਸ ਨੇ ਖ਼ੁਦਕਸ਼ੀ ਕਿਉਂ ਕਰ ਲਈ। ਕਹਿਣ ਲੱਗੀ ਕਿ ਮੈਂ ਨਾਲ ਦੇ ਕਮਰੇ ਵਿਚ ਬੈਠੀ ਸੀ, ਅਚਾਨਕ ਗੋਲੀ ਦੀ ਅਵਾਜ਼ ਸੁਣ ਕੇ ਮੈਂ ਜਦੋਂ ਗਈ ਤਾਂ ਮੇਰਾ ਲਾਡਲਾ ਪੁੱਤਰ ਖ਼ੂਨ ਵਿਚ ਲੱਥਪੱਥ ਹੋਇਆ ਪਿਆ ਸੀ। ਪਹਿਲਾਂ ਮਨ ਵਿਚ ਇਹ ਸੋਚ ਫੁਰੀ ਕਿ ਮੈਂ ਵੀ ਆਪਣੇ ਗੋਲੀ ਮਾਰ ਲਵਾਂ ਤੇ ਆਪਣੇ ਜੀਵਨ ਦਾ ਖ਼ਾਤਮਾ ਕਰ ਦੇਵਾਂ। ਕਾਰਨ ਇਹ ਸੀ ਕਿ ਮੇਰੇ ਤੋਂ ਇਹ ਦੁੱਖ ਝੱਲਿਆ ਨਹੀਂ ਸੀ ਜਾਣਾ, ਬੜੀਆਂ ਰੀਝਾਂ ਨਾਲ ਬੱਚਾ ਪਾਲਿਆ ਸੀ। ਪਤਾ ਨਹੀਂ ਉਹ ਕਿਹੜਾ ਕਾਰਨ ਹੋਇਆ ਕਿ ਉਸ ਨੇ ਆਪਣੇ ਜੀਵਨ ਦਾ ਅੰਤ ਕਰ ਲਿਆ। ਮੈਂ ਅਜੇ ਇਨ੍ਹਾਂ

ਉਧੇੜ ਬੁਣ ਦੇ ਖਿਆਲ ਵਿਚ ਹੀ ਸੀ ਕਿ 'ਆਤਮ ਮਾਰਗ' ਡਾਕ ਵਿਚ ਆ ਗਿਆ, ਮੈਂ ਉਠ ਕੇ ਚੁਕਿਆ ਵਿਚਾਲਿਓਂ ਖੋਲ੍ਹਿਆ ਤਾਂ ਉਸ ਵਿਚ ਰਾਜਕੁਮਾਰੀ ਭਾਈ ਤਿਲੋਕੇ ਨੂੰ ਕਹਿ ਰਹੀ ਸੀ ਕਿ ਮੈਂ ਤੇਰੇ ਇਸ ਸੰਸਾਰ ਤੋਂ ਜਾਣ ਪਿਛੋਂ ਜਿਉਂਦੀ ਨਹੀਂ ਰਹਿਣਾ, ਮੈਂ ਉਹੀ ਤੀਰ ਆਪਣੇ ਸੀਨੇ ਵਿਚ ਮਾਰ ਕੇ ਮਰ ਜਾਵਾਂਗੀ, ਜਿਸ ਨੇ ਤੈਨੂੰ ਐਨੀ ਤਕਲੀਫ ਦਿਤੀ ਹੈ। ਉਸ ਵੇਲੇ ਭਾਈ ਤਿਲੋਕਾ ਜੀ ਉਸ ਨੂੰ ਸਮਝਾ ਰਹੇ ਸਨ ਕਿ ਬੀਬਾ! ਖੁਦਕਸ਼ੀ ਕਰਕੇ ਮਿਲਾਪ ਨਹੀਂ ਹੋਇਆ ਕਰਦਾ। ਇਸ ਤਰ੍ਹਾਂ ਦੇ ਉਸ ਵਿਚ ਬਹੁਤ ਸਾਰੇ ਬਚਨ ਲਿਖੇ ਹੋਣ ਕਰਕੇ ਮੇਰੇ ਅੰਦਰ ਰੋਸ਼ਨੀ ਆ ਗਈ ਅਤੇ ਮੁੜ ਕੇ ਜੀਵਨ ਜਿਉਣ ਦਾ ਉਤਸ਼ਾਹ ਪੈਦਾ ਹੋ ਗਿਆ। ਕਹਿਣ ਲੱਗੀ ਪਿਤਾ ਜੀ! ਮੇਰਾ ਜੀਵਨ 'ਆਤਮ ਮਾਰਗ' ਨੇ ਬਚਾ ਲਿਆ, ਮੇਰੇ ਨਾਲ ਬਹੁਤ ਸਾਰੇ ਪ੍ਰੇਮੀ ਸਨ, ਜੋ ਇਹ ਬਚਨ ਸੁਣ ਕੇ ਹੈਰਾਨ ਹੋਏ।

ਬੀਬੀ ਨੇ ਸਹਿਜ ਨਾਲ ਹੀ ਪੁਛਿਆ ਕਿ ਬਾਬਾ ਜੀ ਜੀਵ ਸਰੀਰ ਛੱਡ ਕੇ ਚਲਿਆ ਕਿਥੇ ਜਾਂਦਾ ਹੈ? ਮੈਂ ਕਿਹਾ, "ਬੇਟਾ! ਇਹ ਪ੍ਰਸ਼ਨ ਬਹੁਤ ਲੰਮਾ ਹੈ, ਪਰ ਸੰਖੇਪ ਵਿਚ ਮੈਂ ਤੈਨੂੰ ਦਸਦਾ ਹਾਂ ਕਿ ਗੁਰੂ ਮਹਾਰਾਜ ਦੀ ਬਾਣੀ ਵਿਚ ਵੀ ਇਹ ਪ੍ਰਸ਼ਨ ਆਉਂਦਾ ਹੈ –

***ਕਿਥਹੁ ਉਪਜੈ ਕਹ ਰਹੈ ਕਹ ਮਾਹਿ ਸਮਾਵੈ॥***<br>***ਜੀਅ ਜੰਤ ਸਭਿ ਖਸਮ ਕੇ ਕਉਣੁ ਕੀਮਤਿ ਪਾਵੈ॥***<br>***ਪੰਨਾ – 1193***

ਉਂਝ ਗੁਰੂ ਮਹਾਰਾਜ ਜੀ ਨੇ ਕਈ ਥਾਂ ਸਪਸ਼ਟ ਕਰਕੇ ਦਸਿਆ ਹੈ ਕਿ ਸੰਸਾਰ ਵਿਚ ਜੋ ਜੀਵ ਆਉਂਦੇ ਹਨ ਉਨ੍ਹਾਂ ਦੀ ਗਤੀ ਸੰਸਾਰ ਵਿਚ ਕੀਤੇ ਹੋਏ ਚੰਗੇ ਮੰਦੇ ਕੰਮਾਂ ਦੇ ਮੁਤਾਬਿਕ ਹੋਇਆ ਕਰਦੀ ਹੈ, ਜਿਨ੍ਹਾਂ ਨੂੰ ਅਸੀਂ ਕਰਮ ਆਖਦੇ ਹਾਂ। ਜ਼ਿੰਦਗੀ ਭਰ ਅਸੀਂ ਜੀਵਨ ਜੀਉਣ ਲਈ ਘੋਲ ਕਰਦੇ ਹਾਂ, ਸਾਡੇ ਅੰਦਰ ਕਈ ਕਿਸਮ ਦੇ ਸੰਸਕਾਰ ਪੱਕ ਜਾਂਦੇ ਹਨ, ਅੰਤ ਦੇ ਸਮੇਂ ਜੋ ਸੰਸਕਾਰ ਸਾਡੇ ਅੰਦਰ ਗਹਿਰਾ ਹੈ ਉਸ ਬਾਰੇ ਸਾਨੂੰ ਖਿਆਲ ਆ ਜਾਂਦਾ ਹੈ, ਉਸ ਦੇ ਮੁਤਾਬਿਕ ਹੀ ਗਤੀ ਮਿਲਦੀ ਹੈ। ਜੇ ਅੰਤ ਸਮੇਂ ਮਕਾਨ ਵਿਚ ਧਿਆਨ ਰਹਿ ਗਿਆ ਤਾਂ ਪ੍ਰੇਤ ਬਣ ਜਾਈਦਾ ਹੈ। ਜੇ ਪੈਸਾ ਧਿਆਨ ਵਿਚ ਰਹਿ ਜਾਵੇ ਤਾਂ ਸੱਪ ਬਣ ਜਾਂਦਾ ਹੈ, ਇਸ ਤਰ੍ਹਾਂ ਜਿਹੋ ਜਿਹਾ ਅੰਤ ਵਿਚ ਧਿਆਨ ਰਹੇ ਓਹੋ ਜਿਹੀ ਗਤੀ ਪ੍ਰਾਪਤ ਹੋਇਆ ਕਰਦੀ ਹੈ। ਸੰਖੇਪ ਵਿਚ ਮੈਂ ਦਸਿਆ ਕਿ ਗੁਰੂ ਦਸ਼ਮੇਸ਼ ਪਿਤਾ ਜੀ ਜਦੋਂ ਦੱਖਣ ਵਿਚ ਜਾ ਕੇ ਬੰਦੇ ਬਹਾਦਰ ਨੂੰ ਮਿਲਦੇ ਹਨ ਤਾਂ ਬੰਦਾ

ਬਹਾਦਰ ਗੁਰੂ ਮਹਾਰਾਜ ਜੀ ਦੇ ਉਚ ਪਾਏ ਦੇ ਜੀਵਨ ਅਤੇ ਫਲਸਫੇ ਨੂੰ ਅਨੁਭਵ ਕਰਕੇ ਸੇਵਕ ਬਣ ਗਿਆ। ਗੁਰੂ ਮਹਾਰਾਜ ਨੇ ਉਸ ਨੂੰ ਪੁਛਿਆ, "ਮਾਧੋਦਾਸ! ਤੇਰਾ ਗੁਰੂ ਕੌਣ ਸੀ ਅਤੇ ਹੁਣ ਕਿਥੇ ਹੈ?" ਬੰਦਾ ਬਹਾਦਰ ਜਿਸ ਦਾ ਨਾਮ ਉਸ ਸਮੇਂ ਮਾਧੋਦਾਸ ਸੀ, ਨੇ ਦਸਿਆ ਕਿ ਮੇਰੇ ਗੁਰੂ ਤਾਂ ਬ੍ਰਹਮਲੀਨ ਹੋ ਚੁਕੇ ਹਨ ਉਹ ਬਹੁਤ ਕਰਨੀ ਕਮਾਈ ਵਾਲੇ ਸਨ, ਕਿਉਂਕਿ ਸੁਪਨੇ ਵਿਚ ਵੀ ਉਨ੍ਹਾਂ ਦੇ ਦਰਸ਼ਨ ਨਹੀਂ ਹੋਏ। ਰਿਧੀਆਂ ਸਿਧੀਆਂ ਉਨ੍ਹਾਂ ਦੇ ਪਿਛੇ ਮਾਇਆ ਦੇ ਪਰਛਾਵੇਂ ਵਾਂਗੂੰ ਲੱਗੀਆਂ ਰਹਿੰਦੀਆਂ ਸਨ। ਉਹ ਬਹੁਤ ਮਹਾਨ ਸਨ, ਸਰੀਰ ਛੱਡਣ ਤੋਂ ਬਾਅਦ ਉਹ ਬ੍ਰਹਮਲੀਨ ਹੋ ਚੁੱਕੇ ਹੋਣਗੇ। ਉਸ ਵੇਲੇ ਗੁਰੂ ਮਹਾਰਾਜ ਜੀ ਸੁਣ ਕੇ ਮੁਸਕਰਾਏ ਅਤੇ ਕਹਿਣ ਲੱਗੇ ਠੀਕ ਹੈ ਮਾਧੋਦਾਸ! ਉਹ ਦ੍ਰਿਸ਼ਟੀ ਹੋਰ ਹੈ ਜਿਹੜੀ ਰੂਹਾਂ ਨੂੰ ਦੇਖ ਲੈਂਦੀ ਹੈ। ਉਸ ਨੇ ਚਰਨਾਂ ਤੇ ਨਮਸ਼ਕਾਰ ਕੀਤੀ ਅਤੇ ਕਿਹਾ ਕਿ ਜੇ ਤੁਹਾਨੂੰ ਪਤਾ ਹੈ ਤਾਂ ਕ੍ਰਿਪਾ ਕਰਕੇ ਮੈਨੂੰ ਦੱਸੋ ਤੇ ਮੇਰੇ ਗੁਰੂ ਜੀ ਦੇ ਦਰਸ਼ਨ ਵੀ ਕਰਾਓ। ਮਹਾਰਾਜ ਜੀ ਪਲੰਘ ਤੇ ਬਿਰਾਜਮਾਨ ਸਨ, ਕਹਿਣ ਲੱਗੇ ਮਾਧੋਦਾਸ! ਇਹ ਬਿੱਲ ਦਾ ਦਰਖਤ ਹੈ ਇਹਦੇ ਉਤੇ ਦੇਖ, ਜੋ ਸਭ ਤੋਂ ਉਚਾ ਬਿਲ ਹੈ ਉਸ ਨੂੰ ਤੋੜ ਕੇ ਸਾਡੇ ਪਾਸ ਲਿਆ, ਹੁਕਮ ਦੀ ਤਾਮੀਲ ਹੋ ਗਈ। ਇਕ ਸੇਵਕ ਨੇ ਉਹ ਬਿੱਲ ਤੋੜਿਆ ਗੁਰੂ ਮਹਾਰਾਜ ਜੀ ਨੇ ਕਿਹਾ, ਮਾਧੋਦਾਸ ਇਸ ਨੂੰ ਤੋੜ, ਤੋੜਨ ਉਪਰੰਤ ਕੀ ਦੇਖਦੇ ਹਨ ਕਿ ਉਹਦੇ ਵਿਚੋਂ ਇਕ ਵੱਡਾ ਕੀੜਾ ਫਲ ਖਾ ਰਿਹਾ ਹੈ। ਕਹਿਣ ਲੱਗੇ ਇਹ ਤੇਰਾ ਗੁਰੂ ਹੈ, ਹੈਰਾਨ ਹੋ ਗਿਆ, ਮੇਰੇ ਗੁਰੂ ਦੀ ਇਹ ਗਤੀ? ਪੁਛਣ ਲੱਗਿਆ ਤਾਂ ਗੁਰੂ ਮਹਾਰਾਜ ਨੇ ਕਿਹਾ ਕਿ ਤੂੰ ਇਸ ਤੋਂ ਹੀ ਪੁਛ ਲੈ। ਮਹਾਰਾਜ ਜੀ ਨੇ ਉਹ ਸ਼ਕਤੀ ਦੇ ਦਿਤੀ ਜਿਸ ਸ਼ਕਤੀ ਅਨੁਸਾਰ ਆਦਮੀ ਸਾਰੀ ਸ੍ਰਿਸ਼ਟੀ ਦੇ ਭਾਵਾਂ ਨੂੰ ਸਮਝ ਸਕਦਾ ਹੈ। ਗੁਰੂ ਮਹਾਰਾਜ ਜੀ ਨੇ ਪਰਾ ਬਾਣੀ ਸਮਝਣ ਦੀ ਸ਼ਕਤੀ ਦੇ ਦਿਤੀ, ਉਸ ਨੇ ਸੁਣਿਆ ਕਿ ਉਸ ਦਾ ਗੁਰੂ ਕਹਿ ਰਿਹਾ ਹੈ ਮਾਧੋਦਾਸ! ਤੂੰ ਇਨ੍ਹਾਂ (ਗੁਰੂ ਗੋਬਿੰਦ ਸਿੰਘ ਜੀ) ਦੇ ਚਰਨ ਨਾ ਛੱਡੀ, ਇਹ ਤੇਰੀ ਕਲਿਆਣ ਵਾਸਤੇ ਹੀ ਆਏ ਹਨ। ਜਦੋਂ ਉਸ ਨੇ ਪੁਛਿਆ ਕਿ ਤੁਹਾਡੀ ਇਹ ਗਤੀ ਕਿਵੇਂ ਹੋ ਗਈ? ਤਾਂ ਉਸ ਨੇ ਕਿਹਾ ਕਿ ਜਦੋਂ ਮੈਂ ਸਰੀਰ ਛੱਡ ਰਿਹਾ ਸੀ ਤਾਂ ਮੇਰੀ ਸੁਰਤੀ ਪੱਕੇ ਹੋਏ ਬਿਲ ਦੇ ਵਿਚ ਚਲੀ ਗਈ ਅਤੇ ਫੁਰਨਾ ਹੋਇਆ ਕਿ ਮੈਂ ਬਿਲ ਨਹੀਂ ਖਾਧਾ, ਉਸ ਵੇਲੇ ਤੋਂ ਮੈਂ ਕੀੜਾ ਬਣ ਕੇ ਇਨ੍ਹਾਂ ਬਿਲਾਂ ਵਿਚ ਰਹਿ ਰਿਹਾ ਹਾਂ। ਹੁਣ ਤਾਂ ਗੁਰੂ ਮਹਾਰਾਜ ਨੇ

ਮੇਰੀ ਕਲਿਆਣ ਕਰ ਦਿਤੀ।

ਇਕ ਵਾਰੀ ਜਹਾਂਗੀਰ ਸ਼ਿਕਾਰ ਖੇਲ੍ਹ ਰਿਹਾ ਸੀ, ਗੁਰੂ ਮਹਾਰਾਜ ਨਾਲ ਸਨ। ਫੌਜ ਨਾਲ ਹੈ, ਬਹੁਤ ਵੱਡਾ ਇਕੱਠ ਹੋਇਆ ਹੋਇਆ ਹੈ ਕਿਉਂਕਿ ਦਸਣ ਵਾਲਿਆਂ ਨੇ ਇਹ ਦਸਿਆ ਕਿ ਜੰਗਲ ਵਿਚ ਬਹੁਤ ਬਲੀ ਸ਼ੇਰ ਹੈ ਜੋ ਕਾਬੂ ਆਉਣ ਦੀ ਥਾਂ ਬੰਦੇ ਨੂੰ ਹੀ ਮਾਰ ਦਿੰਦਾ ਹੈ। ਜਦੋਂ ਜਹਾਂਗੀਰ ਨੇ ਉਹ ਸ਼ੇਰ ਵੇਖਿਆ ਤਾਂ ਹੁਕਮ ਕੀਤਾ ਇਸ ਉਪਰ ਇਕੱਠੇ ਵਾਰ ਕਰੋ, ਇਹ ਬਹੁਤ ਵੱਡਾ ਸ਼ੇਰ ਹੈ, ਇਹ ਇਕੱਲੇ ਆਦਮੀ ਦੇ ਮਾਰਨ ਦਾ ਨਹੀਂ। ਜਹਾਂਗੀਰ ਸਮੇਤ ਸਾਰੇ ਪਹਿਲਾਂ ਹੀ ਡਰੇ ਹੋਏ ਸਨ ਕਿਉਂਕਿ ਹਾਥੀ ਵੀ ਪਿਸ਼ਾਬ ਕਰ ਰਹੇ ਸਨ, ਘੋੜੇ ਵੀ ਲਿੱਦ ਕਰ ਰਹੇ ਸਨ, ਸ਼ਿਕਾਰੀ ਕੁੱਤੇ ਤਾਂ ਪਤਾ ਨਹੀਂ ਡਰ ਕੇ ਕਿੱਧਰ ਨੱਠ ਗਏ। ਜਦੋਂ ਉਸ ਨੇ ਬੇਬਸੀ ਪ੍ਰਗਟ ਕੀਤੀ ਤਾਂ ਗੁਰੂ ਮਹਾਰਾਜ ਜੀ ਢਾਲ ਤੇ ਤਲਵਾਰ ਲੈ ਕੇ ਅੱਗੇ ਵੱਧੇ, ਸ਼ੇਰ ਨੂੰ ਚੈਲਿੰਜ ਕੀਤਾ ਅਤੇ ਉਸ ਨੇ ਪੂਰੇ ਜ਼ੋਰ ਨਾਲ ਪਿਛੇ ਹਟ ਕੇ ਛਲਾਂਗ ਭਰੀ ਤੇ ਆਪਣੀ ਗਰਜ ਗੁੰਜਾਈਂ। ਗੁਰੂ ਮਹਾਰਾਜ ਜੀ ਨੇ ਉਸ ਦਾ ਵਾਰ ਅਤੇ ਉਸ ਦੇ ਪੰਜੇ ਢਾਲ ਤੇ ਰੋਕ ਕੇ ਉਸ ਦਾ ਲੱਕ ਕੱਟ ਦਿਤਾ। ਇਕ ਅਜੀਬ ਬਾਤ ਹੋਈ ਕਿ ਜਦੋਂ ਉਹ ਸ਼ੇਰ ਮਰਿਆ ਤਾਂ ਜਹਾਂਗੀਰ ਨੇ ਇਕ ਪ੍ਰਕਾਸ਼ ਦੇਖਿਆ ਜੋ ਉਸ ਸ਼ੇਰ ਵਿਚੋਂ ਨਿਕਲਿਆ ਸੀ, ਉਸ ਵੇਲੇ ਉਸ ਨੇ ਗੁਰੂ ਮਹਾਰਾਜ ਨੂੰ ਬੇਨਤੀ ਕੀਤੀ ਕਿ ਜਾਨਵਰ ਤਾਂ ਬਹੁਤ ਮਾਰੇ ਹਨ ਪਰ ਐਸ ਤਰ੍ਹਾਂ ਦਾ ਪ੍ਰਕਾਸ਼ ਨਹੀਂ ਕਦੇ ਦੇਖਿਆ। ਜਹਾਂਗੀਰ ਨੇ ਕਿਹਾ ਕਿ ਰੂਹ ਨੂੰ ਠਹਿਰਾ ਲਿਆ ਜਾਵੇ, ਉਸ ਰੂਹ ਤੋਂ ਪੁਛਿਆ ਤਾਂ ਉਸ ਨੇ ਦਸਿਆ ਕਿ ਮੈਂ ਤੇਰਾ ਚਾਚਾ ਹਾਂ। ਮੈਂ ਤੇਰੇ ਪਿਤਾ ਅਕਬਰ ਨਾਲ ਗੁਰੂ ਮਹਾਰਾਜ ਦੇ ਦਰਸ਼ਨ ਕਰਨ ਗਿਆ। ਉਥੇ ਅਸੂਲ ਸੀ ਕਿ ਪਹਿਲਾਂ ਲੰਗਰ ਵਿਚ ਪ੍ਰਸ਼ਾਦਾ ਛਕੋ ਫੇਰ ਗੁਰੂ ਮਹਾਰਾਜ ਦੇ ਦਰਸ਼ਨ ਕਰੋ। ਮੇਰੇ ਭਰਾ ਅਕਬਰ ਨੇ ਸਾਧਾਰਣ ਬੰਦਿਆਂ ਵਾਂਗੂੰ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਿਆ। ਉਸ ਉਪਰੰਤ ਉਹ ਗੁਰੂ ਮਹਾਰਾਜ ਕੋਲ ਜਦੋਂ ਗਿਆ ਤਾਂ ਉਹ ਸਿਜਦਾ ਕਰਕੇ ਬੈਠ ਰਿਹਾ ਸੀ ਉਸ ਵੇਲੇ ਮੇਰੇ ਮਨ ਵਿਚ ਤਰਕ ਆ ਗਈ ਕਿ ਮੇਰੇ ਭਰਾ ਨੂੰ ਪਤਾ ਨਹੀਂ ਕੀ ਹੋ ਗਿਆ ਹੈ, ਇਹ ਇਸਲਾਮ ਦਾ ਧਾਰਨੀ ਹੋ ਕੇ ਕਾਫਰਾਂ ਨੂੰ ਮੱਥੇ ਟੇਕਦਾ ਹੈ ਅਤੇ ਉਨ੍ਹਾਂ ਤੋਂ ਲੈ ਲੈ ਕੇ ਖਾ ਰਿਹਾ ਹੈ। ਜਦੋਂ ਮੈਂ ਘਰ ਗਿਆ ਤਾਂ ਰਾਤ ਨੂੰ ਖਾਣਾ ਖਾਣ ਵੇਲੇ ਐਸੀ ਘਟਨਾ ਵਾਪਰੀ ਕਿ ਇਕ ਛੋਟੀ ਹੱਡੀ ਮੇਰੀ ਸਾਹ ਦੀ ਨਾਲੀ ਵਿਚ ਚਲ ਗਈ ਤੇ ਮੇਰੀ ਮੌਤ ਹੋ ਗਈ ਤੇ ਮੈਨੂੰ ਸ਼ੇਰ ਦੀ ਜੂਨੀ ਮਿਲ

ਗਈ। ਇਹ ਤਾਂ ਗੁਰੂ ਮਹਾਰਾਜ ਦੀ ਕ੍ਰਿਪਾ ਹੋ ਗਈ ਕਿ ਇਹ ਮੇਰੇ ਸਰੀਰ ਦਾ ਕੱਟਿਆ ਜਾਣਾ ਮੇਰੇ ਗੁਨਾਹਾਂ ਦੇ ਕੱਟੇ ਜਾਣ ਦੇ ਬਰਾਬਰ ਹੈ। ਮੇਰੇ ਸਾਰੇ ਗੁਨਾਹ ਕੱਟੇ ਗਏ। ਹੁਣ ਮੈਂ ਬਹਿਸ਼ਤ ਨੂੰ ਜਾ ਰਿਹਾ ਹਾਂ। ਸੋ ਇਸ ਤਰ੍ਹਾਂ ਦੇ ਨਾਲ ਇਹ ਕੋਈ ਕਹਿ ਨਹੀਂ ਸਕਦਾ ਕਿ ਰੂਹ ਕਿਥੇ ਚਲੀ ਜਾਂਦੀ ਹੈ ਪਰ ਫੇਰ ਵੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਐਸੇ ਵਾਕ ਆਉਂਦੇ ਹਨ, ਜਿਨ੍ਹਾਂ ਤੋਂ ਅਸੀਂ ਕੁਝ ਅਨੁਮਾਨ ਲਾ ਸਕਦੇ ਹਾਂ।

*ਜਿਸ ਕੈ ਅੰਤਰਿ ਰਾਜ ਅਭਿਮਾਨੁ ॥*
*ਸੋ ਨਰਕਪਾਤੀ ਹੋਵਤ ਸੁਆਨੁ ॥*
*ਜੋ ਜਾਨੈ ਮੈ ਜੋਬਨਵੰਤੁ ॥*
*ਸੋ ਹੋਵਤ ਬਿਸਟਾ ਕਾ ਜੰਤੁ ॥*
*ਆਪਸ ਕਉ ਕਰਮਵੰਤ ਕਹਾਵੈ ॥*
*ਜਨਮਿ ਮਰੈ ਬਹੁ ਜੋਨਿ ਭ੍ਰਮਾਵੈ ॥*
*ਧਨ ਭੂਮਿ ਕਾ ਜੋ ਕਰੈ ਗੁਮਾਨੁ ॥*
*ਸੋ ਮੂਰਖੁ ਅੰਧਾ ਅਗਿਆਨੁ ॥*
*ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ॥*
*ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥ ਪੰਨਾ - 278*

ਰਾਜ ਦਾ ਅਭਿਮਾਨ ਕਰਨ ਵਾਲਾ ਨਰਕਾਂ ਵਿਚ ਵਾਸਾ ਲਵੇਗਾ ਅਤੇ ਮੁੜ ਕੇ ਜਦੋਂ ਉਸ ਨੂੰ ਭੂਮੀ ਤੇ ਸਰੀਰ ਮਿਲੇਗਾ ਤਾਂ ਕੁੱਤੇ ਦਾ ਮਿਲੇਗਾ। ਇਸੇ ਤਰ੍ਹਾਂ ਸੰਤਾਂ ਦੀ ਨਿੰਦਿਆ ਕਰਨ ਵਾਲੇ ਕੁਤਿਆਂ ਦੇ ਸਿਰ ਵਿਚ ਜੋ ਕੀੜੇ ਪੈਂਦੇ ਹਨ, ਉਹ ਕੀੜੇ ਬਣ ਕੇ ਦੁਖ ਪਾਉਂਦੇ ਹਨ। ਤੀਸਰੇ ਉਹ ਜੋ ਭਜਨ ਬੰਦਗੀ ਪੁੰਨ ਦਾਨ ਕਰਦੇ ਹਨ ਅਤੇ ਉਨ੍ਹਾਂ ਦਾ ਬਦਲਾ ਚਾਹੁੰਦੇ ਹਨ ਉਹ ਸਵਰਗ ਲੋਕਾਂ ਵਿਚ ਚਲੇ ਜਾਂਦੇ ਹਨ ਅਤੇ ਕੁਛ ਸਮੇਂ ਬਾਅਦ ਸੁੱਖ ਭੋਗ ਕੇ ਜਦੋਂ ਧਰਤੀ ਤੇ ਆ ਕੇ ਉਨ੍ਹਾਂ ਨੂੰ ਮਨੁੱਖਾਂ ਦਾ ਜਾਂ ਹੋਰ ਜੋ ਸਰੀਰ ਮਿਲਣਾ ਹੁੰਦਾ ਹੈ ਉਸ ਸਰੀਰ ਵਿਚ ਆ ਜਾਂਦੇ ਹਨ। ਇਸ ਤਰ੍ਹਾਂ ਦੇ ਹੋਰ ਬਹੁਤ ਸਾਰੇ ਬਚਨ ਕੀਤੇ ਜਿਸ ਨਾਲ ਉਸ ਪਰਿਵਾਰ ਨੂੰ ਸ਼ਾਂਤੀ ਆਈ। ਉਸ ਤੋਂ ਵਿਦਾ ਹੋ ਕੇ ਅਸੀਂ ਅੱਗੇ ਚਲੇ, ਭਾਈ ਗੁਰਦੀਪ ਸਿੰਘ ਰੰਧਾਵਾ ਜੀ ਦੇ ਘਰ ਪਹੁੰਚੇ, ਉਥੋਂ ਮਨਜੀਤ ਗਿੱਲ

AGH hillandale dr.

GLOOMINGDALE, ILL-60108, USA

ਦੇ ਘਰ ਗਏ। ਉਸ ਨੇ ਸਾਰੇ ਪ੍ਰੇਮੀਆਂ ਲਈ ਜਲ ਪਾਣੀ ਦਾ ਇੰਤਜ਼ਾਮ ਕੀਤਾ ਹੋਇਆ ਸੀ। ਪਹਿਲਾਂ ਸਾਰਿਆਂ ਨੂੰ ਫਲ ਛਕਾਏ ਫੇਰ ਕੌਫੀ ਵਗੈਰਾ ਨਾਲ ਸੇਵਾ ਕੀਤੀ। ਇਹ ਮੇਰਾ ਵੱਡਾ ਲੜਕਾ ਹੈ, ਇਸ ਨੇ ਲੁਧਿਆਣਾ ਐਗਰੀਕਲਚਰ ਕਾਲਜ ਵਿਚੋਂ ਡਿਗਰੀ ਪ੍ਰਾਪਤ ਕਰਕੇ ਗੋਲਡ ਮੈਡਲ ਲਿਆ ਸੀ। ਫਿਰ ਇਸ ਨੇ ਬਾਕੀ ਦੀ ਪੜ੍ਹਾਈ, ਇੰਗਲੈਂਡ ਆਪਣੀ ਵੱਡੀ ਭੈਣ ਪਾਸ ਜਾ ਕੇ ਕੀਤੀ ਅਤੇ ਐਮ.ਏ. ਦੀ ਡਿਗਰੀ ਲੈ ਕੇ. ਯੂ.ਐਸ.ਏ ਵਿਚ ਪਹੁੰਚ ਗਿਆ ਸੀ। ਹੁਣ ਇਸ ਦਾ ਕੰਮ ਬਹੁਤ ਸੋਹਣਾ ਹੈ, ਬਹੁਤ ਵੱਡੀ ਕੰਪਨੀ ਵਿਚ ਇੰਜਨੀਅਰ ਦੀਆਂ ਡਿਊਟੀਆਂ ਨਿਭਾ ਰਿਹਾ ਹੈ। ਇਸ ਦੀ ਲੜਕੀ ਲੁਧਿਆਣਾ ਮੈਡੀਕਲ ਕਾਲਜ ਵਿਚ ਡਾਕਟਰੀ ਦਾ ਕੋਰਸ ਕਰ ਰਹੀ ਹੈ ਅਤੇ ਲੜਕਾ ਇਥੇ ਹੀ ਪੜ੍ਹ ਰਿਹਾ ਹੈ। ਲੜਕਾ ਬਹੁਤ ਸਾਊ, ਸਰੀਫ ਹੈ। ਮੈਨੂੰ ਲੈ ਕੇ ਉਪਰਲੇ ਕਮਰੇ ਵਿਚ ਚਲਿਆ ਗਿਆ। ਉਥੇ ਲਿਜਾ ਕੇ ਪਿਆਨੋ ਵਜਾਉਣਾ ਸ਼ੁਰੂ ਕਰ ਦਿਤਾ। ਉਮਰ ਵਿਚ ਅਜੇ ਛੋਟਾ ਹੀ ਹੈ, ਪਰ ਬਹੁਤ ਸੋਹਣੀਆਂ ਧੁਨਾਂ ਕੱਢ ਰਿਹਾ ਸੀ। ਮਨਜੀਤ ਨੂੰ ਮੈਂ ਕਿਹਾ ਕਿ ਇਸ ਬੱਚੇ ਨੂੰ ਪੜ੍ਹਾ ਲਿਖਾ ਲੈ ਪਰ ਇਸ ਦੇ ਖਿਆਲ ਮੇਰੇ ਵਰਗੇ ਹੀ ਹਨ, ਇਸ ਨੇ ਇਸ ਸੰਸਾਰ ਵਿਚ ਜ਼ਰੂਰ ਕੋਈ ਸੋਹਣਾ ਕੰਮ ਕਰਨਾ ਹੈ। ਅੱਧਾ ਘੰਟਾ ਉਸ ਥਾਂ ਠਹਿਰ ਕੇ ਸ੍ਰੀ ਰਸ਼ਪਾਲ ਮਲਹੋਤਰਾ ਜੋ ਇਸ ਦੇ ਪਹਿਲਾਂ ਤੋਂ ਹੀ ਵਾਕਫ ਸਨ, ਹਾਸੇ ਮਖੌਲ ਦੀਆਂ ਗੱਲਾਂ ਕਰਦੇ ਉਠੇ ਅਤੇ ਸਰਦਾਰ ਰਤਨ ਸਿੰਘ ਜੀ, ਬੀਬੀ ਜੋਗਿੰਦਰ ਕੌਰ ਦੇ ਘਰ ਚਰਨ ਪਾਉਣ ਅਸੀਂ ਚਲੇ ਗਏ। ਸਰਦਾਰ ਰਤਨ ਸਿੰਘ ਜੀ ਅਤੇ ਬੀਬੀ ਜੋਗਿੰਦਰ ਕੌਰ ਜੀ ਵਿਦੇਸ਼ ਵਿਚ ਰਹਿੰਦੇ ਹੋਏ ਵੀ ਧਾਰਮਕ ਅਸੂਲਾਂ ਨੂੰ ਨਿਭਾ ਰਹੇ ਹਨ। ਇਨ੍ਹਾਂ ਦਾ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਪਿਆਰ ਹੈ, ਉਹ ਵੀ ਇਥੇ ਇਨ੍ਹਾਂ ਪਾਸ ਆ ਕੇ ਠਹਿਰ ਜਾਂਦੇ ਹਨ। ਮੇਰੇ ਨਾਲ ਵੀ ਇਹ ਪਿਆਰ ਪਹਿਲਾਂ ਤੋਂ ਹੀ ਕਰਦੇ ਸਨ। ਮੈਨੂੰ ਬੜੀ ਖੁਸ਼ੀ ਹੋਈ ਇਨ੍ਹਾਂ ਦੀ ਸ਼ਰਧਾ ਭਾਵਨਾ ਦੇਖ ਕੇ। ਉਸ ਪਿਛੋਂ ਅਸੀਂ ਅੱਗੇ ਚੱਲੇ ਤਾਂ ਰੂਪੀ ਸਿੱਧੂ ਜੋ ਮੇਰੀ ਛੋਟੀ ਲੜਕੀ ਹੈ ਉਸ ਦੇ ਘਰ –

Roopy sidhu

1906 slayton ln

42 en dale heights

ILL - 60139 USA

ਵਿਚ ਪਹੁੰਚੇ, ਉਸ ਦਾ ਪਤੀ ਸੁਖਜੀਤਸਿੱਧੂ ਇਲੈਕਟਰੋਨਿਕ ਦਾ ਆਪਣਾ ਹੀ Repair store ਚਲਾ ਰਿਹਾ ਹੈ। ਇਥੇ ਸਾਰੇ ਪ੍ਰੇਮੀਆਂ ਨੇ ਪ੍ਰਸ਼ਾਦੇ ਛਕੇ ਅਤੇ ਦੋ ਘੰਟੇ ਅਰਾਮ ਕੀਤਾ। ਰੂਪੀ ਦਾ ਲੜਕਾ ਅਰਜਨ ਸਿੱਧੂ ਬਹੁਤ ਹੀ ਹੋਣਹਾਰ ਲੜਕਾ ਹੈ। ਵੈਸੇ ਤਾਂ ਸਾਰੇ ਬੱਚੇ ਹੀ ਇਸ ਦੇ ਸਰੀਫ ਹਨ ਬਹੁਤ ਹੀ ਪਿਆਰ ਵਾਲੇ, ਨਿੱਘੇ ਸੁਭਾਅ ਵਾਲੇ ਹਨ ਪਰ ਇਸ ਬੱਚੇ ਨੂੰ ਮੈਂ ਵਿਸ਼ੇਸ਼ ਕਰਕੇ ਦੇਖਿਆ, ਛੋਟੀ ਉਮਰ ਦਾ ਹੈ ਪਰ ਸੇਵਾ ਭਾਵ ਇਸ ਵਿਚ ਬਹੁਤ ਹੈ। ਸੰਗਤ ਨੇ ਪ੍ਰਸ਼ਾਦੇ ਛਕੇ ਇਹ ਉਨ੍ਹਾਂ ਦੀਆਂ ਪਲੇਟਾਂ ਚੁੱਕ ਚੁੱਕ ਕੇ garbage bag ਵਿਚ ਆਪ ਸੁੱਟ ਰਿਹਾ ਸੀ। ਕਦੇ ਟਿਸ਼ੂ ਵੰਡ ਰਿਹਾ ਸੀ। ਰਾਤ ਦਾ ਪ੍ਰੋਗਰਾਮ ਮੇਰਾ ਦੀਵਾਨ ਗੁਰਦੁਆਰੇ ਵਿਚ ਹੋਇਆ। ਉਥੇ ਵੀ ਮੈਂ ਦੇਖਿਆ ਕਿ ਇਹ ਦੇਗ ਵੰਡਣ ਤੋਂ ਪਹਿਲਾਂ ਸਾਰੀ ਸੰਗਤ ਨੂੰ ਟਿਸ਼ੂ ਦੇ ਰਿਹਾ ਸੀ। ਕਿਸੇ ਕਿਸਮ ਦਾ ਝਾਕਾ ਇਸ ਦੇ ਅੰਦਰ ਨਹੀਂ ਸੀ। ਇਹ ਬੜੀ ਜ਼ਿੰਮੇਵਾਰੀ ਨਾਲ ਕੰਮ ਕਰ ਰਿਹਾ ਸੀ। ਫੇਰ ਮੈਂ ਲੈਕਚਰ ਕਰਦਾ ਰਿਹਾ, ਇਹ ਸੰਗਤ ਵਿਚ ਬੈਠਾ ਰਿਹਾ ਜਦੋਂ ਮੇਰਾ ਲੈਕਚਰ ਖਤਮ ਹੋਇਆ, ਮੇਰੇ ਬਰਾਬਰ ਆ ਕੇ ਬੈਠ ਗਿਆ। ਮੈਨੂੰ ਇਸ ਬੱਚੇ ਨੂੰ ਦੇਖ ਕੇ ਬੜੀ ਖੁਸ਼ੀ ਹੋਈ। ਮਿਲਵਾਕੀ ਦੇ ਗੁਰਦੁਆਰੇ ਵਿਚ ਵੀ ਮੈਂ ਇਸ ਨੂੰ ਦੇਖਿਆ ਕਿ ਇਸ ਵਿਚ ਸਵੈ ਸੰਜਮ ਅਤੇ ਸੇਵਾ ਭਾਵ ਹੈ, ਬੱਚਿਆਂ ਵਾਂਗੂੰ ਤਾਂ ਇਹ ਲਗਦਾ ਹੀ ਨਹੀਂ, ਸਿਆਣਿਆ ਵਾਂਗੂੰ ਕੰਮ ਕਰਦਾ ਹੈ।

ਸੋ ਸ਼ਿਕਾਂਗੋ ਦੀ ਲਿਸਟ ਬੜੀ ਲੰਮੀ ਸੀ। ਅਸੀਂ ਬੀਬੀ ਰਸ਼ਪਾਲ ਕੌਰ ਦੇ ਘਰ ਗਏ। ਉਸ ਦੇ ਭਰਾ ਸਰਦਾਰ ਹਰਿੰਦਰ ਸਿੰਘ ਹੰਸਪਾਲ ਪਾਰਲੀਮੈਂਟ ਦੇ ਮੈਂਬਰ ਹਨ। ਉਹ ਬੀਬੀ ਬੜੀ ਸੇਵਾ ਭਾਵ ਵਾਲੀ ਹੈ। ਪਹਿਲਾਂ ਵੀ ਮੈਂ ਉਸ ਦੇ ਘਰ ਰੂਹਾਨੀ ਬਚਨ ਕਰ ਆਇਆ ਸੀ।

ਫੇਰ ਅਸੀਂ ਭਾਨ ਸਿੰਘ ਭੱਠਲ ਦੇ ਘਰ ਚਰਨ ਪਾਏ ਅਤੇ ਥੋੜ੍ਹਾ ਆਰਾਮ ਕੀਤਾ, ਉਸ ਉਪਰੰਤ ਗੁਰੂਦੁਆਰਾ ਦੀਵਾਨ ਵਿਚ ਦੋ ਘੰਟੇ ਲਈ ਬਚਨ ਕੀਤੇ, ਸੰਗਤ ਬਹੁਤ ਆਈ ਹੋਈ ਸੀ। ਬਹੁਤ ਹੀ ਧਿਆਨ ਨਾਲ ਇਕਾਗਰ ਚਿੱਤ ਹੋ ਕੇ ਉਨ੍ਹਾਂ ਨੇ ਬਚਨ ਸੁਣੇ ਉਸ ਪਿਛੋਂ ਅਸੀਂ ਮਿਸਿਜ਼ ਭੱਠਲ ਦੇ ਘਰ ਪਹੁੰਚ ਗਏ ਅਤੇ ਸਾਰਿਆਂ ਨੇ ਰਾਤ ਦਾ ਭੋਜਨ ਉਥੇ ਛਕਿਆ। ਦੂਸਰੇ ਦਿਨ ਸਾਡੀ ਦਸ ਵਜੇ Detroit ਲਈ ਫਲਾਈਟ ਬੁੱਕ ਸੀ, ਸ਼ਿਕਾਗੋ ਤੋਂ ਚਲ ਕੇ ਅਸੀਂ

24-3-98 ਨੂੰ Detroit ਪਹੁੰਚ ਗਏ। ਉਥੇ ਬੀਬੀ ਹਰਿੰਦਰ ਕੌਰ ਸਾਨੂੰ receive ਕਰਨ ਲਈ ਹੋਰ ਸਤਿਸੰਗੀਆਂ ਸਮੇਤ ਆਈ ਹੋਈ ਸੀ। ਅਸੀਂ ਉਸ ਦੀ ਵੱਡੀ ਗੱਡੀ ਵਿਚ ਬੈਠ ਗਏ। ਉਸ ਦੀ ਰਿਸ਼ਤੇਦਾਰੀ ਧਮੋਟ ਵਿਚ ਹੋਣ ਕਰਕੇ ਉਨ੍ਹਾਂ ਨੂੰ ਧਮੋਟ ਵਾਲੇ ਸਤਿਸੰਗਾਂ ਵਿਚ ਆਮ ਹੀ ਦੇਖੀਦਾ ਹੈ। ਬੀਬੀ ਨਾਲ ਗੱਲਬਾਤ ਕਰਕੇ ਸਾਰੇ ਹੱਸ ਰਹੇ ਸਨ ਕਿ ਐਡੀ ਵੱਡੀ ਗੱਡੀ ਤੂੰ ਚਲਾ ਰਹੀਂ ਹੈਂ, ਸੰਭਾਲ ਕੇ ਚਲਾਈਂ। ਇਸ ਤਰ੍ਹਾਂ ਉਸ ਦੇ ਘਰ ਪਹੁੰਚ ਕੇ ਸਭ ਨੇ ਪ੍ਰਸ਼ਾਦ ਛਕਿਆ। ਮੈਂ ਉਥੇ ਆਈ ਸਾਰੀ ਸੰਗਤ ਨਾਲ ਬਚਨ ਕੀਤੇ। ਉਸ ਪਿਛੋਂ ਆਰਾਮ ਕੀਤਾ। ਰਾਤ ਨੂੰ ਗੁਰਦੁਆਰਾ ਸਾਹਿਬ ਜਾ ਕੇ ਦੋ ਘੰਟੇ ਦਾ ਲੈਕਚਰ ਦਿਤਾ। ਇਹ ਗੁਰਦੁਆਰਾ ਸਾਹਿਬ ਵੀ ਨਵਾਂ ਹੀ ਸਥਾਪਤ ਹੋਇਆ ਸੀ। ਸ਼ਹਿਰ ਵਿਚ ਹੋਰ ਗੁਰਦੁਆਰੇ ਵੀ ਸਨ। ਸੰਗਤਾਂ ਨੂੰ ਮੈਂ ਹਰਿੰਦਰ ਕੌਰ ਦੇ ਘਰ ਦੋ ਵਜੇ ਰਾਤ ਤਕ ਮਿਲਦਾ ਰਿਹਾ। ਇਥੇ ਹੀ ਮੈਨੂੰ ਦੋ ਬੀਬੀਆਂ ਦੇ ਟੈਲੀਫੋਨ ਆਏ, ਉਨ੍ਹਾਂ ਨੇ ਕਿਹਾ ਕਿ ਅਸੀਂ ਟਰਾਂਟੋ ਤੋਂ ਚੱਲੀਆਂ ਹੋਈਆਂ ਹਾਂ ਦੋਵੇਂ ਅੱਡੋ ਅੱਡ ਕਾਰਾਂ ਵਿਚ ਵਖਰੇ ਵੱਖਰੇ ਸਮੇਂ ਚਲੀਆਂ ਸਨ ਅਤੇ ਉਨ੍ਹਾਂ ਨੇ ਕਿਹਾ ਕਿ ਅਸੀਂ Detroit ਪਹੁੰਚ ਗਈਆਂ, ਪਰ ਘਰ ਨਹੀਂ ਲੱਭ ਰਿਹਾ। ਉਸ ਵੇਲੇ ਉਨ੍ਹਾਂ ਨੂੰ ਰਸਤੇ ਦੀਆਂ ਹਦਾਇਤਾਂ ਦਿਤੀਆਂ ਅਤੇ ਦੋਵੇਂ ਹੀ ਪਹੁੰਚ ਗਈਆਂ। ਉਨ੍ਹਾਂ ਨੂੰ ਮਿਲਣ ਵਾਸਤੇ ਮੈਂ ਅਜ ਆਰਾਮ ਨਹੀਂ ਸੀ ਕੀਤਾ। ਰਾਤ ਦੇ ਇਕ ਵਜੇ ਉਨ੍ਹਾਂ ਨਾਲ ਬਚਨ ਕੀਤੇ। ਉਨ੍ਹਾਂ ਵਿਚ ਇਕ ਬੀਬੀ ਕਮਲ ਸੀ ਜੋ ਦਿੱਲੀ ਏਅਰਪੋਰਟ ਤੇ ਅਸਾਨੂੰ ਜਹਾਜ਼ ਵਿਚ ਬਿਠਾਇਆ ਕਰਦੀ ਸੀ ਅਤੇ ਜਦੋਂ ਅਸੀਂ ਵਾਪਸ ਆਇਆ ਕਰਦੇ ਸਾਂ ਤਾਂ ਸਾਨੂੰ ਜਹਾਜ਼ ਵਿਚ ਹੀ ਲੈਣ ਆ ਜਾਇਆ ਕਰਦੀ ਹੈ। ਉਹ ਇੰਗਲੈਂਡ ਵਿਆਹੀ ਗਈ ਸੀ ਉਥੋਂ ਉਹ ਕੈਨੇਡਾ ਪਹੁੰਚ ਕੇ ਟਰਾਂਟੋ ਵਿਚ ਰਹਿ ਰਹੇ ਸਨ।

25-3-98 ਨੂੰ ਅਸੀਂ ਸਵੇਰੇ ਹੀ ਮਿਲਵਾਕੀ ਲਈ ਫਲਾਈਟ ਲਈ। ਉਥੇ ਅਸਾਨੂੰ ਲੈਣ ਲਈ ਸਰਦਾਰ ਦਰਸ਼ਨ ਸਿੰਘ ਧਾਲੀਵਾਲ ਅਤੇ ਉਸ ਦੇ ਸਾਥੀ ਪੁਜੇ ਹੋਏ ਸਨ, ਏਅਰਪੋਰਟ ਤੋਂ ਅਸੀਂ ਸਿੱਧੇ ਹੀ ਉਨ੍ਹਾਂ ਦੇ ਘਰ ਗਏ, ਉਥੇ ਉਨ੍ਹਾਂ ਨੇ ਬਹੁਤ ਸਾਰੇ ਪ੍ਰੇਮੀ ਬੁਲਾਏ ਹੋਏ ਸਨ, ਜਿਨ੍ਹਾਂ ਦੀ ਗੱਲਬਾਤ ਤੋਂ ਸਾਨੂੰ ਪਤਾ ਲੱਗਿਆ ਸੀ ਕਿ ਉਹ ਬਹੁਤ ਸਿਆਣੇ ਪੁਰਸ਼ ਹਨ। ਸਰਦਾਰ ਦਰਸ਼ਨ ਸਿੰਘ ਨੂੰ 1997 ਵਿਚ ਅਕਤੂਬਰ ਦੇ ਮਹੀਨੇ ਰਤਵਾੜਾ ਸਾਹਿਬ ਵਿਚ ਹੋਏ ਸਮਾਗਮ ਵਿਚ ਸਨਮਾਨਤ ਕੀਤਾ ਸੀ ਕਿਉਂਕਿ ਸਰਦਾਰ ਦਰਸ਼ਨ ਸਿੰਘ

ਧਾਲੀਵਾਲ ਬਹੁਤ ਹੀ ਸੂਝ ਵਾਲਾ ਪੰਜਾਬੀ ਬੱਚਾ ਹੈ। ਇਸ ਨੇ ਅਮਰੀਕਾ ਵਿਚ ਜਾ ਕੇ ਆਪਣੀ ਮਿਹਨਤ ਨਾਲ ਆਪਣਾ ਨਾਮ ਕਮਾਇਆ ਅਤੇ ਅਮਰੀਕਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਆਪਣੇ ਦੇਸ਼ ਦੀ ਆਨ ਸ਼ਾਨ ਨੂੰ ਵਧਾ ਰਿਹਾ ਹੈ। ਰਾਤ ਨੂੰ ਗੁਰਦੁਆਰਾ ਮਿਲਵਾਕੀ ਵਿਚ ਦੀਵਾਨ ਲੱਗਿਆ, ਉਥੇ ਮਿਲਵਾਕੀ ਵਾਲਿਆਂ ਦੀ ਸੰਗਤ ਤਾਂ ਬਹੁਤ ਥੋੜ੍ਹੀ ਸੀ, ਹੋ ਸਕਦਾ ਹੈ ਉਨ੍ਹਾਂ ਦੀ ਅਬਾਦੀ ਘੱਟ ਹੀ ਹੋਵੇ, ਪਰ ਸ਼ਿਕਾਗੋ ਤੋਂ ਕਾਫੀ ਸੰਗਤ ਉਥੇ ਪਹੁੰਚੀ ਹੋਈ ਸੀ। ਇਥੇ ਹੀ ਮੈਂ ਇਕ ਹੋਰ ਗੱਲ ਦਸਣੀ ਚਾਹੁੰਦਾ ਹਾਂ ਕਿ ਸ਼ਿਕਾਗੋ ਵਿਚ ਭਾਈ ਸਾਹਿਬ ਮਹਿੰਦਰ ਸਿੰਘ ਜੀ ਬਹੁਤ ਹੀ ਸੂਝ ਵਾਲੇ ਵਿਦਵਾਨ ਪੁਰਸ਼ ਪੈਰਾਟੀਨ ਦੇ ਗੁਰਦੁਆਰਾ ਸਾਹਿਬ ਵਿਚ ਪਿਛਲੇ 15-16 ਸਾਲ ਤੋਂ ਸੇਵਾ ਕਰ ਰਹੇ ਹਨ। ਉਨ੍ਹਾਂ ਦੀ ਸ਼ਿਕਾਗੋ ਵਿਚ ਬਹੁਤ ਮਾਨਤਾ ਹੈ ਆਮ ਤੌਰ ਉਪਰ ਦੇਖਿਆ ਗਿਆ ਕਿ ਉਹ ਉਨ੍ਹਾਂ ਪ੍ਰਚਾਰਕਾਂ ਨੂੰ ਸੇਧ ਦੇ ਦਿੰਦੇ ਹਨ ਜਿਹੜੇ ਗੁਰਮਤਿ ਸਿਧਾਂਤਾਂ ਤੋਂ ਵਿਪਰੀਤ ਬਚਨ ਕਰਦੇ ਹੋਣ। ਇਨ੍ਹਾਂ ਨੂੰ ਸ਼ਿਕਾਗੋ ਦੇ ਪ੍ਰੇਮੀ ਬਹੁਤ ਪਿਆਰ ਕਰਦੇ ਹਨ। ਰਹਿਣਾ ਸਹਿਣਾ ਇਨ੍ਹਾਂ ਦਾ ਬਹੁਤ ਸਾਦਾ ਹੈ। ਗੁਰਮੁਖਾ ਵਰਗਾ ਜੀਵਨ ਹੈ ਅਤੇ ਇਨ੍ਹਾਂ ਨੇ ਸ਼ਿਕਾਗੋ ਵੀ ਸਤਿਸੰਗ ਸੁਣਿਆ ਅਤੇ 90 ਮੀਲ ਦੂਰ ਮਿਲਵਾਕੀ ਵੀ ਇਹ ਸੰਗਤ ਵਿਚ ਸਸ਼ੋਭਤ ਸਨ। ਮੈਂ ਇਨ੍ਹਾਂ ਨੂੰ 12-13 ਸਾਲ ਤੋਂ ਜਾਣਦਾ ਸੀ ਪਰ ਹੁਣ ਸਮਾਂ ਲੰਘਣ ਕਰਕੇ ਸਰੀਰ ਵਿਚ ਬੁਢਾਪੇ ਦੀਆਂ ਨਿਸ਼ਾਨੀਆਂ ਆ ਚੁਕੀਆਂ ਸਨ, ਪਰ ਮੈਨੂੰ ਪਛਾਨਣ ਵਿਚ ਦੇਰ ਨਾ ਲੱਗੀ, ਕਿਉਂਕਿ ਇਹ ਪੂਰੇ ਇਕਾਗਰ ਚਿੱਤ ਹੋ ਕੇ ਸਤਿਸੰਗ ਸੁਣ ਰਹੇ ਸਨ। ਇਕ-ਇਕ ਅੱਖਰ ਪੂਰੇ ਧਿਆਨ ਦੇ ਕੇ ਸੁਣ ਰਹੇ ਸਨ। ਸਤਿਸੰਗ ਉਪਰੰਤ ਇਨ੍ਹਾਂ ਨੇ ਉਠ ਕੇ ਮੈਨੂੰ ਜੱਫੀ ਪਾਈ ਅਤੇ ਕੁਝ ਪ੍ਰਸੰਸਕ ਸ਼ਬਦ ਆਪਣੀ ਭਾਵਨਾ ਦੇ ਇਨ੍ਹਾਂ ਨੇ ਪ੍ਰਗਟ ਕੀਤੇ। ਪਿਛੋਂ ਮੈਨੂੰ ਦਸਿਆ ਕਿ ਇਹ ਆਮ ਪ੍ਰਚਾਰਕਾਂ, ਸੰਤਾਂ ਤੇ ਟੀਕਾ ਟਿਪਣੀ ਕਰ ਦਿੰਦੇ ਹਨ ਪਰ ਤੁਹਾਡੇ ਬਚਨ ਤਾਂ ਬਹੁਤ ਹੀ ਪ੍ਰੇਮ ਨਾਲ ਸੁਣਦੇ ਰਹੇ। ਸਰਦਾਰ ਦਰਸ਼ਨ ਸਿੰਘ ਧਾਲੀਵਾਲ ਇਨ੍ਹਾਂ ਇਲਾਕਿਆਂ ਵਿਚ ਮੰਨੇ ਪ੍ਰਮੰਨੇ ਬਿਜਨਸਮੈਨ ਹਨ ਆਮ ਤੌਰ ਤੇ ਇਨ੍ਹਾਂ ਦੇ 400 ਤੋਂ ਵੱਧ ਪੈਟਰੋਲ ਪੰਪ ਲੱਗੇ ਹੋਏ ਹਨ ਅਤੇ ਕਈ Refinaries (ਤੇਲ ਸਾਫ ਕਰਨ ਦੇ ਕਾਰਖਾਨੇ) ਲਾਏ ਹੋਏ, ਮਾਇਆ ਦੀ ਕੋਈ ਘਾਟ ਨਹੀਂ ਹੈ। ਵਾਹਿਗੁਰੂ ਜੀ ਨੇ ਸੁਭਾਅ ਇਨ੍ਹਾਂ ਨੂੰ ਬਹੁਤ ਮਿੱਠਾ ਦਿਤਾ ਹੋਇਆ ਹੈ, ਆਪਣੀ ਮਾਤਾ ਪਿਤਾ ਭੈਣਾਂ ਨੂੰ ਉਚਾ ਚੁਕਣ ਦੀ ਇਨ੍ਹਾਂ ਵਿਚ ਬਹੁਤ ਹੀ ਲਾਲਸਾ ਹੈ। ਪਿਤਾ ਦਾ ਬਹੁਤ ਹੀ ਆਦਰ ਕਰਿਆ ਕਰਦੇ

ਸਨ। ਜਦੋਂ ਇਹ ਆਪਣੇ ਪਿੰਡ ਪਟਿਆਲੇ ਨੇੜੇ ਰਖੜੇ ਆਉਂਦੇ ਹਨ, ਉਥੇ ਸਮਾਗਮ ਕਰਾਉਂਦੇ ਹਨ, ਤਾਂ ਮੈਨੂੰ ਵੀ ਬੁਲਾਇਆ ਕਰਦੇ ਹਨ। ਉਥੇ ਹੀ ਮੈਨੂੰ ਸਰਦਾਰ ਗੁਰਚਰਨ ਸਿੰਘ ਟੋਹੜਾ ਜੀ ਦੇ ਦਰਸ਼ਨ ਹੋਇਆ ਕਰਦੇ ਹਨ। ਇਨ੍ਹਾਂ ਨੇ ਆਪਣੇ ਘਰ ਤੋਂ ਦੂਰ ਇਕ ਛੋਟੇ ਜਿਹੇ ਜੰਗਲ ਵਿਚ Guest House ਬਣਾਇਆ ਹੋਇਆ ਹੈ ਜਿਸ ਵਿਚ ਬਹੁਤ ਸਾਰੇ ਪ੍ਰੇਮੀ ਠਹਿਰ ਸਕਦੇ ਹਨ। ਉਥੇ ਹੀ ਅਸੀਂ ਰਾਤ ਨੂੰ ਨਿਵਾਸ ਕੀਤਾ, ਸਵੇਰੇ ਅਸੀਂ ਮਿਲਵਾਕੀ ਤੋਂ ਫਲਾਈਟ ਫੜਨੀ ਸੀ, ਇਹਨਾਂ ਨੇ ਸੀਟਾਂ ਰੀਜ਼ਰਵ ਕਰਾਈਆਂ ਹੋਈਆਂ ਸਨ, ਗੱਲਾਬਾਤਾਂ ਵਿਚ ਹੀ ਸਾਡੇ ਜਹਾਜ਼ ਦੇ ਚਲਣ ਦਾ ਸਮਾਂ ਲੰਘਾ ਦਿਤਾ, ਅਸੀਂ ਕਿਹਾ ਅਸੀਂ ਤਾਂ ਜ਼ਰੂਰ ਜਾਣਾ ਹੈ। ਕਿਉਂਕਿ ਰਾਤ ਦਾ ਦੀਵਾਨ ਸਾਡਾ ਗੁਰਦੁਆਰਾ Freemount ਹੈ। ਸ਼ਿਕਾਗੋ ਤੋਂ ਸੀਟਾਂ ਬੁੱਕ ਕਰਾ ਲਈਆਂ ਪਰ ਜਦੋਂ ਅਸੀਂ ਏਅਰਪੋਰਟ ਤੇ ਪਹੁੰਚੇ ਤਾਂ ਜਹਾਜ਼ ਉਡਾਰੀ ਮਾਰਨ ਲਈ ਤਿਆਰ ਸੀ। ਅਸੀਂ ਇਨ੍ਹਾਂ ਦੀ ਬਹੁਤ ਵੱਡੀ ਕਾਰ ਵਿਚ ਸ਼ਿਕਾਗੋ ਪਹੁੰਚੇ ਸੀ। ਜਿਸ ਨੇ 90 ਮੀਲ ਦਾ ਸਫਰ ਤਾਂ ਹਵਾਈ ਜਹਾਜ਼ ਵਾਂਗੂੰ ਹੀ ਨਬੇੜਿਆ ਪਰ ਜਹਾਜ਼ ਵਾਲਿਆਂ ਨੇ ਕਿਹਾ ਬੰਦੇ ਤਾਂ ਜਾ ਸਕਦੇ ਹਨ ਪਰ ਹੁਣ ਸਮਾਨ ਭੇਜਣ ਦਾ ਸਮਾਂ ਨਹੀਂ ਹੈ। ਅਸੀਂ ਰੁਕ ਗਏ। ਅਗਲੀ ਫਲਾਈਟ ਦੀਆਂ ਸੀਟਾਂ ਲਈਆਂ ਜਿਸ ਨੇ ਸਿੱਧਾ ਸਨਹੋਜ਼ੇ ਪਹੁੰਚਣਾ ਸੀ।

26-3-98 ਸਰਦਾਰ ਦਰਸ਼ਨ ਸਿੰਘ ਧਾਲੀਵਾਲ ਨੇ ਸਾਨੂੰ ਜਹਾਜ਼ ਚੜ੍ਹਾਇਆ। ਮੇਰੇ ਨਾਲ ਮਲਹੋਤਰਾ ਸਾਹਿਬ, ਸ. ਮਹਿੰਦਰ ਸਿੰਘ ਗਿੱਲ ਅਤੇ ਭਾਈ ਗੁਰਦੀਪ ਸਿੰਘ ਸਨ। ਸਾਡਾ ਦੀਵਾਨ ਗੁਰਦੁਆਰਾ ਸਾਹਿਬ ਵਿਚ ਲਗਣਾ ਸੀ। ਅਸੀਂ ਏਅਰਪੋਰਟ ਤੋਂ ਸਿੱਧੇ ਹੀ ਗੁਰਦੁਆਰਾ ਸਾਹਿਬ ਗਏ ਪਰ ਫੇਰ ਵੀ ਇਕ ਘੰਟਾ ਲੇਟ ਪਹੁੰਚੇ। ਬਾਰਸ਼ ਹੋ ਰਹੀ ਸੀ, ਕਿਉਂਕਿ ਜਥਾ ਮੇਰੇ ਤੋਂ ਪਹਿਲਾਂ ਹੀ ਪਹੁੰਚਿਆ ਹੋਇਆ ਸੀ, ਉਹ ਕੀਰਤਨ ਕਰ ਰਿਹਾ ਸੀ। ਮੈਂ ਜਾ ਕੇ ਫੇਰ ਡੇਢ ਘੰਟਾ ਕੀਰਤਨ ਕੀਤਾ, ਉਸ ਪਿਛੋਂ ਜਥਾ ਤਾਂ ਸਨਹੋਜ਼ੇ ਠਹਿਰ ਗਿਆ ਅਸੀਂ ਚਾਰੋਂ ਜਣੇ, ਸਰਦਾਰ ਮਹਿੰਦਰ ਸਿੰਘ ਗਿੱਲ ਨਾਲ ਡੇਢ ਸੌ ਮੀਲ ਦਾ ਸਫਰ ਕਰਕੇ ਰਾਤ ਨੂੰ 12.30 ਤਕ ਟਰਲੋਕ ਪਹੁੰਚੇ।